ਬੁੱਧਵਾਰ, 9 ਅਕਤੂਬਰ, 2024
24 ਅੱਸੂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 129

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 9 OCTOBER, 2024 ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12

# ਜੰਮੂ-ਕਸ਼ਮੀਰ 'ਚ 'ਇੰਡੀਆ' ਦੀ ਕਿੱਕਲੀ

## ਸੂਬਾਪ੍ਰਸਤਾਂ ਦਾ ਸ਼ਾਨਦਾਰ ਪ੍ਰਦਰਸ਼ਨ, ਭਾਜਪਾ ਦੇ ਲੰਗੋਟੀਏ ਖਲਬਲੀ ਮਚਾਉਣ 'ਚ ਨਾਕਾਮ

**ਸ੍ਰੀਨਗਰ** : ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ, ਕਾਂਗਰਸ ਤੇ ਮਾਰਕਸੀ ਪਾਰਟੀ ਦੇ 'ਇੰਡੀਆ' ਗੱਠਜੋੜ ਨੇ 90 ਵਿੱਚੋਂ 49 ਸੀਟਾਂ ਜਿੱਤ ਕੇ ਬਹੁਮਤ ਹਾਸਲ ਕਰ ਲਿਆ। ਲੈਫਟੀਨੈਂਟ ਗਵਰਨਰ ਨੂੰ ਪੰਜ ਵਿਧਾਇਕ ਨਾਮਜ਼ਦ ਕਰਨ ਦਾ ਹੱਕ ਹੈ ਤੇ ਉਸ ਸੂਰਤ 'ਚ ਅਸੰਬਲੀ 95 ਮੈਂਬਰੀ ਬਣਨ 'ਤੇ ਬਹੁਮਤ ਲਈ ਲੋੜੀਂਦੀਆਂ ਸੀਟਾਂ 48 ਤੋਂ ਇੰਡੀਆ ਦੀਆਂ ਸੀਟਾਂ ਵੱਧ ਹੋ ਗਈਆਂ ਹਨ। ਇਸ ਤਰ੍ਹਾਂ ਸੱਤਾ 'ਤੇ ਕਿਸੇ ਨਾ ਕਿਸੇ ਤਰ੍ਹਾਂ ਕਬਜ਼ਾ ਕਰਨ ਦਾ ਭਾਜਪਾ ਦਾ ਮਰਜ਼ੀ ਦੇ ਪੰਜ ਵਿਧਾਇਕ ਨਾਮਜ਼ਦ ਕਰਨ ਵਾਲਾ ਦਾਅ ਵੀ ਕਾਮਯਾਬ ਨਹੀਂ ਹੋਵੇਗਾ।

ਨੈਸ਼ਨਲ ਕਾਨਫਰੰਸ 42 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ, ਜਦਕਿ ਕਾਂਗਰਸ ਨੇ 6 ਸੀਟਾਂ ਜਿੱਤੀਆਂ ਹਨ। ਇਕ ਸੀਟ ਮਾਰਕਸੀ ਪਾਰਟੀ ਦੇ ਮੁਹੰਮਦ ਯੂਨਸ ਤਾਰੀਗਾਮੀ ਨੇ ਕੁਲਗਾਮ ਦੀ ਪੰਜਵੀਂ ਵਾਰ ਜਿੱਤੀ ਹੈ। ਜੇ ਗੱਠਜੋੜ ਨੂੰ ਸਰਕਾਰ ਬਣਾਉਣ ਦਾ ਸੱਦਾ ਨਾ ਵੀ ਮਿਲਦਾ, ਨੈਸ਼ਨਲ ਕਾਨਫਰੰਸ ਨੂੰ ਵੱਡੀ ਪਾਰਟੀ ਹੋਣ ਦੇ ਨਾਤੇ ਸਰਕਾਰ ਬਣਾਉਣ ਦਾ ਸੱਦਾ ਦੇਣਾ ਹੀ ਪੈਣਾ ਹੈ।

ਉਧਰ, ਭਾਜਪਾ ਨੇ 29 ਸੀਟਾਂ ਜਿੱਤ ਕੇ ਜੰਮੂ ਦੇ ਆਪਣੇ ਗੜ੍ਹ ਨੂੰ ਬਰਕਰਾਰ ਰੱਖਿਆ ਹੈ, ਪਰ ਉਸ ਦੇ ਇੰਜੀਨੀਅਰ ਰਸ਼ੀਦ ਵਰਗੇ ਲੰਗੋਟੀਏ ਕਸ਼ਮੀਰ ਵਿਚ ਖਲਬਲੀ ਮਚਾਉਣ 'ਚ ਨਾਕਾਮ ਰਹੇ। ਸੱਤ ਸੀਟਾਂ ਆਜ਼ਾਦਾਂ ਨੇ ਜਿੱਤੀਆਂ ਹਨ। ਆਪ ਤੇ ਜੇ ਪੀ ਸੀ ਨੇ ਵੀ ਇੱਕ-ਇੱਕ ਸੀਟ ਜਿੱਤੀ ਹੈ। ਨੈਸ਼ਨਲ ਕਾਨਫਰੰਸ ਦੇ ਉਮਰ ਅਬਦੁੱਲਾ ਗਾਂਦਰਬਲ ਤੇ ਬਡਗਾਮ ਦੋ ਸੀਟਾਂ 'ਤੇ ਜੇਤੂ ਰਹੇ। ● ਬਾਕੀ ਸਫ਼ਾ 2 'ਤੇ



ਨੈਸ਼ਨਲ ਕਾਨਫਰੰਸ ਦੀਆਂ ਸਮਰਥਕ ਬੀਬੀਆਂ ਸ੍ਰੀਨਗਰ ਦੇ ਇਕ ਗਿਣਤੀ ਕੇਂਦਰ ਦੇ ਬਾਹਰ ਕਿੱਕਲੀ ਪਾਉਂਦੀਆਂ ਹੋਈਆਂ।

## ਆਪ ਦਾ ਖਾਤਾ ਖੁੱਲ੍ਹਿਆ



ਆਮ ਆਦਮੀ ਪਾਰਟੀ ਪਹਿਲੀ ਵਾਰ ਜੰਮੂ-ਕਸ਼ਮੀਰ ਦੀ ਡੋਡਾ ਸੀਟ ਜਿੱਤ ਕੇ ਖਾਤਾ ਖੋਲ੍ਹਣ 'ਚ ਸਫਲ ਰਹੀ। ਇਸ ਦੇ ਉਮੀਦਵਾਰ ਮਹਿਰਾਜ ਮਲਿਕ ਨੇ ਭਾਜਪਾ ਦੇ ਗਜੈ ਸਿੰਘ ਰਾਣਾ ਨੂੰ 4470 ਵੋਟਾਂ ਦੇ ਫਰਕ ਨਾਲ ਹਰਾਇਆ। ਮਲਿਕ ਨੇ 22944 ਤੇ ਰਾਣਾ ਨੇ 18174 ਵੋਟਾਂ ਹਾਸਲ ਕੀਤੀਆਂ।

## ਵੋ ਜੋ ਤਾਰੀਗਾਮ ਵਾਲਾ...



**ਸ੍ਰੀਨਗਰ** : ਮਾਰਕਸੀ ਪਾਰਟੀ ਦੇ ਕੱਦਾਵਰ ਆਗੂ ਮੁਹੰਮਦ ਯੂਨਸ ਤਾਰੀਗਾਮੀ ਨੇ ਜਮਾਇਤੇ ਇਸਲਾਮੀ ਦੀ ਹਮਾਇਤ ਹਾਸਲ ਸੱਯਾਰ ਅਹਿਮਦ ਰੇਸ਼ੀ ਨੂੰ 7838 ਵੋਟਾਂ ਨਾਲ ਹਰਾ ਕੇ ਕੁਲਗਾਮ ਸੀਟ ਲਗਾਤਾਰ ਪੰਜਵੀਂ ਵਾਰ ਜਿੱਤ ਲਈ। ਰੇਸ਼ੀ ਨੇ ਐਲਾਨਿਆ ਸੀ ਕਿ ਜੇ ਉਹ ਹਾਰ ਗਿਆ ਤਾਂ ਇਸਲਾਮ ਦੀ ਹਾਰ ਹੋਵੇਗੀ। ਤਾਰੀਗਾਮੀ ਦੀ ਲੋਕਾਂ ਵਿਚ ਮਕਬੂਲੀਅਤ ਨੇ ਮੁਸਲਮ ਬਹੁਗਿਣਤੀ ਵਾਲੇ ਕੁਲਗਾਮ ਹਲਕੇ ਵਿਚ ਇਕ ਫਿਰਕੇ ਦੀ ਕਤਾਰਬੰਦੀ ਨਹੀਂ ਹੋਣ ਦਿੱਤੀ। ਜਿੱਤ ਤੋਂ ਬਾਅਦ ਤਾਰੀਗਾਮੀ ਨੇ ਕਿਹਾ—ਮੈਂ ਕੁਲਗਾਮ ਦੇ ਲੋਕਾਂ ਨੂੰ ਸਲੂਟ ਕਰਦਾ ਹਾਂ। ਉਹ ਕੁਲਗਾਮ ਲਈ, ਕਸ਼ਮੀਰ ਲਈ, ਕਸ਼ਮੀਰ ਦੇ ਲੋਕਾਂ ਦੇ ਹੱਕਾਂ ਲਈ ਲੜੇ ਅਤੇ ਸਰਕਾਰ ਨਾਲ ਸਾਜ਼ਬਾਜ਼ ਕਰਨ ਵਾਲਿਆਂ ਨੂੰ ਹਰਾ ਦਿੱਤਾ। ਪੀ ਡੀ ਪੀ ਉਮੀਦਵਾਰ ਮੁਹੰਮਦ ਅਮੀਨ ਡਾਰ ਤੀਜੇ ਨੰਬਰ 'ਤੇ ਰਿਹਾ। ਤਾਰੀਗਾਮੀ ਇਸ ਤੋਂ ਪਹਿਲਾਂ 1996, 2002, 2008 ਤੇ 2014 ਵਿਚ ਜੇਤੂ ਰਹੇ ਸਨ। ਤਾਰੀਗਾਮੀ ਪੀਪਲਜ਼ ਅਲਾਇੰਸ ਫਾਰ ਗੁਪਕਾਰ ਡੈਕਲੇਰੇਸ਼ਨ ਦੇ ਕਨਵੀਨਰ ਤੇ ਮਾਰਕਸੀ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਹਨ। ਉਹ ਚਾਵਲਗਾਮ ਦੇ ਅਬਦੁਲ ਕਬੀਰ ਵਾਨੀ ਦੇ ਪ੍ਰਭਾਵ ਹੇਠ ਕਮਿਊਨਿਸਟ ਬਣੇ। ਉਨ੍ਹਾ 1967 ਵਿਚ ਆਪਣੇ ਦੋਸਤ ਗੁਲਾਮ ਨਬੀ ਮਲਿਕ ਨਾਲ ਮਿਲ ਕੇ ਅਨੰਤਨਾਗ ਡਿਗਰੀ ਕਾਲਜ ਦੀ ਸਮਰੱਥਾ ਵਧਾਉਣ ਲਈ ਅੰਦੋਲਨ ਕੀਤਾ। ਉਹ 1967 ਵਿਚ ਚੌਲਾਂ ਦੀ ਧੱਕੇ ਨਾਲ ਖਰੀਦ ਖਿਲਾਫ ਕਿਸਾਨ ਅੰਦੋਲਨ ਦੌਰਾਨ ਜੇਲ੍ਹ ਗਏ। 1975 ਵਿਚ ਇੰਦਰਾ-ਸ਼ੇਖ ਸਮਝੌਤੇ ਤਹਿਤ ਜੰਮੂ-ਕਸ਼ਮੀਰ ਨੂੰ ਭਾਰਤੀ ਸੰਘ ਦਾ ਹਿੱਸਾ ਬਣਾਉਣ ਤੋਂ ਬਾਅਦ ਉਨ੍ਹਾ ਸਵੈਨਿਰਣੇ ਦੇ ਹੱਕ ਦੀ ਵਕਾਲਤ ਕੀਤੀ ਤੇ ਜੇਲ੍ਹ ਗਏ। ਜੇਲ੍ਹ ਵਿਚ ਹੁੰਦਿਆਂ ਉਨ੍ਹਾ ਨੂੰ ਪਤਨੀ ਦਾ ਵਿਛੋੜਾ ਸਹਿਣਾ ਪਿਆ। ਉਨ੍ਹਾ ਦੇ ਨਾਂਅ ਨਾਲ ਤਾਰੀਗਾਮੀ ਲੱਗਣ ਦਾ ਵੀ ਦਿਲਚਸਪ ਕਿੱਸਾ ਹੈ। ਇਕ ਪ੍ਰੈੱਸ ਬ੍ਰੀਫਿੰਗ ਵੇਲੇ ਪੱਤਰਕਾਰ ਨੇ ਮੁੱਖ ਮੰਤਰੀ ਸ਼ੇਖ ਅਬਦੁੱਲਾ ਤੋਂ ਮੁਹੰਮਦ ਯੂਨਸ ਦੀ ਗ੍ਰਿਫਤਾਰੀ ਬਾਰੇ ਪੁੱਛਿਆ ਤਾਂ ਸ਼ੇਖ ਸਾਹਿਬ ਨੇ ਕਿਹਾ—ਵੋ ਜੋ ਤਾਰੀਗਾਮ ਵਾਲਾ। ਉਸ ਤੋਂ ਬਾਅਦ ਉਹ ਆਪਣੇ ਪਿੰਡ ਤਾਰੀਗਾਮ ਦੇ ਨਾਂਅ ਨਾਲ ਮੁਹੰਮਦ ਯੂਸਫ ਤਾਰੀਗਾਮੀ ਵਜੋਂ ਮਸ਼ਹੂਰ ਹੋ ਗਏ।

# ਹਰਿਆਣਾ 'ਚ ਕਾਂਗਰਸ ਦੀ ਗੱਲ ਨਾ ਬਣੀ

**ਚੰਡੀਗੜ੍ਹ** : ਹਰਿਆਣਾ ਵਿਚ ਭਾਜਪਾ ਜਾਟ ਬਨਾਮ ਗੈਰ-ਜਾਟ ਦੀ ਸਿਆਸਤ ਨਾਲ ਤੀਜੀ ਵਾਰ ਸੱਤਾ ਵਿਚ ਆ ਗਈ।

ਉਸ ਨੇ ਜਾਟਾਂ ਦੇ ਗੜ੍ਹ 'ਚ ਵੀ 7 ਸੀਟਾਂ ਜਿੱਤ ਲਈਆਂ। ਹਰਿਆਣਾ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਪਾਰਟੀ ਨੇ ਹੈਟ੍ਰਿਕ ਮਾਰੀ ਹੈ। ਭਾਜਪਾ ਦੇ ਮੁੱਖ ਮੰਤਰੀ ਦੇ ਚਿਹਰੇ ਨਾਇਬ ਸਿੰਘ ਸੈਣੀ ਵੀ ਲਾਡਵਾ ਹਲਕੇ ਤੋਂ ਸ਼ਾਨਦਾਰ ਢੰਗ ਨਾਲ ਜਿੱਤੇ ਹਨ। 90 ਮੈਂਬਰੀ ਅਸੰਬਲੀ ਵਿਚ ਭਾਜਪਾ ਨੇ 48 ਸੀਟਾਂ ਜਿੱਤੀਆਂ ਹਨ। ਪਿਛਲੀ ਵਾਰ ਉਸ ਨੂੰ ਸਰਕਾਰ ਬਣਾਉਣ ਲਈ ਦੁਸ਼ਯੰਤ ਚੌਟਾਲਾ ਦੀ ਜੇ ਜੇ ਪੀ ਨੂੰ ਨਾਲ ਰਲਾਉਣਾ ਪਿਆ ਸੀ, ਪਰ ਐਤਕੀਂ ਕਿਸੇ ਦੀ ਲੋੜ ਨਹੀਂ ਪੈਣੀ।

ਗਿਣਤੀ ਦੇ ਸ਼ੁਰੂਆਤੀ ਦੌਰ ਵਿਚ ਕਾਂਗਰਸ ਨੂੰ ਤਕੜਾ ਬਹੁਮਤ ਦਾ ਰੌਲਾ ਪਿਆ ਸੀ, ਪਰ ਜਿਉਂ-ਜਿਉਂ ਗਿਣਤੀ ਵਧਦੀ ਗਈ, ਦੁਪਹਿਰ ਤੱਕ ਭਾਜਪਾ ਗੈਰ-ਜਾਟਾਂ ਦੀ ਹਮਾਇਤ ਦੇ ਸਦਕੇ ਬਾਜ਼ੀ ਮਾਰ ਗਈ। ਕਾਂਗਰਸ ਦੇ ਪੱਲੇ 36 ਸੀਟਾਂ ਪਈਆਂ ਹਨ।

ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਗੜ੍ਹੀ ਸਾਂਪਲਾ ਕਿਲੋਈ ਤੋਂ ਚੋਣ ਜਿੱਤ ਗਏ, ਪਰ ਪ੍ਰਦੇਸ਼ ਕਾਂਗਰਸ ਪ੍ਰਧਾਨ ਉਦੈ ਭਾਨ ਹੋਡਲ ਹਲਕੇ ਤੋਂ ਚੋਣ ਹਾਰ ਗਏ ਹਨ।

ਪੰਚਕੂਲਾ ਤੋਂ ਕਾਂਗਰਸ ਦੇ ਉਮੀਦਵਾਰ ਤੇ ਸਾਬਕਾ ਮੁੱਖ ਮੰਤਰੀ ਭਜਨ ਲਾਲ ਦੇ ਬੇਟੇ ਚੰਦਰਮੋਹਨ ਜਿੱਤ ਗਏ ਹਨ। ਉਨ੍ਹਾ ਭਾਜਪਾ ਆਗੂ ਤੇ ਮੌਜੂਦਾ ਸਪੀਕਰ ਗਿਆਨ ਚੰਦ ਗੁਪਤਾ ਨੂੰ ਹਰਾਇਆ।

ਹਰਿਆਣਾ ਦੀ ਉਚਾਨਾ ਕਲਾਂ ਸੀਟ ਤੋਂ ਭਾਜਪਾ ਉਮੀਦਵਾਰ ਦਵਿੰਦਰ ਚਤਰਭੁਜ ਅੱਤਰੀ ਨੇ ਸਿਰਫ 32 ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ ਹੈ। ਉਨ੍ਹਾ ਕਾਂਗਰਸੀ ਉਮੀਦਵਾਰ ਅਤੇ ਸਾਬਕਾ ਆਈ ਏ ਐੱਸ ਅਧਿਕਾਰੀ ਬ੍ਰਿਜੇਂਦਰ ਸਿੰਘ ਨੂੰ ਹਰਾਇਆ ਹੈ। ਇਸ ਸੀਟ ਤੋਂ ਸਾਬਕਾ ਉਪ ਮੁੱਖ ਮੰਤਰੀ ਜਨਨਾਇਕ ਜਨਤਾ ਪਾਰਟੀ ਦੇ ਆਗੂ ਦੁਸ਼ਯੰਤ ਚੌਟਾਲਾ ਵਿਧਾਇਕ ਸਨ, ਪਰ ਉਹ ਪੰਜਵੇਂ ਸਥਾਨ 'ਤੇ ਰਹੇ। ਅੱਤਰੀ ਨੂੰ 48,968 ਵੋਟਾਂ ਮਿਲੀਆਂ, ਜਦਕਿ ਬ੍ਰਿਜੇਂਦਰ ਸਿੰਘ ਨੂੰ 48,936 ਵੋਟਾਂ ਮਿਲੀਆਂ। ਦੁਸ਼ਯੰਤ ਚੌਟਾਲਾ ਨੂੰ 7,950 ਵੋਟਾਂ ਨਾਲ ਹੀ ਸਬਰ ਕਰਨਾ ਪਿਆ।

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਲਾਡਵਾ ਹਲਕੇ ਤੋਂ 16054 ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ ਹੈ। ਉਨ੍ਹਾ ਕਾਂਗਰਸ ਦੇ ਉਮੀਦਵਾਰ ਮੇਵਾ ਸਿੰਘ ਅਤੇ ਆਜ਼ਾਦ ਉਮੀਦਵਾਰ ਵਿਕਰਮਜੀਤ ਸਿੰਘ ਚੀਮਾ ਨੂੰ ਹਰਾਇਆ। ਸੈਣੀ ਨੇ ਹਰਿਆਣਾ ਦੇ 2.80 ਕਰੋੜ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਉਨ੍ਹਾ ਇਸ ਜਿੱਤ ਦਾ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਿੱਤਾ ਹੈ।

ਅੰਬਾਲਾ ਕੈਂਟ ਤੋਂ ਸੀਨੀਅਰ ਭਾਜਪਾ ਆਗੂ ਅਨਿਲ ਵਿਜ 7277 ਵੋਟਾਂ ਨਾਲ ਜਿੱਤ ਗਏ। ਉਹ ਆਜ਼ਾਦ ਉਮੀਦਵਾਰ ਚਿਤਰਾ ਸਰਵਾਰਾ ਨੂੰ ਹਰਾ ਕੇ ਸੱਤਵੀਂ ਵਾਰ ਵਿਧਾਇਕ ਚੁਣੇ ਗਏ।

ਪੰਚਕੂਲਾ ਤੋਂ ਸਾਬਕਾ ਮੁੱਖ ਮੰਤਰੀ ਮਰਹੂਮ ਭਜਨ ਲਾਲ ਦੇ ਬੇਟੇ ਤੇ ਕਾਂਗਰਸ ਉਮੀਦਵਾਰ ਚੰਦਰਮੋਹਨ ਨੇ ਭਾਜਪਾ ਆਗੂ ਤੇ ਮੌਜੂਦਾ ਸਪੀਕਰ ਗਿਆਨ ਚੰਦ ਗੁਪਤਾ ਨੂੰ ਹਰਾਇਆ। ਅੰਬਾਲਾ ਕੈਂਟ ਤੋਂ ਸੀਨੀਅਰ ਭਾਜਪਾ ਆਗੂ ਅਨਿਲ ਵਿਜ 7277 ਵੋਟਾਂ ਨਾਲ ਜਿੱਤ ਗਏ। ਉਹ ਆਜ਼ਾਦ ਉਮੀਦਵਾਰ ਚਿਤਰਾ ਸਰਵਾਰਾ ਨੂੰ ਹਰਾ ਕੇ ਸੱਤਵੀਂ ਵਾਰ ਵਿਧਾਇਕ ਚੁਣੇ ਗਏ।

ਜੁਲਾਨਾ ਤੋਂ ਕਾਂਗਰਸ ਦੀ ਵਿਨੇਸ਼ ਫੋਗਾਟ ਨੇ ਭਾਜਪਾ ਦੇ ਕੈਪਟਨ ਯੋਗੇਸ਼ ਬੈਰਾਗੀ ਨੂੰ 5761 ਵੋਟਾਂ ਨਾਲ ਹਰਾਇਆ।



ਸ਼ੁਰੂਆਤੀ ਰੁਝਾਨ ਵਿਚ ਹਰਿਆਣਾ 'ਚ ਵੱਡੀ ਜਿੱਤ ਦੇ ਝਲਕਾਰੇ ਨਾਲ ਨਵੀਂ ਦਿੱਲੀ 'ਚ ਕਾਂਗਰਸ ਦੇ ਹੈੱਡਕੁਆਰਟਰ 'ਚ ਢੋਲ ਵੱਜਣੇ, ਲੱਡੂ ਵੰਡਣੇ ਤੇ ਪਟਾਕੇ ਚੱਲਣੇ ਸ਼ੁਰੂ ਹੋ ਗਏ ਸੀ, ਪਰ ਬਾਅਦ ਦੁਪਹਿਰ ਭਾਜਪਾ ਦੀ ਚੜ੍ਹਤ ਹੋਣ 'ਤੇ ਸਭ ਢੋਲ ਨੂੰ ਛੱਡ ਕੇ ਖਿਸਕ ਗਏ ਅਤੇ ਲੱਡੂ ਭਾਜਪਾ ਹੈੱਡਕੁਆਰਟਰ 'ਚ ਵੰਡ ਹੋਣੇ ਸ਼ੁਰੂ ਹੋ ਗਏ।



ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਮੈਂ ਹੀ ਰਹਾਂਗਾ

## ਭਲਕੇ ਕਿਵਾੜ ਬੰਦ ਹੋਣਗੇ



ਅੰਮ੍ਰਿਤਸਰ : ਉੱਤਰਾਖੰਡ 'ਚ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 10 ਅਕਤੂਬਰ ਨੂੰ ਬੰਦ ਹੋ ਜਾਣਗੇ ਅਤੇ 25 ਮਈ ਤੋਂ ਸ਼ੁਰੂ ਹੋਈ ਸਾਲਾਨਾ ਯਾਤਰਾ ਸਮਾਪਤ ਹੋ ਜਾਵੇਗੀ। ਦੋ ਲੱਖ ਤੋਂ ਵੱਧ ਯਾਤਰੂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਨਤਮਸਤਕ ਹੋ ਚੁੱਕੇ ਹਨ।

## 22 ਪਾਕਿਸਤਾਨੀਆਂ ਨੂੰ ਪਨਾਹ ਦਿਵਾਉਣ ਵਾਲਾ ਗ੍ਰਿਫਤਾਰ

ਬੇਂਗਲੁਰੂ : ਪੁਲਸ ਨੇ ਪਰਵੇਜ਼ ਨੂੰ ਕਥਿਤ ਤੌਰ 'ਤੇ 22 ਪਾਕਿਸਤਾਨੀ ਨਾਗਰਿਕਾਂ ਦੀ ਮਦਦ ਕਰਨ ਅਤੇ ਪਨਾਹ ਦੇਣ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਬੇਂਗਲੁਰੂ ਅਤੇ ਕਰਨਾਟਕ ਦੇ ਹੋਰ ਹਿੱਸਿਆਂ ਵਿਚ ਹਿੰਦੂ ਨਾਵਾਂ ਦੇ ਇੱਕ ਪਰਵਾਰ ਦੇ ਚਾਰ ਮੈਂਬਰ, ਜੋ ਕਿ ਪਾਕਿਸਤਾਨੀ ਨਾਗਰਿਕ ਸਨ, ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਤੋਂ ਪੁੱਛਗਿੱਛ ਤੋਂ ਬਾਅਦ ਇੱਥੇ ਪੀਨੀਆ ਤੋਂ ਤਿੰਨ ਹੋਰ ਪਾਕਿਸਤਾਨੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਅਤੇ ਦਾਵਾਂਗੇਰੇ ਜ਼ਿਲ੍ਹੇ ਵਿੱਚੋਂ ਵੀ ਪਾਕਿਸਤਾਨੀਆਂ ਨੂੰ ਹਿਰਾਸਤ ਵਿਚ ਲਿਆ ਗਿਆ। ਪੁਲਸ ਨੂੰ ਪਤਾ ਲੱਗਾ ਕਿ ਪਰਵੇਜ਼ ਇਨ੍ਹਾਂ ਪਾਕਿਸਤਾਨੀਆਂ ਨੂੰ ਉਨ੍ਹਾਂ ਦੇ ਬਦਲੇ ਹੋਏ ਨਾਵਾਂ ਵਾਲੇ ਸਾਰੇ ਦਸਤਾਵੇਜ਼ ਦਿਵਾਉਣ ਵਿਚ ਮਦਦ ਕਰ ਰਿਹਾ ਸੀ।

## ਪ੍ਰਦਰਸ਼ਨ ਦੀ ਥਾਂ ਨੂੰ ਲੈ ਕੇ ਸੁਣਵਾਈ ਅੱਜ

**ਨਵੀਂ ਦਿੱਲੀ** : ਦਿੱਲੀ ਹਾਈਕੋਰਟ ਵਾਤਾਵਰਣ ਕਾਰਕੁੰਨ ਸੋਨਮ ਵਾਂਗਚੁਕ ਅਤੇ ਹੋਰਾਂ ਨੂੰ ਜੰਤਰ-ਮੰਤਰ ਜਾਂ ਰਾਜਧਾਨੀ ਦੇ ਕਿਸੇ ਹੋਰ ਢੁੱਕਵੇਂ ਸਥਾਨ 'ਤੇ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦੇਣ ਦੀ ਮੰਗ ਕਰਦੀ ਪਟੀਸ਼ਨ 'ਤੇ ਬੁੱਧਵਾਰ ਸੁਣਵਾਈ ਕਰੇਗੀ। ਪਟੀਸ਼ਨਕਰਤਾ ਐਪੈਕਸ ਬਾਡੀ ਲੇਹ ਨੇ ਕਿਹਾ ਹੈ ਕਿ ਉਨ੍ਹਾਂ ਸੰਵਿਧਾਨ ਦੀ ਛੇਵੀਂ ਅਨੁਸੂਚੀ 'ਚ ਲੱਦਾਖ ਨੂੰ ਸ਼ਾਮਲ ਕਰਨ ਦੀ ਮੰਗ ਨੂੰ ਲੈ ਕੇ ਵਾਂਗਚੁਕ ਅਤੇ ਲੱਗਭੱਗ 200 ਹੋਰਾਂ ਦੇ ਨਾਲ ਲੇਹ, ਲੱਦਾਖ ਤੋਂ ਦਿੱਲੀ ਤੱਕ ਸ਼ਾਂਤਮਈ ਰੋਸ ਮਾਰਚ ਸ਼ੁਰੂ ਕੀਤਾ ਤੇ ਉਹ ਜੰਤਰ-ਮੰਤਰ ਜਾਂ ਕਿਸੇ ਹੋਰ ਢੁੱਕਵੀਂ ਥਾਂ 'ਤੇ ਸ਼ਾਂਤੀਪੂਰਨ ਪ੍ਰਦਰਸ਼ਨ ਕਰਨਾ ਚਾਹੁੰਦੇ ਹਨ, ਪਰ ਦਿੱਲੀ ਪੁਲਸ ਨੇ ਜੰਤਰ-ਮੰਤਰ ਵਿਖੇ ਪ੍ਰਦਰਸ਼ਨ ਕਰਨ ਦੀ ਬੇਨਤੀ ਰੱਦ ਕਰ ਦਿੱਤੀ ਹੈ।

# ਸਾਉਣੀ ਸੀਜ਼ਨ ਲਈ ਕਸਟਮ ਮਿਲਿੰਗ ਪਾਲਿਸੀ ਨੂੰ ਪ੍ਰਵਾਨਗੀ

**ਚੰਡੀਗੜ੍ਹ (ਗੁਰਜੀਤ ਬਿੱਲਾ/ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਸੂਬੇ ਦੀਆਂ ਖ਼ਰੀਦ ਏਜੰਸੀਆਂ (ਪਨਗ੍ਰੇਨ, ਮਾਰਕਫੈੱਡ, ਪਨਸਪ ਅਤੇ ਪੰਜਾਬ ਵੇਅਰ ਹਾਊਸ ਕਾਰਪੋਰੇਸ਼ਨ) ਵੱਲੋਂ ਖ਼ਰੀਦੇ ਝੋਨੇ ਨੂੰ ਮਿਲਿੰਗ ਲਈ ਦੇਣ ਅਤੇ ਇਸ ਦੀ ਕੇਂਦਰੀ ਪੂਲ ਵਿੱਚ ਸਮੇਂ ਸਿਰ ਡਲਿਵਰੀ ਲਈ ਸਾਉਣੀ ਸੀਜ਼ਨ 2024-25 ਲਈ ਪੰਜਾਬ ਕਸਟਮ ਮਿਲਿੰਗ ਪਾਲਿਸੀ ਨੂੰ ਮੰਗਲਵਾਰ ਮਨਜ਼ੂਰੀ ਦੇ ਦਿੱਤੀ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਸਾਉਣੀ ਮਾਰਕੀਟਿੰਗ ਸੀਜ਼ਨ 2024-25 1 ਅਕਤੂਬਰ ਤੋਂ ਸ਼ੁਰੂ ਹੋਇਆ ਹੈ ਅਤੇ ਖ਼ਰੀਦ ਦਾ ਕੰਮ 30 ਨਵੰਬਰ ਤੱਕ ਮੁਕੰਮਲ ਹੋਵੇਗਾ। ਸਾਉਣੀ ਖ਼ਰੀਦ ਸੀਜ਼ਨ ਦੌਰਾਨ ਖ਼ਰੀਦਿਆ ਝੋਨਾ ਸੂਬੇ ਵਿੱਚ ਸਥਿਤੀ ਯੋਗ ਚੌਲ ਮਿੱਲਾਂ ਵਿੱਚ ਸਟੋਰ ਕੀਤਾ ਜਾਵੇਗਾ। ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਪੰਜਾਬ ਵਿਭਾਗ ਵੱਲੋਂ ਹਰੇਕ ਸਾਉਣੀ ਖ਼ਰੀਦ ਸੀਜ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਹਰੇਕ ਸਾਲ ਕਸਟਮ ਮਿਲਿੰਗ ਪਾਲਿਸੀ ਜਾਰੀ ਕੀਤੀ ਜਾਂਦੀ ਹੈ, ਤਾਂ ਕਿ ਭਾਰਤ ਸਰਕਾਰ ਵੱਲੋਂ ਤੈਅ ਮਾਪਦੰਡਾਂ ਅਨੁਸਾਰ ਸੂਬੇ ਦੀਆਂ ਖ਼ਰੀਦ ਏਜੰਸੀਆਂ ਵੱਲੋਂ ਖ਼ਰੀਦੇ ਝੋਨੇ ਦੀ ਮਿਲਿੰਗ ਹੋ ਸਕੇ।

ਵਿਭਾਗ ਵੱਲੋਂ ਸਮੇਂ ਸਿਰ ਚੌਲ ਮਿੱਲਾਂ ਨੂੰ ਮੰਡੀਆਂ ਨਾਲ ਆਨਲਾਈਨ ਜੋੜਿਆ ਜਾਵੇਗਾ। ਰਿਲੀਜ਼ ਆਰਡਰ (ਆਰ ਓ) ਸਕੀਮ ਤਹਿਤ ਚੌਲ ਮਿੱਲਰਾਂ ਨੂੰ ਦਿੱਤੇ ਜਾਣ ਵਾਲੇ ਝੋਨੇ ਦੀ ਵੰਡ ਆਨਲਾਈਨ ਪੋਰਟਲ ਰਾਹੀਂ ਆਟੋਮੈਟਿਕ ਹੋਵੇਗੀ। ਸੂਬੇ ਦੀਆਂ ਮੰਡੀਆਂ ਵਿੱਚੋਂ ਝੋਨਾ ਚੌਲ ਮਿੱਲਾਂ ਵਿੱਚ ਉਨ੍ਹਾਂ ਦੀ ਪਾਤਰਤਾ ਅਨੁਸਾਰ ਭੰਡਾਰ ਕਰਨ ਦਾ ਉਪਬੰਧ ਕੀਤਾ ਗਿਆ ਹੈ। ਪਾਲਿਸੀ ਅਤੇ ਐਗਰੀਮੈਂਟ ਮੁਤਾਬਕ ਚੌਲ ਮਿਲ ਮਾਲਕਾਂ ਨੂੰ ਭੰਡਾਰ ਹੋਏ ਝੋਨੇ ਦਾ ਮੁਕੰਮਲ ਚੌਲ 31 ਮਾਰਚ, 2025 ਤੱਕ ਡਲਿਵਰ ਕਰਨ ਦਾ ਉਪਬੰਧ ਵੀ ਕੀਤਾ ਗਿਆ ਹੈ।

ਸੂਬੇ ਵਿੱਚ ਸਨਅਤੀ ਵਿਕਾਸ ਨੂੰ ਹੋਰ ਹੁਲਾਰਾ ਦੇਣ ਦੇ ਮੰਤਵ ● ਬਾਕੀ ਸਫ਼ਾ 2 'ਤੇ



# ਚੌਟਾਲਾ ਖਾਨਦਾਨ ਦੇ ਦੋ ਕਾਕੇ ਹੀ ਸਫਲ ਰਹੇ



ਅਰਜੁਨ ਚੌਟਾਲਾ ਅਦਿੱਤਿਆ ਚੌਟਾਲਾ

**ਚੰਡੀਗੜ੍ਹ** : ਤਾਊ ਦੇਵੀ ਲਾਲ ਦੇ ਚੌਟਾਲਾ ਕਬੀਲੇ ਵਿੱਚੋਂ 8 ਜੀਆਂ ਨੇ ਹਰਿਆਣਾ ਅਸੰਬਲੀ ਚੋਣਾਂ ਲੜੀਆਂ, ਪਰ ਸਿਰਫ ਦੋ ਅਰਜੁਨ ਚੌਟਾਲਾ ਤੇ ਆਦਿੱਤਿਆ ਚੌਟਾਲਾ ਜਿੱਤ ਸਕੇ। ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਸੀਨੀਅਰ ਆਗੂ ਅਭੈ ਚੌਟਾਲਾ ਦੇ ਛੋਟੇ ਬੇਟੇ ਅਰਜੁਨ ਚੌਟਾਲਾ (32) ਰਣੀਆ ਸੀਟ ਜਿੱਤੇ। ਉਨ੍ਹਾ ਕਾਂਗਰਸ ਦੇ ਸਰਵ ਮਿੱਤਰ, ਭਾਜਪਾ ਦੇ ਸ਼ੀਸ਼ਪਾਲ ਕੰਬੋਜ ਅਤੇ ਸਿਟਿੰਗ ਵਿਧਾਇਕ ਤੇ ਭਾਜਪਾ ਦੇ ਬਾਗੀ ਰਣਜੀਤ ਚੌਟਾਲਾ ਨੂੰ ਹਰਾਇਆ। ਰਣਜੀਤ ਚੌਟਾਲਾ ਅਰਜੁਨ ਦੇ ਛੋਟੇ ਦਾਦਾ ਹਨ। ਏਲਨਾਬਾਦ ਹਲਕੇ ਤੋਂ ਕਾਂਗਰਸ ਦੇ ਭਰਤ ਸਿੰਘ ਬੈਨੀਵਾਲ ਨੇ ਇਨੈਲੋ-ਬਸਪਾ ਗੱਠਜੋੜ ਦੇ ਸਾਂਝੇ ਉਮੀਦਵਾਰ ਅਭੈ ਚੌਟਾਲਾ ਨੂੰ 14861 ਵੋਟਾਂ ਨਾਲ ਹਰਾ ਦਿੱਤਾ। ਬੈਨੀਵਾਲ ਨੂੰ 77455 ਵੋਟਾਂ, ਜਦੋਂਕਿ ਇਨੈਲੋ ਦੇ ਅਭੈ ਸਿੰਘ ਚੌਟਾਲਾ ਨੂੰ 62594 ਵੋਟਾਂ ਮਿਲੀਆਂ। ਭਾਜਪਾ ਦੇ ਅਮੀਰ ਚੰਦ ਨੇ 13192 ਵੋਟਾਂ ਲਈਆਂ। ਇਨੈਲੋ ਦੇ ਅਭੈ ਸਿੰਘ ਚੌਟਾਲਾ 14861 ਵੋਟਾਂ ਨਾਲ ਏਲਨਾਬਾਦ ਸੀਟ ਹਾਰ ਗਏ ਹਨ। ਬੇਹੱਦ ਫਸਵੇਂ ਮੁਕਾਬਲੇ 'ਚ ਇਨੈਲੋ ਨੇ ਆਪਣੀ ਜੱਦੀ ਸੀਟ ਡੱਬਵਾਲੀ ਜਿੱਤ ਲਈ ਹੈ। ਸਾਬਕਾ ਉਪ ਪ੍ਰਧਾਨ ਮੰਤਰੀ ਤਾਊ ਦੇਵੀ ਲਾਲ ਦੇ ਪੋਤਰੇ ਅਤੇ ਇਨੈਲੋ-ਬਸਪਾ ਉਮੀਦਵਾਰ ਅਦਿੱਤਿਆ ਚੌਟਾਲਾ ਕਾਂਗਰਸ ਦੇ ਅਮਿਤ ਸਿਹਾਗ ਨੂੰ 610 ਵੋਟਾਂ ਦੇ ਫਰਕ ਨਾਲ ਹਰਾ ਕੇ ਵਿਧਾਇਕ ਚੁਣੇ ਗਏ ਹਨ। ਇਨੈਲੋ ਨੇ ਇੱਕ ਦਹਾਕੇ ਮਗਰੋਂ ਆਪਣੀ ਸਿਆਸੀ ਰਾਜਧਾਨੀ ਡੱਬਵਾਲੀ 'ਚ ਪਰਚਮ ਲਹਿਰਾਇਆ ਹੈ। ਮਹਿਜ਼ 610 ਵੋਟਾਂ ਨਾਲ ਹਾਰਨ ਵਾਲੇ ਅਮਿਤ ਸਿਹਾਗ 2019 'ਚ ਵਿਧਾਇਕ ਚੁਣੇ ਗਏ ਸਨ। ਗਿਣਤੀ ਦੇ 16 ਰਾਊਂਡਾਂ ਤਕ ਕਾਫੀ ਫਸਵਾਂ ਮੁਕਾਬਲਾ ਰਿਹਾ। ਜੇਤੂ ਅਦਿੱਤਿਆ ਦੇਵੀਲਾਲ ਨੂੰ 56074 ਵੋਟ ਨੂੰ ਮਿਲੇ ਜਦਕਿ ਅਮਿਤ ਸਿਹਾਗ ਨੂੰ 55464 ਵੋਟ ਹਾਸਲ ਹੋਏ। ਤੀਸਰੇ ਨੰਬਰ 'ਤੇ ਰਹੇ ਜਜਪਾ ਦੇ ਉਮੀਦਵਾਰ ਦਿਗਵਿਜੈ ਸਿੰਘ ਚੌਟਾਲਾ ਨੇ 35261 ਵੋਟਾਂ ਹਾਸਲ ਕੀਤੀਆਂ।

# ਮੇਲੇ ਦੇ ਆਗਾਜ਼ ਮੌਕੇ 7 ਨਵੰਬਰ ਦੀ ਸ਼ਾਮ ਚਿੱਤਰਕਲਾ, ਸਾਹਿਤ ਤੇ 'ਫੁਲਵਾੜੀ ਸ਼ਤਾਬਦੀ' ਦੇ ਨਾਂਅ

**ਜਲੰਧਰ (ਕੇਸਰ)**

ਗਦਰੀ ਬਾਬਿਆਂ ਦੇ ਮੇਲੇ ਦਾ ਆਗਾਜ ਇਸ ਵਾਰ ਹੋਰ ਵੀ ਇਤਿਹਾਸਕ, ਅਰਥ ਭਰਪੂਰ ਅਤੇ ਪੁਸਤਕ ਸੱਭਿਆਚਾਰ ਨੂੰ ਮਕਬੂਲ ਬਣਾਉਣ ਪੱਖੋਂ ਪ੍ਰਭਾਵਸ਼ਾਲੀ ਹੋਏਗਾ। ਇਹ ਖੁਸ਼ੀ ਸਾਂਝੀ ਕਰਦੇ ਹੋਏ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 7 ਨਵੰਬਰ ਦੀ ਸ਼ਾਮ 2 ਵਜੇ ਦੇਸ਼ ਭਗਤ ਯਾਦਗਾਰ ਹਾਲ ਅੰਦਰ ਚਿੱਤਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਦਾ ਉਦਘਾਟਨ ਹੋਏਗਾ। ਇਹ ਪ੍ਰਦਰਸ਼ਨੀ ਇਤਿਹਾਸਕ, ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰਾਂ ਨੂੰ ਦਿਲਕਸ਼ ਅੰਦਾਜ਼ ਵਿਚ ਕੈਨਵਸ 'ਤੇ ਹੀ ਨਹੀਂ, ਸਗੋਂ ਲੋਕ ਮਨਾਂ ਉਪਰ ਯਾਦਗਾਰੀ ਪ੍ਰਭਾਵ ਸਿਰਜੇਗੀ। ਇਸ ਪ੍ਰਦਰਸ਼ਨੀ ਵਿੱਚ ਗੁਰਦੀਸ਼, ਸਵਰਨਜੀਤ ਸਵੀ, ਗੁਰਪ੍ਰੀਤ ਬਠਿੰਡਾ, ਰਵਿੰਦਰ ਰਵੀ, ਇੰਦਰਜੀਤ ਆਰਟਿਸਟ ਜਲੰਧਰ, ਵਰੁਨ ਟੰਡਨ, ਰਣਜੋਧ ਲੁਧਿਆਣਾ, ਹਰਮੀਤ ਅੰਮ੍ਰਿਤਸਰ, ਇੰਦਰਜੀਤ ਮਾਨਸਾ ਆਦਿ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਕਲਾ ਪ੍ਰਦਰਸ਼ਨੀ ਦੇ ਕਨਵੀਨਰ ਵਿਜੈ ਬੰਬੇਲੀ ਵੱਲੋਂ ਨਿੱਘਾ ਬੁਲਾਵਾ ਭੇਜਿਆ ਜਾ ਰਿਹਾ ਹੈ। ਇਸ ਮੌਕੇ ਇਹਨਾਂ ● ਬਾਕੀ ਸਫ਼ਾ 2 'ਤੇ

## 50 ਸੀਨੀਅਰ ਡਾਕਟਰਾਂ ਵੱਲੋਂ ਅਸਤੀਫੇ

**ਕੋਲਕਾਤਾ** : ਆਰ ਜੀ ਕਰ ਹਸਪਤਾਲ ਦੇ ਜੂਨੀਅਰ ਡਾਕਟਰਾਂ ਦਾ ਸਹਿਯੋਗ ਦਿੰਦਿਆਂ 50 ਸੀਨੀਅਰ ਡਾਕਟਰਾਂ ਨੇ ਅਸਤੀਫਾ ਦੇ ਦਿੱਤਾ ਹੈ। ਕੋਲਕਾਤਾ ਪੁਲਸ ਵੱਲੋਂ ਮੰਗਲਵਾਰ ਸੀਨੀਅਰ ਅਤੇ ਜੂਨੀਅਰ ਡਾਕਟਰਾਂ, ਨਰਸਿੰਗ ਭਾਈਚਾਰੇ ਅਤੇ ਸਿਹਤ-ਕਰਮਚਾਰੀਆਂ ਦੇ ਨੁਮਾਇੰਦਿਆਂ ਸਮੇਤ ਮੈਡੀਕਲ ਭਾਈਚਾਰੇ ਦੇ ਨੁਮਾਇੰਦਿਆਂ ਦੀ ਨਿਰਧਾਰਤ ਮੈਗਾ ਰੈਲੀ ਨੂੰ ਇਜਾਜ਼ਤ ਦੇਣ ਤੋਂ ਇਨਕਾਰ ਕਰਨ ਤੋਂ ਬਾਅਦ ਸੀਨੀਅਰ ਡਾਕਟਰਾਂ ਨੇ ਇਹ ਫੈਸਲਾ ਲਿਆ। ਸ਼ਨੀਵਾਰ ਸ਼ਾਮ ਤੋਂ ਜੂਨੀਅਰ ਡਾਕਟਰਾਂ ਨੇ ਇੱਕ ਅਨੋਖਾ ਵਿਰੋਧ ਸ਼ੁਰੂ ਕਰ ਦਿੱਤਾ ਹੈ, ਜਿੱਥੇ ਉਨ੍ਹਾਂ ਵਿੱਚੋਂ ਕੁੱਝ ਨੇ ਮਰਨ ਵਰਤ ਦਾ ਅੰਦੋਲਨ ਸ਼ੁਰੂ ਕਰ ਦਿੱਤਾ ਹੈ, ਜਦਕਿ ਬਾਕੀ ਡਿਊਟੀ 'ਤੇ ਵਾਪਸ ਚਲੇ ਗਏ ਹਨ।

# 'ਡਿਜੀਟਲ ਅਰੈੱਸਟ' ਢੰਗ ਨਾਲ 46 ਲੱਖ ਠੱਗੇ

**ਇੰਦੌਰ** : ਠੱਗ ਗਰੋਹ ਨੇ 'ਡਿਜੀਟਲ ਅਰੈਸਟ' ਢੰਗ ਨਾਲ 65 ਸਾਲਾ ਮਹਿਲਾ ਨੂੰ ਆਪਣੇ ਜਾਲ 'ਚ ਫਸਾ ਕੇ 46 ਲੱਖ ਰੁਪਏ ਠੱਗ ਲਏ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ 'ਡਿਜੀਟਲ ਅਰੈਸਟ' ਸਾਈਬਰ ਠੱਗੀ ਦਾ ਇਕ ਨਵਾਂ ਤਰੀਕਾ ਹੈ। ਇਸ ਤਰ੍ਹਾਂ ਦੇ ਮਾਮਲਿਆਂ 'ਚ ਠੱਗ ਆਪਣੇ-ਆਪ ਨੂੰ ਕਾਨੂੰਨੀ ਅਧਿਕਾਰੀ ਦੱਸ ਕੇ ਲੋਕਾਂ ਨੂੰ ਵੀਡੀਓ ਅਤੇ ਆਡੀਓ ਕਾਲ ਰਾਹੀਂ ਡਰਾਉਂਦੇ ਹਨ ਅਤੇ ਗ੍ਰਿਫਤਾਰੀ ਦਾ ਝਾਂਸਾ ਦੇ ਕੇ ਘਰ ਵਿਚ ਹੀ ਡਿਜੀਟਲੀ ਬੰਧਕ ਬਣਾ ਲੈਂਦੇ ਹਨ। ਪੁਲਸ ਦੇ ਐਡੀਸ਼ਨਲ ਡਿਪਟੀ ਕਮਿਸ਼ਨਰ ਰਾਜੇਸ਼ ਡੰਡੋਤੀਆ ਨੇ ਦੱਸਿਆ ਕਿ ਪਿਛਲੇ ਮਹੀਨੇ ਇਕ ਵਿਅਕਤੀ ਨੇ 65 ਸਾਲਾ ਮਹਿਲਾ ਨੂੰ ਫੋਨ ਕੀਤਾ ਅਤੇ ਆਪਣੇ-ਆਪ ਨੂੰ ਸੀ ਬੀ ਆਈ ਅਧਿਕਾਰੀ ਦੱਸ ਕੇ ਮਹਿਲਾ ਨੂੰ ਡਰਾਇਆ ਕਿ ਉਸ ਦੇ ਬੈਂਕ ਖਾਤੇ ਦੀ ਵਰਤੋਂ ਨਸ਼ੀਲੇ ਪਦਾਰਥਾਂ ਦੀ ਖਰੀਦ, ਅੱਤਵਾਦੀ ਗਤੀਵਿਧੀਆਂ ਅਤੇ ਮਨੀ ਲਾਂਡਰਿੰਗ ਲਈ ਕੀਤੀ ਗਈ ਹੈ, ਜਿਸ ਲਈ ਉਸ ਦੇ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਹਨ। ਡੰਡੋਤੀਆ ਨੇ ਦੱਸਿਆ ਕਿ ਠੱਗ ਗਰੋਹ ਨੇ ਵੀਡੀਓ ਕਾਲ ਰਾਹੀਂ ਮਹਿਲਾ ਨੂੰ ਘਰ ਵਿਚ ਹੀ ਗ੍ਰਿਫਤਾਰ ਕਰਕੇ ਪੰਜ ਦਿਨ ਤੱਕ ਪੁੱਛਗਿੱਛ ਕੀਤੀ ਅਤੇ ਮਹਿਲਾ ਨੂੰ ਬੈਂਕ ਖਾਤੇ ਵਿਚ ਜਮ੍ਹਾਂ ਰਾਸ਼ੀ ਉਸ ਦੇ ਦੱਸੇ ਖਾਤਿਆਂ ਵਿਚ ਭੇਜਣ ਲਈ ਕਿਹਾ। ਠੱਗ ਨੇ ਵੀਡੀਓ ਕਾਲ 'ਤੇ ਮਹਿਲਾ ਨੂੰ ਧਮਕੀ ਦਿੱਤੀ ਕਿ ਜੇ ਉਹ ਪੈਸੇ ਉਸ ਦੇ ਦੱਸੇ ਖਾਤਿਆਂ ਵਿਚ ਨਹੀਂ ਭੇਜੇਗੀ ਤਾਂ ਉਸ ਦੇ ਬੱਚਿਆਂ ਨੂੰ ਵੀ ਖਤਰਾ ਹੋ ਸਕਦਾ ਹੈ, ਜਿਸ ਤੋਂ ਡਰੀ ਮਹਿਲਾ ਨੇ 46 ਲੱਖ ਰੁਪਏ ਗਰੋਹ ਵੱਲੋਂ ਦੱਸੇ ਖਾਤਿਆਂ ਵਿਚ ਟਰਾਂਸਫਰ ਕਰ ਦਿੱਤੇ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਠੱਗੀ ਬਾਰੇ ਪਤਾ ਲੱਗਣ ਤੋਂ ਬਾਅਦ ਮਹਿਲਾ ਨੇ ਕੌਮੀ ਸਾਈਬਰ ਅਪਰਾਧ ਰਿਪੋਰਟਿੰਗ ਪੋਰਟਲ ਅਤੇ ਪੁਲਸ ਨੂੰ ਸ਼ਿਕਾਇਤ ਦਿੱਤੀ। ਇਸ ਸੰਬੰਧੀ ਮਾਮਲਾ ਦਰਜ ਕਰ ਜਾਂਚ ਕੀਤੀ ਜਾ ਰਹੀ ਹੈ।

## ਅੱਜ-ਨਾਮਾ

ਐਗਜ਼ਿਟ ਪੋਲ ਤੋਂ ਪਰੇ ਰਿਜ਼ਲਟ ਮਿਲਦੇ,
ਹੋਇਆ ਬਹੁਤ ਕੁਝ ਹੋਰ ਦਾ ਹੋਰ ਮੀਆਂ।
ਭਾਜਪਾ ਜਿੱਤੀ ਤੇ ਕਾਂਗਰਸ ਡੁੱਬ ਗਈ ਊ,
ਜੀਹਦੇ ਜਿੱਤਣ ਦਾ ਬਹੁਤ ਸੀ ਸ਼ੋਰ ਮੀਆਂ।
ਸਾਲ ਪੰਜ ਇਹ ਰਹਿਣਗੇ ਸੜਕ ਉੱਪਰ,
ਹੋਇਆ ਮਹਿਲ ਦਾ ਬੰਦ ਹੈ ਡੋਰ ਮੀਆਂ।
ਵੱਡੀ ਕੁਰਸੀ ਲਈ ਐਵੇਂ ਸਨ ਲੜੀ ਜਾਂਦੇ,
ਲਾਇਆ ਚੌਧਰ ਦਾ ਬੜਾ ਸੀ ਜ਼ੋਰ ਮੀਆਂ।
ਜੜ੍ਹੀਂ ਬੈਠੀ ਆ ਕਾਂਗਰਸ ਵਿੱਚ ਗੁੱਟਬੰਦੀ,
ਹਾਰ ਕੇ ਕਹਿਣਗੇ ਮਾੜੇ ਸੀ ਕਰਮ ਮੀਆਂ।
ਜਿਹੜੀ ਵਿੱਚੋਂ ਹੈ ਆਪੋ ਵਿੱਚ ਢਾਹ ਲਾਈ,
ਉਹਦੀ ਕਰੂਗਾ ਕੋਈ ਨਹੀਂ ਸ਼ਰਮ ਮੀਆਂ।

-ਤੀਸ ਮਾਰ ਖਾਂ

# ਹਥਿਆਰ ਤਸਕਰੀ ਕਰਨ ਵਾਲੇ ਗਰੋਹ ਦਾ ਪਰਦਾ ਫਾਸ਼ ਕਰਕੇ 5 ਪਿਸਤੌਲ ਬਰਾਮਦ

**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਉੱਭੀ)**

ਜਲੰਧਰ ਦਿਹਾਤੀ ਪੁਲਸ ਨੇ ਅੰਤਰਰਾਜੀ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਗਰੋਹ ਨੂੰ ਸਫਲਤਾਪੂਰਵਕ ਨਸ਼ਟ ਕਰ ਦਿੱਤਾ ਹੈ। ਇਸ ਦੇ ਮੁਖੀ ਨੂੰ ਗ੍ਰਿਫਤਾਰ ਕਰਕੇ ਪੰਜ ਦੇਸੀ ਪਿਸਤੌਲ ਬਰਾਮਦ ਕੀਤੇ ਹਨ। ਮੱਧ ਪ੍ਰਦੇਸ਼ ਤੋਂ ਪੰਜਾਬ ਤੱਕ ਹਥਿਆਰਾਂ ਦੀ ਗੈਰ-ਕਾਨੂੰਨੀ ਢੋਆ-ਢੁਆਈ ਨੂੰ ਨਿਸ਼ਾਨਾ ਬਣਾਉਣ ਵਾਲਾ ਇਹ ਅਪ੍ਰੇਸ਼ਨ ਖੇਤਰ ਵਿੱਚ ਗੈਰ-ਕਾਨੂੰਨੀ ਹਥਿਆਰਾਂ ਦੇ ਪ੍ਰਵਾਹ ਨੂੰ ਰੋਕਣ ਲਈ ਇੱਕ ਮਹੱਤਵਪੂਰਨ ਕਦਮ ਹੈ।

ਫੜੇ ਗਏ ਮੁਲਜ਼ਮ ਦੀ ਪਛਾਣ ਸੁਨੀਲ ਕੁਮਾਰ ਉਰਫ ਜੀਓਨਾ ਵਾਸੀ ਪਿੰਡ ਮੰਡਿਆਲਾ, ਥਾਣਾ ਲੋਹੀਆਂ, ਜ਼ਿਲ੍ਹਾ ਜਲੰਧਰ ਵਜੋਂ ਹੋਈ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ ਐੱਸ ਪੀ ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਬੀਤੀ 2 ਅਕਤੂਬਰ ਨੂੰ ਪੁਲਸ ਨੂੰ ਲਾਂਬੜਾ ਇਲਾਕੇ ਵਿੱਚ ਨਜਾਇਜ਼ ਹਥਿਆਰਾਂ ਦੀ ਇੱਕ ਖੇਪ ਦੀ ਡਲਿਵਰੀ ਹੋਣ ਦੀ ਸੂਚਨਾ ਮਿਲੀ ਸੀ। ਇਸ ਦੇ ਚੱਲਦਿਆਂ ਸੀ ਆਈ ਏ ਸਟਾਫ਼ ਜਲੰਧਰ ਦਿਹਾਤੀ ਦੇ ਇੰਚਾਰਜ ਇੰਸਪੈਕਟਰ ਪੁਸ਼ਪ ਬਾਲੀ ਨੇ ਡੀ ਐੱਸ ਪੀ (ਡੀ) ਅਤੇ ਐੱਸ ਪੀ ਇਨਵੈਸਟੀਗੇਸ਼ਨ ਜਸਰੂਪ ਕੌਰ ਬਾਠ ਦੀ ਕਮਾਂਡ ਹੇਠ ਵਿਸ਼ੇਸ਼ ਟੀਮ ਦਾ ਗਠਨ ਕੀਤਾ। ਪੁਲਸ ਟੀਮ ਪੁਆੜਾ ਪੁਲੀ ਇਲਾਕੇ 'ਚ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਇੱਕ ਸਥਾਨਕ ਮੁਖਬਰ ਤੋਂ ਸੁਨੀਲ ਕੁਮਾਰ ਦੇ ਅੱਡੇ ਨਿੱਝਰਾਂ ਵਿਖੇ ਨਜਾਇਜ਼ ਹਥਿਆਰਾਂ ਸਮੇਤ ਮੌਜੂਦ ਹੋਣ ਦੀ ਸੂਚਨਾ ਮਿਲੀ। ਪੁਲਸ ਨੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਛਾਪਾ ਮਾਰ ਕੇ ਸੁਨੀਲ ਕੁਮਾਰ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ। ਤਲਾਸ਼ੀ ਦੌਰਾਨ ਸੁਨੀਲ ਕੁਮਾਰ ਕੋਲੋਂ ਇੱਕ .32 ਬੋਰ ਦਾ ਪਿਸਤੌਲ, ਇੱਕ ਮੈਗਜ਼ੀਨ ਅਤੇ ਦੋ ਜ਼ਿੰਦਾ ਰੌਂਦ ਬਰਾਮਦ ਹੋਏ, ਜਦਕਿ ਉਸ ਦੇ ਕਿੱਟ ਬੈਗ ਵਿੱਚੋਂ ਤਿੰਨ ਹੋਰ ਪਿਸਤੌਲ ਅਤੇ ਛੇ ਜ਼ਿੰਦਾ ਰੌਂਦ ਬਰਾਮਦ ਹੋਏ। ਪੁਲਸ ਨੇ ਕੁੱਲ ਮਿਲਾ ਕੇ ਪੰਜ ਪਿਸਤੌਲ ਅਤੇ ਅੱਠ ਰੌਂਦ ਬਰਾਮਦ ਕੀਤੇ ਹਨ। ਅਸਲਾ ਐਕਟ ਦੀ ਧਾਰਾ 25 (1), 25 (6) (7) (8) ਅਤੇ 29/54/59 ਤਹਿਤ ਲਾਂਬੜਾ ਪੁਲਸ ਸਟੇਸ਼ਨ ਵਿਖੇ ਐੱਫ ਆਈ ਆਰ ਦਰਜ ਕੀਤੀ ਗਈ ਹੈ।

ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਸੁਨੀਲ ਕੁਮਾਰ ਮੱਧ ਪ੍ਰਦੇਸ਼ ਤੋਂ ਪੰਜਾਬ ਵਿੱਚ ਹਥਿਆਰਾਂ ਦੀ ਤਸਕਰੀ ਕਰਦਾ ਰਿਹਾ ਹੈ, ਜਿੱਥੇ ਇਨ੍ਹਾਂ ਨੂੰ ਮਹਿੰਗੇ ਭਾਅ ਵੇਚਿਆ ਜਾਂਦਾ ਹੈ। ਮੁਲਜ਼ਮ, ਜੋ ਕਿ ਹਾਲ ਹੀ ਵਿੱਚ ਨਸ਼ਾ ਤਸਕਰੀ ਦੇ ਇੱਕ ਕੇਸ ਵਿੱਚ ਜ਼ਮਾਨਤ 'ਤੇ ਰਿਹਾਅ ਹੋਇਆ ਸੀ, ਦਾ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਨਾਲ ਸੰਬੰਧਤ ਅਪਰਾਧਾਂ ਸਮੇਤ ਅਪਰਾਧਿਕ ਗਤੀਵਿਧੀਆਂ ਦਾ ਲੰਮਾ ਇਤਿਹਾਸ ਹੈ। ਉਸ ਦਾ ਨੈੱਟਵਰਕ ਵਿਦੇਸ਼ਾਂ ਤੋਂ ਕੰਮ ਕਰ ਰਹੇ ਹਾਈ-ਪ੍ਰੋਫਾਈਲ ਅਪਰਾਧੀਆਂ ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਜਗਦੀਪ ਸਿੰਘ ਉਰਫ ਜੱਗਾ ਫੁਕੀਵਾਲ, ਜੋ ਕਿ ਇੰਗਲੈਂਡ ਤੋਂ ਫਿਰੌਤੀ ਰੈਕੇਟ ਚਲਾਉਣ ਲਈ ਜਾਣਿਆ ਜਾਂਦਾ ਹੈ ਅਤੇ ਪਵਨ ਕੁਮਾਰ ਉਰਫ ਪੰਮਾ ਪਾਊਡਰ ਸ਼ਾਮਲ ਹਨ। ਜੱਗਾ ਫੁਕੀਵਾਲ ਅਤੇ ਪੰਮਾ ਪਾਊਡਰ ਵਰਗੇ ਅੰਤਰਰਾਸ਼ਟਰੀ ਗੈਂਗਸਟਰਾਂ ਨਾਲ ਸੰਬੰਧਤ ਦੋਵੇਂ ਬਦਨਾਮ ਅਪਰਾਧੀ ਲੰਡਾ ਹਰੀਕੇ ਨਾਲ ਜੁੜੇ ਹੋਏ ਹਨ। ਇਹ ਹਥਿਆਰਾਂ ਦੀ ਤਸਕਰੀ, ਨਸ਼ੀਲੇ ਪਦਾਰਥਾਂ ਦੀ ਤਸਕਰੀ ਤੇ ਜਬਰੀ ਵਸੂਲੀ ਵਾਲੇ ਇੱਕ ਵਿਆਪਕ ਅਪਰਾਧਿਕ ਨੈੱਟਵਰਕ ਨੂੰ ਦਰਸਾਉਂਦੇ ਹਨ।

ਫੜੇ ਗਏ ਮੁਲਜ਼ਮ ਨੂੰ ਸਥਾਨਕ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਉਸ ਦੇ ਅੱਗੇ ਅਤੇ ਪਿੱਛੇ ਸੰਬੰਧਾਂ ਦੀ ਜਾਂਚ ਕਰਨ ਲਈ ਪੁਲਸ ਰਿਮਾਂਡ ਦੀ ਮੰਗ ਕੀਤੀ ਜਾਵੇਗੀ, ਜਿਸ ਵਿੱਚ ਹਥਿਆਰਾਂ ਦੀ ਖਰੀਦ ਅਤੇ ਯੋਜਨਾਬੱਧ ਅਪਰਾਧਿਕ ਗਤੀਵਿਧੀਆਂ ਸ਼ਾਮਲ ਹਨ।

ਐੱਸ ਐੱਸ ਪੀ ਨੇ ਕਿਹਾ ਕਿ ਗਰੋਹ ਦੇ ਹੋਰ ਫਰਾਰ ਮੈਂਬਰਾਂ ਦੀ ਭਾਲ ਜਾਰੀ ਹੈ ਅਤੇ ਜਾਂਚ ਨਾਲ ਹੋਰ ਬਰਾਮਦਗੀ ਦੀ ਉਮੀਦ ਹੈ।



## ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਐਂਡ ਅਲਾਈਡ ਦੀ ਮਹੀਨਾਵਾਰ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**-ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਐਂਡ ਅਲਾਈਡ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਗੁਰਬਚਨ ਸਿੰਘ ਦੀ ਅਗਵਾਈ ਹੇਠ ਮੰਨ ਵਾਟਰ ਵਰਕਸ ਵਿਖੇ ਹੋਈ।ਜਥੇਬੰਦੀ ਦੇ ਆਗੂ ਮੁਖਤਿਆਰ ਸਿੰਘ ਬੇਦੀ ਤੇ ਜਸਵਿੰਦਰ ਸਿੰਘ ਨੇ ਦੱਸਿਆ ਕਿ 18 ਸਤੰਬਰ ਨੂੰ ਸਾਰੇ ਪੰਜਾਬ ਵਿੱਚ ਮੁੱਖ ਮੰਤਰੀ ਪੰਜਾਬ ਦੇ ਨਾਂਅ ਡਿਪਟੀ ਕਮਿਸ਼ਨਰ ਰਾਹੀਂ ਮੰਗ ਪੱਤਰ ਦਿੱਤੇ ਗਏ, ਜਿਸ ਵਿੱਚ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਹੱਕੀ ਤੇ ਜਾਇਜ਼ ਮੰਗਾਂ ਜਿਵੇਂ ਛੇਵੇਂ ਪੇ ਕਮਿਸ਼ਨ ਦੀ ਰਿਪੋਰਟ ਅਨੁਸਾਰ ਸਾਰੇ ਪੈਨਸ਼ਨਰਾਂ ਦੀ 2-59 ਦੇ ਗੁਣਾਂਕ ਨਾਲ ਪੈਨਸ਼ਨ ਵਿੱਚ ਸੋਧ ਕੀਤੀ ਜਾਵੇ, ਸੋਧੀ ਹੋਈ ਪੈਨਸ਼ਨ ਦਾ ਸਾਰੇ ਪੰਜ ਸਾਲ ਦਾ ਬਕਾਇਆ ਤੁਰੰਤ ਦਿੱਤਾ ਜਾਵੇ, ਡੀ.ਏ ਦੀਆਂ ਕਿਸ਼ਤਾਂ ਦਾ ਬਕਾਇਆ ਤੁਰੰਤ ਦਿੱਤਾ ਜਾਵੇ, 12% ਰਹਿੰਦੀਆਂ ਡੀ.ਏ ਦੀਆਂ ਕਿਸ਼ਤਾਂ ਰਿਲੀਜ਼ ਕੀਤੀਆਂ ਜਾਣ, ਮੈਡੀਕਲ ਭੱਤਾ 2000 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇ, ਕੈਸ਼ਲੈਸ ਸਕੀਮ ਲਾਗੂ ਕੀਤੀ ਜਾਵੇ ਆਦਿ ਮੰਗਾਂ ਮੰਗ ਪੱਤਰ ਅਨੁਸਾਰ ਤੁਰੰਤ ਲਾਗੂ ਕੀਤੀਆਂ ਜਾਣ।ਬੁਲਾਰਿਆਂ ਨੇ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਉਪਰੋਕਤ ਮੰਨੀਆਂ ਹੋਈਆਂ ਮੰਗਾਂ ਲਾਗੂ ਨਾ ਕੀਤੀਆਂ ਤਾਂ 22 ਅਕਤੂਬਰ ਆਲ ਪੈਨਸ਼ਨਰਾਂ ਵੱਲੋਂ ਮੁਹਾਲੀ/ਚੰਡੀਗੜ੍ਹ ਵਿਖੇ ਲਾਮਿਸਾਲ ਇਕੱਠ ਕਰਕੇ ਪੰਜਾਬ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤਾ ਜਾਵੇਗਾ।ਜੇਕਰ ਫਿਰ ਵੀ ਮੰਗਾ ਲਾਗੂ ਨਾ ਕੀਤੀਆਂ ਤਾਂ ਆਉਣ ਵਾਲੀਆਂ ਜ਼ਿਮਨੀ ਚੋਣਾਂ ਵਿੱਚ ਪੰਜਾਬ ਸਰਕਾਰ ਦਾ ਜ਼ਬਰਦਸਤ ਵਿਰੋਧ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੋਵੇਗੀ।ਆਗੂਆਂ ਨੇ ਸਾਰੇ ਸਾਥੀਆਂ ਨੂੰ ਜਥੇਬੰਦੀ ਦੀ ਹਰ ਮੀਟਿੰਗ ਅਤੇ ਸੰਘਰਸ਼ ਵਿੱਚ ਆਉਣ ਦੀ ਅਪੀਲ ਕੀਤੀ ਤੇ ਇਸ ਮੀਟਿੰਗ ਦੇ ਦਿਨ ਹੀ ਜਥੇਬੰਦੀ ਦੇ ਆਗੂ ਚਿੰਤ ਰਾਮ ਨਾਹਰ ਤੇ ਦਰਸ਼ਨ ਸਿੰਘ ਕਪੂਰ ਦਾ ਜਨਮ ਦਿਨ ਵੀ ਮਨਾਇਆ ਗਿਆ।

# ਸੱਤਾ ਧਿਰ ਦੇ ਵਿਅਕਤੀਆਂ ਖ਼ਿਲਾਫ਼ ਮੁਕੱਦਮਾ ਦਰਜ ਹੋਣ 'ਤੇ ਧਰਨਾ ਸਮਾਪਤ



**ਜਲਾਲਾਬਾਦ (ਰਣਬੀਰ ਕੌਰ ਢਾਬਾਂ)**
ਪੰਚਾਇਤੀ ਚੋਣਾਂ ਵਿੱਚ ਉਮੀਦਵਾਰ ਲਈ ਚੋਣ ਲੜਨ ਦੇ ਚਾਹਵਾਨ ਉਮੀਦਵਾਰਾਂ ਦੀਆਂ ਸੱਤਾਧਾਰੀ ਪਾਰਟੀ ਦੇ ਕੁਝ ਵਿਅਕਤੀਆਂ ਵੱਲੋਂ ਪਹਿਲਾਂ ਮਿਥੀ ਸਾਜ਼ਿਸ਼ ਤਹਿਤ ਨਾਮਜ਼ਦਗੀ ਪੱਤਰ ਖੋਹਣ ਤੇ ਪਾੜਨ ਖ਼ਿਲਾਫ਼ ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਦੀ ਅਗਵਾਈ ਵਿੱਚ ਇਲਾਕਾ ਵਾਸੀਆਂ ਵੱਲੋਂ ਤਿੰਨ ਦਿਨਾਂ ਤੋਂ ਚੱਲ ਰਹੇ ਧਰਨੇ ਤੇ ਚੱਕਾ ਨੂੰ ਥਾਣਾ ਸਿਟੀ ਜਲਾਲਾਬਾਦ 'ਚ ਮੁਕੱਦਮਾ ਨੰਬਰ 143 ਮਿਤੀ 7/10/2024 ਦਰਜ ਕਰਕੇ ਜਾਮ ਸਮਾਪਤ ਕਰ ਦਿੱਤਾ ਗਿਆ।ਜਲਾਲਾਬਾਦ ਦੇ ਬੱਤੀਆਂ ਵਾਲੇ ਚੌਂਕ ਵਿਖੇ ਨੈਸ਼ਨਲ ਹਾਈਵੇ ਜਾਮ ਕਰਕੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸ ਰਾਜ ਗੋਲਡਨ, ਮੀਤ ਸਕੱਤਰ ਕਾਮਰੇਡ ਸੁਰਿੰਦਰ ਢੰਡੀਆਂ, ਬੀਜੇਪੀ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਕਾਕਾ ਕੰਬੋਜ, ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ, ਪੰਜਾਬ ਕਿਸਾਨ ਸਭਾ ਦੇ ਆਗੂ ਅਸ਼ੋਕ ਕੰਬੋਜ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਚਾਇਤੀ ਚੋਣਾਂ ਵਿੱਚ ਉਮੀਦਵਾਰ ਲਈ ਚੋਣ ਲੜਨ ਦੇ ਚਾਹਵਾਨ ਉਮੀਦਵਾਰਾਂ ਦੀਆਂ ਜਲਾਲਾਬਾਦ ਦੇ ਇੱਕ ਪੁਲਸ ਅਧਿਕਾਰੀ ਤੇ ਕੁਝ ਪੁਲਸ ਮੁਲਾਜ਼ਮਾਂ ਵੱਲੋਂ ਸੱਤਾਧਾਰੀ ਪਾਰਟੀ ਦੇ ਕੁਝ ਵਿਅਕਤੀਆਂ ਵੱਲੋਂ ਪਹਿਲਾਂ ਮਿਥੀ ਸਾਜ਼ਿਸ਼ ਤਹਿਤ ਨਾਮਜ਼ਦਗੀ ਪੱਤਰ ਖੋਹਣ ਤੇ ਪਾੜਨ ਖ਼ਿਲਾਫ਼ ਇਲਾਕਾ ਵਾਸੀਆਂ ਵੱਲੋਂ ਬੱਤੀਆਂ ਵਾਲੇ ਚੌਂਕ 'ਚ ਚੱਕਾ ਜਾਮ ਤੇ ਧਰਨਾ ਦਿੱਤਾ ਜਾ ਰਿਹਾ ਸੀ। ਪੰਜਾਬ ਪੁਲਸ ਦੇ ਉੱਚ ਅਧਿਕਾਰੀਆਂ ਤੇ ਆਗੂਆਂ ਵਿੱਚ ਲਗਾਤਾਰ ਚੱਲੀਆਂ ਮੀਟਿੰਗਾਂ ਦੌਰਾਨ 'ਤੇ ਜਦੋਂ ਅਧਿਕਾਰੀਆਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਕਿ ਦੋਸ਼ੀਆਂ ਖ਼ਿਲਾਫ਼ ਜਦੋਂ ਤੱਕ ਕਾਰਵਾਈ ਨਹੀਂ ਹੁੰਦੀ, ਉਸ ਸਮੇਂ ਤੱਕ ਧਰਨਾ ਨਹੀਂ ਚੱਕਿਆ ਜਾਵੇਗਾ।ਅਖੀਰ 'ਤੇ ਪੁਲਸ ਵੱਲੋਂ ਮਜਬੂਰ ਹੋ ਕੇ ਦੋਸ਼ੀਆਂ ਤੇ ਕਾਰਵਾਈ ਕਰਦਿਆਂ ਉਕਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ।ਇਸ ਮੁਕੱਦਮੇ ਵਿੱਚ ਜਿੱਥੇ ਨਾਮਜਦਗੀ ਪੱਤਰ ਖੋਹਣ ਨੂੰ ਲੈ ਕੇ ਜਾਣ ਵਾਲੇ ਪਿੰਡ ਚੱਕ ਸੋਹਣਾ ਸਾਂਦੜ ਦੇ ਵਿਅਕਤੀਆਂ 'ਤੇ ਮੁਕੱਦਮਾ ਦਰਜ ਕਰ ਦਿੱਤਾ ਗਿਆ, ਉੱਥੇ ਹੀ ਜਲਾਲਾਬਾਦ ਦੇ ਡੀਐਸਪੀ ਖਿਲਾਫ ਉੱਚ ਅਧਿਕਾਰੀਆਂ ਵੱਲੋਂ ਵਿਭਾਗੀ ਕਾਰਵਾਈ ਕਰਦਿਆਂ ਉਸਦੀ ਇਨਕੁਆਇਰੀ ਖੋਲ੍ਹ ਦਿੱਤੀ ਗਈ ਹੈ। ਪੁਲਸ ਦੇ ਤਿੰਨ ਮੁਲਾਜ਼ਮਾਂ ਸਿਪਾਹੀ ਅਸ਼ਵਨੀ ਕੁਮਾਰ ਤੇ ਸੁਰੇਸ਼ ਕੁਮਾਰ ਨੂੰ ਮੁਅੱਤਲ ਕਰਕੇ ਰਜਿੰਦਰ ਕੁਮਾਰ ਖਿਲਾਫ ਵਿਭਾਗੀ ਕਾਰਵਾਈ ਕਰ ਦਿੱਤੀ ਗਈ ਹੈ, ਜਿਸ ਤੋਂ ਸੰਤੁਸ਼ਟ ਹੁੰਦਿਆਂ ਆਗੂਆਂ ਨੇ ਜਿੱਤ ਦਾ ਨਾਅਰਾ ਲਾਉਂਦਿਆਂ ਅੱਜ ਦੇ ਇਸ ਧਰਨੇ ਨੂੰ ਸਮਾਪਤ ਕਰ ਦਿੱਤਾ ਗਿਆ।ਇਸ ਮੌਕੇ ਹੋਰਾਂ ਤੋਂ ਇਲਾਵਾ ਸੀਪੀਆਈ ਦੇ ਬਲਾਕ ਸਕੱਤਰ ਕਾਮਰੇਡ ਛਿੰਦਰ ਮਹਾਲਮ, ਗੁਰਦਿਆਲ ਸਿੰਘ ਢਾਬਾਂ, ਤੇਜਾ ਅਮੀਰ ਖਾਸ, ਕਾਮਰੇਡ ਜਰਨੈਲ ਢਾਬਾਂ, ਸੀਪੀਆਈ ਬਲਾਕ ਗੁਰੂਹਰਸਹਾਇ ਦੇ ਸਕੱਤਰ ਕਾਮਰੇਡ ਬਲਵੰਤ ਚੁਹਾਣਾ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਕ੍ਰਿਸ਼ਨ ਧਰਮੂਵਾਲਾ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਆਗੂ ਨਰਿੰਦਰ ਢਾਬਾਂ, ਗੁਰਦਿਆਲ ਢਾਬਾਂ ਤੇ ਕਰਨੈਲ ਬੱਗੇ ਕੇ ਨੇ ਵੀ ਸੰਬੋਧਨ ਕੀਤਾ।

## ਪੈਨ ਕਾਰਡ ਦੀ ਦੁਰਵਰਤੋਂ ਕਰਕੇ ਟੈਕਸ ਚੋਰੀ ਦਾ ਮਾਮਲਾ ਸਾਹਮਣੇ ਆਇਆ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫ਼ਿਰੋਜ਼ਪੁਰ ਦੀ ਪੁਲਸ ਨੇ ਸੀ.ਐਨ.ਆਈ ਚਰਚ ਫ਼ਿਰੋਜ਼ਪੁਰ ਦੇ ਪਤੇ 'ਤੇ ਬਣੇ ਪੈਨ ਕਾਰਡ ਦੀ ਗਲਤ ਵਰਤੋਂ ਕਰਕੇ ਉੱਤਰ ਪ੍ਰਦੇਸ਼ 'ਚ ਜਾਇਦਾਦ ਵੇਚਣ ਦਾ ਝਾਂਸਾ ਦੇ ਕੇ ਠੱਗੀ ਮਾਰਨ ਵਾਲੇ ਤਿੰਨ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਕੀਤਾ ਹੈ।ਥਾਣਾ ਸਿਟੀ ਫ਼ਿਰੋਜ਼ਪੁਰ ਦੇ ਸਹਾਇਕ ਇੰਸਪੈਕਟਰ ਅਯੂਬ ਮਸੀਹ ਨੇ ਦੱਸਿਆ ਕਿ ਪੁਲਿਸ ਨੂੰ ਦਿੱਤੇ ਬਿਆਨਾਂ 'ਚ ਸ਼ਿਕਾਇਤਕਰਤਾ ਜੀਤ ਸਰਵਰ ਸਿੱਧੂ ਸੈਕਟਰੀ ਪੁੱਤਰ ਸਵਰਗੀ ਇਮੈਨੂਅਲ ਸਿੱਧੂ ਵਾਸੀ ਮਕਾਨ ਨੰਬਰ 37 ਭਗਤਾਂਵੀ ਐਨਕਲੇਵ ਸਤੀਵਾਲਾ ਬਾਈਪਾਸ ਫ਼ਿਰੋਜ਼ਪੁਰ ਨੇ ਦੱਸਿਆ ਕਿ 10 ਜੁਲਾਈ, 2027 ਦੇ ਪ੍ਰਸਤਾਵ ਦੇ ਅਨੁਸਾਰ, ਆਈ ਚਰਚ ਫ਼ਿਰੋਜ਼ਪੁਰ ਦਾ ਪੈਨ ਕਾਰਡ ਰੇਵਰ ਰਾਮ ਲਾਲ ਜੋ ਚੇਅਰਮੈਨ/ਪ੍ਰੈਸਬੀਟਰ ਇੰਚਾਰਜ ਸੀ ਤੇ ਮਿਸਟਰ ਬੈਂਜਾਮਿਨ ਜਾਰਜ ਪੌਰਕ ਜੋ ਸਕੱਤਰ ਸੀ, ਦੇ ਕਾਰਜਕਾਲ ਦੌਰਾਨ ਤਿਆਰ ਕੀਤਾ ਗਿਆ ਸੀ, ਜਿਸ ਵੱਲੋਂ ਇਹ ਪੈਨ ਕਾਰਡ ਕਮੇਟੀ ਦੀਆਂ ਹਦਾਇਤਾਂ ਅਨੁਸਾਰ ਨਾਰਥ ਇੰਡੀਆ ਟਰੱਸਟ ਐਸੋਸੀਏਸ਼ਨ ਦੇ ਚਰਚੇ ਦੇ ਨਾਂਅ 'ਤੇ ਤਿਆਰ ਕੀਤਾ ਜਾਣਾ ਸੀ, ਪਰ ਦੋਸ਼ੀ ਜੋਰਡਨ ਮਸੀਹ ਵਾਸੀ ਮਕਾਨ ਨੰਬਰ 2213 ਬੀ.ਐਕਸ-1-6 ਸੀ.ਐਨ.ਆਈ ਮਿਸ਼ਨ ਕੰਪਾਊਂਡ ਸ਼ਫੀਆ ਬਾਗ ਰੋਡ ਸੀ. ਲੁਧਿਆਣਾ, ਰਾਮ ਲਾਲ ਪੁੱਤਰ ਮਹਿਗਨ ਰਾਮ ਵਾਸੀ ਬਸਤੀ ਬਈਆ, ਨੇੜੇ ਜਹਾਨ ਖੇਲਾਂ ਟਰੇਨਿੰਗ ਸੈਂਟਰ, ਹੁਸ਼ਿਆਰਪੁਰ ਹਾਲ, ਮਕਾਨ ਨੰ: 1, ਸੀ.ਐਨ.ਆਈ. ਮਿਸ਼ਨ ਕੰਪਾਊਂਡ, ਨੇੜੇ ਬਰਾਊਨ ਰੋਡ, ਕਲਵਾੜੀ ਚਾਰ, ਲੁਧਿਆਣਾ ਤੇ ਬੈਂਜਾਮਿਨ ਜਾਰਜ ਪੱਕ ਪੁੱਤਰ ਮਰਹੂਮ ਜਾਰਜ ਵਿਲੀਅਮ ਪਾਰਕ, ਨਿਵਾਸੀ ਮਕਾਨ ਨੰਬਰ 675, ਚੌਕੀ ਵਾਲੀ ਗਲੀ, ਸ਼ਾਂਤੀ ਨਗਰ, ਫ਼ਿਰੋਜ਼ਪੁਰ, ਸ਼ਾਦੀ ਪ੍ਰਾਪਤ ਨੇੜੇ ਉਤੇ ਰਸਤੇ ਬਾਰੇ ਵਿਚਾਰ-ਵਟਾਂਦਰਾ ਕਰਕੇ ਯੂਨਾਈਟਿਡ ਚਰਚ ਆਫ ਨਾਰਦਰਨ ਇੰਡੀਆ ਟਰੱਸਟ ਐਸੋਸੀਏਸ਼ਨ ਦੇ ਨਾਂਅ 'ਤੇ ਇੱਕ ਝੂਠਾ ਪੈਨ ਕਾਰਡ ਨੰਬਰ ਏਏਜ਼ੀਜੇਟੀ 3184ਐਮ ਤਿਆਰ ਕੀਤਾ।ਉਕਤ ਪੈਨ ਕਾਰਡ ਦੀ ਦੁਰਵਰਤੋਂ ਕਰ ਕੇ ਸਹਾਰਨਪੁਰ, ਉੱਤਰ ਪ੍ਰਦੇਸ਼ ਵਿਖੇ ਅਚੱਲ ਜਾਇਦਾਦ ਵੇਚ ਕੇ ਉਕਤ ਪੈਨ ਕਾਰਡ ਦੀ ਠੱਗੀ ਮਾਰੀ ਹੈ।

ਮਾਮਲੇ ਦੀ ਜਾਂਚ ਕਰ ਰਹੇ ਥਾਣਾ ਮੁਖੀ ਅਯੂਬ ਮਸੀਹ ਨੇ ਦੱਸਿਆ ਕਿ ਪੁਲਿਸ ਨੇ ਉਕਤ ਮਾਮਲੇ 'ਚ ਕਥਿਤ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## 'ਐਪਸੋ' ਵੱਲੋਂ ਵਿਸ਼ਵ ਸ਼ਾਂਤੀ ਤੇ ਭਾਈਚਾਰੇ ਸੰਬੰਧੀ ਸੈਮੀਨਾਰ



**ਮਲੋਟ (ਗੁਰਮੀਤ ਸਿੰਘ ਮੱਕੜ)**-ਸੀ.ਜੀ.ਐਮ ਕਾਲਜ ਮੋਹਲਾਂ ਵਿਖੇ ਆਲ ਇੰਡੀਆ ਪੀਸ ਐਂਡ ਸੌਲੀਡੈਰਟੀ ਆਰਗੇਨਾਈਜੇਸ਼ਨ (ਐਪਸੋ) ਦੇ ਸੱਦੇ 'ਤੇ ਸੈਮੀਨਾਰ ਕੀਤਾ ਗਿਆ, ਜਿਸ ਵਿਚ 'ਅਮਨ, ਸ਼ਾਤੀ ਅਤੇ ਜੰਗ ਦੇ ਮਾਰੂ ਅਸਰ' ਵਿਸ਼ੇ 'ਤੇ ਚਰਚਾ ਕੀਤੀ ਗਈ। 'ਐਪਸੋ' ਦੇ ਆਲ ਇੰਡੀਆ ਸਕੱਤਰ ਹਰਚੰਦ ਸਿੰਘ ਬਾਠ ਤੇ ਪੰਜਾਬ ਦੇ ਸਕੱਤਰ ਜਸਪਾਲ ਸਿੰਘ ਦੱਧਰ ਦਾ ਸੰਦੇਸ਼ 'ਆਪਸੀ ਅਮਨ ਤੇ ਭਾਈਚਾਰਾ ਅਤੇ ਜੰਗਾਂ ਨੂੰ ਕਿਵੇਂ ਖਤਮ ਕੀਤਾ ਜਾਵੇ। ਸੀ.ਜੀ.ਐਮ ਕਾਲਜ ਮੋਹਲਾਂ ਦੇ ਚੇਅਰਮੈਨ ਸੱਤਪਾਲ ਮੋਹਲਾਂ ਨੇ ਪਰਚਾ ਪੜ੍ਹਿਆ ਅਤੇ ਨਾਲ ਹੀ 'ਐਪਸੋ' ਦੇ ਬਾਰੇ ਵਿਚ ਵਿਸਥਾਰ ਨਾਲ ਵਿਦਿਆਰਥੀਆਂ ਨੂੰ ਦੱਸਿਆ। ਉਨ੍ਹਾਂ ਕਿਹਾ ਕਿ ਇਜ਼ਰਾਇਲ ਵੱਲੋਂ ਅਮਰੀਕਾ ਦੀ ਸ਼ੈਅ 'ਤੇ ਗਾਜ਼ਾ-ਪੱਟੀ ਵਿਖੇ ਫਲਸਤੀਨੀਆਂ 'ਤੇ ਹੋ ਰਹੇ ਨਰ-ਸੰਘਾਰ ਦੀ ਨਿਖੇਧੀ ਕਰਦਿਆਂ ਮਨੁੱਖਤਾ ਨੂੰ ਬਚਾਉਣ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਜੰਗਾਂ ਦੁਆਰਾ ਮਨੁੱਖਤਾ ਦਾ ਘਾਣ ਹੋ ਰਿਹਾ ਹੈ ਅਤੇ ਅਮਰੀਕਾ ਤੇ ਉਸਦੇ ਸਹਿਯੋਗੀ ਦੇਸ਼ ਆਪਣਾ ਸਾਮਰਾਜ ਕਾਇਮ ਰੱਖਣ ਲਈ ਹਥਿਆਰ ਵੇਚ ਕੇ ਦੁਨੀਆ ਨੂੰ ਤਬਾਹ ਕਰ ਰਹੇ ਹਨ। ਕਾਲਜ ਪ੍ਰਿੰਸੀਪਲ ਡਾ. ਬਲਜੀਤ ਸਿੰਘ ਗਿੱਲ, ਮੈਨੇਜਮੈਂਟ ਕਮੇਟੀ ਮੈਂਬਰ ਨਵਜੀਤ ਮੋਹਲਾਂ, ਜਗਤਾਰ ਬਰਾੜ ਅਤੇ ਰਾਜ ਕੁਮਾਰ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

## ਸੇਜਲਪ੍ਰੀਤ ਕੌਰ ਨੇ ਅੰਤਰਰਾਸ਼ਟਰੀ ਤਾਈਕਵਾਂਡੋ ਚੈਂਪੀਅਨਸ਼ਿਪ 'ਚ ਜਿੱਤਿਆ ਸੋਨੇ ਦਾ ਮੈਡਲ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਵੇਕਾਨੰਦ ਵਰਲਡ ਸਕੂਲ ਨੇ ਸਫਲਤਾ ਦਾ ਇੱਕ ਹੋਰ ਝੰਡਾ ਲਹਿਰਾਇਆ ਹੈ। ਸਕੂਲ ਦੇ ਡਾਇਰੈਕਟਰ ਡਾ. ਐੱਸ.ਐੱਨ.ਰੁਦਰਾ ਨੇ ਦੱਸਿਆ ਕਿ ਵਿਵੇਕਾਨੰਦ ਵਰਲਡ ਸਕੂਲ ਜੋ ਕਿ ਸੀ.ਬੀ.ਐਸ.ਈ. ਨਾਲ ਸਬੰਧਤ ਹੈ, ਨੇ ਆਪਣੀਆਂ ਵਿੱਦਿਅਕ ਅਤੇ ਖੇਡ ਪ੍ਰਾਪਤੀਆਂ ਨਾਲ ਇੱਕ ਵਾਰ ਫਿਰ ਮਾਣ ਪ੍ਰਾਪਤ ਕੀਤਾ ਹੈ।ਸਕੂਲ ਦੀ 12ਵੀਂ ਜਮਾਤ ਦੀ ਵਿਦਿਆਰਥਣ ਸੇਜਲਪ੍ਰੀਤ ਕੌਰ ਨੇ ਇੰਟਰਨੈਸ਼ਨਲ ਤਾਈਕਵਾਂਡੋ ਚੈਂਪੀਅਨਸ਼ਿਪ ਵਿੱਚ ਸੋਨੇ ਦਾ ਮੈਡਲ ਜਿੱਤ ਕੇ ਨਾ ਸਿਰਫ਼ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ, ਸਗੋਂ ਦੇਸ਼ ਦਾ ਵੀ ਨਾਂਅ ਰੌਸ਼ਨ ਕੀਤਾ ਹੈ।ਇਹ ਮੁਕਾਬਲਾ 6 ਅਕਤੂਬਰ ਨੂੰ ਬੈਂਕਾਕ ਵਿੱਚ ਹੋਇਆ ਸੀ।ਸਕੂਲ ਮੈਨੇਜਮੈਂਟ ਕਮੇਟੀ ਨੇ ਸੇਜਲਪ੍ਰੀਤ ਕੌਰ ਨੂੰ ਇਸ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੱਤੀ ਤੇ ਉਸ ਦੀ ਇਤਿਹਾਸਕ ਕਾਰਗੁਜ਼ਾਰੀ 'ਤੇ ਮਾਣ ਪ੍ਰਗਟ ਕੀਤਾ। ਸੇਜਲਪ੍ਰੀਤ ਨੇ ਆਪਣੀ ਮਿਹਨਤ, ਲਗਨ ਤੇ ਅਨੁਸ਼ਾਸਨ ਦੇ ਬਲਬੂਤੇ ਇਸ ਚੈਂਪੀਅਨਸ਼ਿਪ ਵਿੱਚ ਸੋਨੇ ਦਾ ਮੈਡਲ ਜਿੱਤਿਆ ਹੈ।ਵਿਵੇਕਾਨੰਦ ਵਰਲਡ ਸਕੂਲ ਦੀ ਪ੍ਰਿੰਸੀਪਲ ਤਜਿੰਦਰ ਪਾਲ ਕੌਰ ਨੇ ਸੇਜਲਪ੍ਰੀਤ ਦੀ ਇਸ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਤੇ ਉਸ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।ਉਨ੍ਹਾਂ ਕਿਹਾ ਕਿ ਸੇਜਲਪ੍ਰੀਤ ਦੀ ਇਹ ਜਿੱਤ ਸਕੂਲ ਲਈ ਹੀ ਨਹੀਂ, ਸਗੋਂ ਸਾਰੇ ਵਿਦਿਆਰਥੀਆਂ ਲਈ ਪ੍ਰੇਰਨਾਦਾਇਕ ਹੈ। ਉਨ੍ਹਾਂ ਸਕੂਲ ਦੇ ਕੋਚ ਰੁਸਤਮਪ੍ਰੀਤ ਸਿੰਘ ਨੂੰ ਸੇਜਲਪ੍ਰੀਤ ਦੀ ਸਫ਼ਲਤਾ 'ਤੇ ਵਧਾਈ ਦਿੰਦਿਆਂ ਕਿਹਾ ਕਿ ਇਹ ਸਫ਼ਲਤਾ ਉਸ ਦੀ ਲਗਨ ਅਤੇ ਸਿਖਲਾਈ ਦਾ ਨਤੀਜਾ ਹੈ।

## ਬੀਬੀ ਬਾਦਲ ਵੱਲੋਂ ਗਿੱਦੜਬਾਹਾ ਦੇ ਲੋਕਾਂ ਨੂੰ ਇੱਕ ਮੌਕਾ ਦੇਣ ਦੀ ਅਪੀਲ



**ਸ੍ਰੀ ਮੁਕਤਸਰ ਸਾਹਿਬ/ਗਿੱਦੜਬਾਹਾ (ਸ਼ਮਿੰਦਰ ਪਾਲ/ਪੂਜਾ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਬਠਿੰਡਾ ਦੇ ਐਮ ਪੀ ਹਰਸਿਮਰਤ ਕੌਰ ਬਾਦਲ ਨੇ ਗਿੱਦੜਬਾਹਾ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਵਿਧਾਨ ਸਭਾ ਹਲਕੇ ਦਾ ਮੁਹਾਂਦਰਾ ਬਦਲਣ ਲਈ ਪ੍ਰਕਾਸ਼ ਸਿੰਘ ਬਾਦਲ ਦੇ ਪਰਵਾਰ ਨੂੰ ਇੱਕ ਮੌਕਾ ਦਿੱਤਾ ਜਾਵੇ।ਹਲਕੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਨ ਮਗਰੋਂ ਬੀਬੀ ਬਾਦਲ ਨੇ ਕਿਹਾ ਕਿ ਸਾਡਾ ਪਰਵਾਰ ਪ੍ਰਕਾਸ਼ ਸਿੰਘ ਬਾਦਲ ਦੇ ਵੇਲੇ ਹੋਏ ਵਿਕਾਸ ਦੇ ਯੁੱਗ ਨੂੰ ਵਾਪਸ ਲਿਆਉਣ ਲਈ ਦ੍ਰਿੜ੍ਹ ਸੰਕਲਪ ਹੈ।ਉਨ੍ਹਾਂ ਕਿਹਾ ਕਿ ਆਉਂਦੀ ਜ਼ਿਮਨੀ ਚੋਣ ਲਈ ਪਾਰਟੀ ਦੀ ਮੁਹਿੰਮ ਦੀ ਅਗਵਾਈ ਕਰਨ ਦਾ ਮੌਕਾ ਮਿਲਿਆ ਹੈ।ਉਨ੍ਹਾਂ ਕਿਹਾ ਕਿ ਮੈਂ ਤੁਹਾਡੇ ਕੋਲ ਇਸ ਲਈ ਆਈ ਹਾਂ, ਕਿਉਂਕਿ ਜਿਸ ਵਿਅਕਤੀ ਨੂੰ ਤੁਹਾਡੀ ਸੇਵਾ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਉਸ ਨੇ ਪਾਰਟੀ ਨੂੰ ਧੋਖਾ ਦਿੱਤਾ।ਇਸ ਸਦਕਾ ਮੈਨੂੰ ਮੌਕਾ ਮਿਲਿਆ ਕਿ ਮੈਂ ਨਾ ਸਿਰਫ ਤੁਹਾਡੇ ਵਿਚ ਆਈ ਹਾਂ, ਸਗੋਂ ਸਿੱਧੇ ਤੁਹਾਡੇ ਨਾਲ ਰਾਬਤਾ ਕਰਕੇ ਤੁਹਾਡੀ ਮੁਸ਼ਕਲ ਜਾਣ ਸਕਾਂਗੀ। ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਸਮਾਂ ਆ ਗਿਆ ਹੈ ਕਿ ਕਾਂਗਰਸ ਤੇ ਆਪ ਦੋਵਾਂ ਨੂੰ ਸਬਕ ਸਿਖਾਇਆ ਜਾਵੇ।

## ਦਾ ਸੁਪੀਰੀਅਰ ਵਰਲਡ ਦੇ ਵਿਦਿਆਰਥੀਆਂ ਦਾ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ੍ਰੀ ਭੈਣੀ ਸਾਹਿਬ ਵਿਖੇ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਦਾ ਸੁਪੀਰੀਅਰ ਵਰਲਡ ਸਕੂਲ ਦੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਵੀ ਭਾਗ ਲਿਆ, ਜਿਸ ਵਿਚ ਦਾ ਸੁਪੀਰੀਅਰ ਵਰਲਡ ਸਕੂਲ ਦੀਆਂ ਵਿਦਿਆਰਥਣਾਂ ਅਨੀਕਾ, ਇਸ਼ਰਤ, ਸਨਵੀਨ ਅਤੇ ਪਲਕ ਨੇ ਬੈਡਮਿੰਟਨ ਦੇ ਮੁਕਾਬਲੇ 'ਚ ਆਪਣੀਆਂ ਖੇਡ ਤਕਨੀਕਾਂ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਵਿਦਿਆਰਥਣ ਅਨੀਕਾ, ਇਸ਼ਰਤ, ਸੰਵੀਨ ਤੇ ਪਲਕ ਨੇ ਬੈਡਮਿੰਟਨ (ਡਬਲਜ਼) ਵਿਚ ਸੋਨ ਤਗਮਾ ਤੇ ਅਨੀਕਾ ਨੇ ਚਾਂਦੀ ਦਾ ਤਗਮਾ (ਸਿੰਗਲ) ਜਿੱਤਿਆ। ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਪ੍ਰਿੰਸੀਪਲ ਰਸ਼ਮੀ ਸ਼ਰਮਾ, ਭਜਨ ਕੌਰ ਨੇ ਵਿਦਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਤੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਤੋਂ ਇਲਾਵਾ ਖੇਡਾਂ ਦੇ ਇੰਚਾਰਜ ਕਰਨਦੀਪ ਸਿੰਘ, ਸੰਦੀਪ ਕੌਰ ਤੇ ਜਸਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਬਾਬਾ ਬੁੱਢਾ ਜੀ ਦੇ ਜੋੜ ਮੇਲੇ ਨੂੰ ਸਮਰਪਤ ਮੈਡੀਕਲ ਕੈਂਪ ਲਾਇਆ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਪਿੰਡ ਚੰਦਬਾਜਾ ਵਿਖੇ ਧੰਨ ਧੰਨ ਬਾਬਾ ਬੁੱਢਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਲੱਗੇ ਹੋਏ 3 ਰੋਜ਼ਾ ਮੈਡੀਕਲ ਕੈਂਪ ਦੀ ਸਮਾਪਤੀ ਵਾਲੇ ਦਿਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਪਾਏ ਗਏ।ਡਾਕਟਰ ਰਛਪਾਲ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਤੇ ਡਾਕਟਰ ਅੰਮ੍ਰਿਤਪਾਲ ਸਿਘ ਬਲਾਕ ਪ੍ਰਧਾਨ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸੰਗਤਾਂ ਦੇ ਦਰਸ਼ਨ ਦੀਦਾਰੇ ਕੀਤੇ ਅਤੇ ਕੈਂਪ ਦਾ ਉਪਰਾਲਾ ਕਰਨ ਵਾਲੇ ਡਾਕਟਰ ਜਗਮੇਲ ਸਿੰਘ ਚੰਦਬਾਜਾ, ਡਾਕਟਰ ਜਸਪਾਲ ਸਿੰਘ ਚੰਦਬਾਜਾ, ਡਾਕਟਰ ਹਰਭਜਨ ਸਿੰਘ ਖਾਲਸਾ , ਡਾਕਟਰ ਬੂਟਾ ਸਿੰਘ ਧੂੜਕੋਟ ਦਾ ਵਿਸ਼ੇਸ਼ ਧੰਨਵਾਦ ਕੀਤਾ। ਕੈਂਪ ਵਿੱਚ 1800 ਦੇ ਕਰੀਬ ਮਰੀਜ਼ ਦੇਖੇ ਗਏ। ਕੈਂਪ ਵਿੱਚ 3 ਦਿਨ 24 ਘੰਟੇ ਸੇਵਾ ਕਰਨ ਵਾਲੇ ਸਾਥੀਆਂ ਵਿਚ ਡਾਕਟਰ ਜਸਪਿੰਦਰ ਸਿਘ ਭਾਗਥਲਾ, ਡਾਕਟਰ ਸੁਭਾਸ਼ ਚੰਦਰ ਮੰਡਵਾਲਾ, ਡਾਕਟਰ ਗੁਰਵਿੰਦਰ ਸਿੰਘ, ਡਾਕਟਰ ਮਨਜੀਤ ਸਿੰਘ ਘੁਮਿਆਰਾ, ਡਾਕਟਰ ਪ੍ਰੇਮ ਨਾਥ ਢੁੱਡੀ, ਡਾਕਟਰ ਗੁਰਮੀਤ ਸਿੰਘ ਢੁੱਡੀ, ਡਾਕਟਰ ਕੁਲਵੰਤ ਸਿੰਘ ਜਨਰਲ ਸੈਕਟਰੀ, ਡਾਕਟਰ ਰਜਿੰਦਰ ਅਰੋੜਾ, ਡਾਕਟਰ ਸੇਵਕ ਸਿਘ ਬਰਾੜ ਆਦਿ ਹਾਜ਼ਰ ਸਨ।

# ਸੇਵਾ ਨੂੰ ਭੇਦਭਾਵ ਨਾਲ ਦੇਖਣ ਦੀ ਬਜਾਏ ਨਿਰਸਵਾਰਥ ਭਾਵ ਨਾਲ ਕਰੋ : ਮਾਤਾ ਸੁਦੀਕਸ਼ਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**
ਪਟਿਆਲਾ ਜ਼ੋਨ ਦੇ ਜ਼ੋਨਲ ਇੰਚਾਰਜ ਸ੍ਰੀ ਰਾਧੇ ਸ਼ਾਮ ਤੇ ਸੰਯੋਜਕ ਸੁਰਿੰਦਰ ਸਿੰਘ ਐਡਵੋਕੇਟ ਨੇ ਦੱਸਿਆ ਕਿ 77ਵੇਂ ਸਲਾਨਾ ਸੰਤ ਨਿਰੰਕਾਰੀ ਦੀਆਂ ਤਿਆਰੀਆਂ ਲਈ ਸੇਵਾ ਦਾ ਉਦਘਾਟਨ ਕਰਦਿਆਂ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਫਰਮਾਇਆ ਕਿ ਇਸ ਸੰਸਾਰ ਵਿੱਚ ਕਈ ਤਰ੍ਹਾਂ ਦੇ ਲੋਕ ਰਹਿੰਦੇ ਹਨ, ਜਿਨ੍ਹਾਂ ਦੀ ਭਾਸ਼ਾ, ਪਹਿਰਾਵਾ, ਭੋਜਨ, ਜਾਤ, ਧਰਮ ਅਤੇ ਸੱਭਿਆਚਾਰ ਆਦਿ ਵੱਖ-ਵੱਖ ਹਨ। ਪਰ ਇੰਨੀਆਂ ਭਿੰਨਤਾਵਾਂ ਦੇ ਬਾਵਜੂਦ, ਸਾਡੇ ਸਾਰਿਆਂ ਵਿੱਚ ਇੱਕ ਗੱਲ ਸਾਂਝੀ ਹੈ ਕਿ ਅਸੀਂ ਸਾਰੇ ਇਨਸਾਨ ਹਾਂ। ਸਾਡਾ ਰੰਗ, ਪਹਿਰਾਵਾ, ਦੇਸ਼ ਜਾਂ ਖਾਣ-ਪੀਣ ਦੀਆਂ ਆਦਤਾਂ ਕੋਈ ਵੀ ਹੋਣ, ਸਾਰਿਆਂ ਦੀਆਂ ਰਗਾਂ ਵਿੱਚ ਇੱਕੋ ਜਿਹਾ ਖ਼ੂਨ ਵਗਦਾ ਹੈ ਤੇ ਹਰ ਕੋਈ ਇੱਕੋ ਜਿਹਾ ਸਾਹ ਲੈਂਦਾ ਹੈ।ਅਸੀਂ ਸਾਰੇ ਰੱਬ ਦੇ ਬੱਚੇ ਹਾਂ।ਇਸ ਭਾਵਨਾ ਨੂੰ ਕਈ ਸੰਤਾਂ ਨੇ ਵੱਖ-ਵੱਖ ਸਮਿਆਂ ਤੇ ਸਥਾਨਾਂ 'ਤੇ 'ਸਾਰਾ ਸੰਸਾਰ, ਇੱਕ ਪਰਿਵਾਰ' ਦੇ ਸੰਦੇਸ਼ ਦੇ ਰੂਪ ਵਿੱਚ ਆਪਣੀ ਭਾਸ਼ਾ ਅਤੇ ਸ਼ੈਲੀ ਵਿੱਚ ਪ੍ਰਗਟ ਕੀਤਾ।ਪਿਛਲੇ 95 ਸਾਲਾਂ ਤੋਂ ਸੰਤ ਨਿਰੰਕਾਰੀ ਮਿਸ਼ਨ ਨਾ ਸਿਰਫ਼ ਇਹ ਸੰਦੇਸ਼ ਦੇ ਰਿਹਾ ਹੈ, ਸਗੋਂ ਲਗਾਤਾਰ ਕਈ ਸਤਿਸੰਗ ਅਤੇ ਇਕੱਠ ਕਰਕੇ ਇਸ ਸੰਦੇਸ਼ ਦੀ ਜਿਉਂਦੀ ਜਾਗਦੀ ਮਿਸਾਲ ਵੀ ਪੇਸ਼ ਕਰ ਰਿਹਾ ਹੈ।ਇਸ ਸਾਲ ਵੀ ਮਿਸ਼ਨ ਦੇ ਲੱਖਾਂ ਸ਼ਰਧਾਲੂ 16, 17 ਤੇ 18 ਨਵੰਬਰ ਨੂੰ ਸੰਤ ਨਿਰੰਕਾਰੀ ਅਧਿਆਤਮਿਕ ਸਥੱਲ ਸਮਾਲਖਾ, ਹਰਿਆਣਾ ਵਿਖੇ ਹੋਣ ਵਾਲੇ 77ਵੇਂ ਸਲਾਨਾ ਨਿਰੰਕਾਰੀ ਸੰਤ ਸਮਾਗਮ ਵਿੱਚ ਪਹੁੰਚ ਕੇ ਇੱਕ ਵਾਰ ਫਿਰ ਮਾਨਵਤਾ ਦੇ ਮਹਾਂਕੁੰਭ ਦਾ ਨਜ਼ਾਰਾ ਸਜਾਉਣ ਜਾ ਰਹੇ ਹਨ।

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 6 ਅਕਤੂਬਰ ਨੂੰ ਇਸ ਸੰਤ ਸਮਾਗਮ ਲਈ ਜ਼ਮੀਨ ਤਿਆਰ ਕਰਨ ਦੀ ਸੇਵਾ ਦਾ ਸ਼ੁੱਭ ਆਰੰਭ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਜੀ ਦੇ ਚਰਨ ਕਮਲਾਂ ਦੁਆਰਾ ਕੀਤਾ ਗਿਆ।ਮਿਸ਼ਨ ਦੀ ਕਾਰਜਕਾਰਨੀ ਕਮੇਟੀ ਦੇ ਸਮੂਹ ਮੈਂਬਰ, ਕੇਂਦਰੀ ਸੇਵਾ ਦਲ ਦੇ ਅਧਿਕਾਰੀ ਤੇ ਹਜ਼ਾਰਾਂ ਹੋਰ ਸਤਿਸੰਗ ਦੇ ਸ਼ਰਧਾਲੂ ਹਾਜ਼ਰ ਸਨ।ਜ਼ਿਕਰਯੋਗ ਹੈ ਕਿ 600 ਏਕੜ 'ਚ ਫੈਲੇ ਇਸ ਵਿਸ਼ਾਲ ਸੰਤ ਸਮਾਗਮ 'ਤੇ ਲੱਖਾਂ ਸੰਤਾਂ ਦੇ ਠਹਿਰਣ, ਖਾਣ-ਪੀਣ, ਸਿਹਤ ਤੇ ਆਵਾਜਾਈ ਦੇ ਹੋਰ ਵੀ ਕਈ ਤਰ੍ਹਾਂ ਦੇ ਪ੍ਰਬੰਧ ਕੀਤੇ ਜਾਂਦੇ ਹਨ, ਜਿਸ ਲਈ ਮਹੀਨਾ ਭਰ ਸ਼ਰਧਾਲੂ ਸ਼ਰਧਾ ਭਾਵਨਾ ਨਾਲ ਆਉਂਦੇ ਹਨ ਤੇ ਸੇਵਾ ਕਰਦੇ ਹਨ।

# ਮਾਲਵੇ ਦਾ ਰਵਾਇਤੀ ਮੇਲਾ 'ਮੇਲਾ ਦੇਸ਼ ਭਗਤਾਂ ਦਾ' 16 ਨਵੰਬਰ ਨੂੰ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਮਾਲਵੇ ਦਾ ਰਵਾਇਤੀ ਤੇ ਅੰਤਰਰਾਸ਼ਟਰੀ ਪਛਾਣ ਬਣਾ ਚੁੱਕਿਆ 'ਮੇਲਾ ਦੇਸ਼ ਭਗਤਾਂ' ਦਾ 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਤੇ ਗਦਰ ਲਹਿਰ ਦੇ ਨਾਇਕਾਂ ਦੀ ਯਾਦ ਵਿੱਚ ਦੇਸ਼ ਭਗਤ ਯਾਦਗਾਰ ਦੇ ਵਿਹੜੇ ਵਿੱਚ ਆਯੋਜਤ ਹੋਵੇਗਾ।ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਹਰ ਸਾਲ ਆਯੋਜਤ ਹੋਣ ਵਾਲੇ 20ਵੇਂ ਮੇਲੇ ਨੂੰ ਜ਼ੁਬਾਨਬੰਦੀ ਖਿਲਾਫ ਸਰਗਰਮ ਲੋਕਪੱਖੀ ਅਵਾਜ਼ਾਂ ਨੂੰ ਸਮਰਪਿਤ ਕੀਤਾ ਗਿਆ ਹੈ।ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਲੋਕ ਰੰਗਮੰਚ ਮੁਲਾਂਪੁਰ ਵੱਲੋਂ ਰਾਤ ਨੂੰ 'ਸ਼ਹਿਰ ਤੇਰੇ ਵਿੱਚ' ਤੇ 'ਗਾਥਾ ਕਾਲੇ ਪਾਣੀਆਂ ਦੀ' ਨਾਟਕਾਂ ਦੇ ਮੰਚਨ ਤੋ ਇਲਾਵਾ ਕੋਰੀਓਗ੍ਰਾਫੀ ਦਾ ਮੰਚਨ ਕੀਤਾ ਜਾਵੇਗਾ, ਜਦੋਂਕਿ ਦਿਨ ਵੇਲੇ ਸਕੂਲਾਂ ਦੇ ਵਿਦਿਆਰਥੀਆਂ ਦੇ ਗਾਇਨ, ਭਾਸ਼ਣ ਤੇ ਕੋਰੀਓਗ੍ਰਾਫੀ ਮੁਕਾਬਲੇ ਕਰਾਏ ਜਾਣਗੇ।ਸੰਸਥਾ ਆਗੂਆਂ ਜੁਝਾਰ ਲੌਂਗੋਵਾਲ ਤੇ ਬਲਵੀਰ ਚੰਦ ਲੌਂਗੋਵਾਲ ਨੇ ਦੱਸਿਆ ਕਿ ਇਸ ਮੌਕੇ ਅਹਿਮਦਗੜ੍ਹ ਡਕੈਤੀ ਕੇਸ ਦੇ ਨਾਇਕ ਕਾਮਰੇਡ ਹਰਨਾਮ ਸਿੰਘ ਚਮਕ ਦੇ ਪਰਵਾਰ ਦਾ ਸਨਮਾਨ ਕਰਨ ਤੋਂ ਇਲਾਵਾ ਅਗਾਂਹਵਧੂ ਸਾਹਿਤ ਦੀਆਂ ਪ੍ਰਦਰਸ਼ਨੀਆਂ ਲਾਈਆਂ ਜਾਣਗੀਆਂ।

# ...ਸ.ਫ਼ਾ 1 ਦੇ ਬਾਕੀ

## ਜੰਮੂ-ਕਸ਼ਮੀਰ 'ਚ 'ਇੰਡੀਆ'...

ਫਾਰੂਕ ਅਬਦੁੱਲਾ ਨੇ ਐਲਾਨਿਆ ਹੈ ਕਿ ਮੁੱਖ ਮੰਤਰੀ ਉਮਰ ਅਬਦੁੱਲਾ ਹੀ ਬਣਨਗੇ। ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਦੀ ਬੇਟੀ ਇਲਤਜ਼ਾ ਮੁਫਤੀ ਸ੍ਰੀਗੁਫਵਾਰਾ-ਬਿਜਬੇਹਰਾ ਤੋਂ ਚੋਣ ਹਾਰ ਗਈ ਹੈ। ਐਤਕੀਂ ਪਿਛਲੀਆਂ 2014 ਦੀਆਂ ਚੋਣਾਂ ਦੇ 3 ਦੇ ਮੁਕਾਬਲੇ ਵੱਧ 7 ਆਜ਼ਾਦ ਉਮੀਦਵਾਰ ਜੇਤੂ ਰਹੇ ਹਨ। ਕਾਂਗਰਸ ਛੱਡ ਕੇ ਜੰਮੂ ਖੇਤਰ ਦੀ ਛੰਬ ਸੀਟ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਵਾਲੇ ਸਤੀਸ਼ ਸ਼ਰਮਾ ਨੇ ਭਾਜਪਾ ਉਮੀਦਵਾਰ ਰਾਜੀਵ ਸ਼ਰਮਾ ਨੂੰ 6,929 ਵੋਟਾਂ ਦੇ ਫਰਕ ਨਾਲ ਹਰਾਇਆ। ਦੋ ਵਾਰ ਸੰਸਦ ਮੈਂਬਰ ਰਹੇ ਅਤੇ ਸਾਬਕਾ ਕਾਂਗਰਸ ਮੰਤਰੀ ਮਦਨ ਲਾਲ ਸ਼ਰਮਾ ਦੇ ਪੁੱਤਰ ਸਤੀਸ਼ ਸ਼ਰਮਾ ਨੂੰ 33,985 ਵੋਟਾਂ ਮਿਲੀਆਂ। ਇੰਦਰਵਾਲ ਤੋਂ ਆਜ਼ਾਦ ਉਮੀਦਵਾਰ ਪਿਆਰੇ ਲਾਲ ਸ਼ਰਮਾ ਨੇ ਸੀਨੀਅਰ ਆਗੂ ਗੁਲਾਮ ਮੁਹੰਮਦ ਸਾਰੋਰੀ ਨੂੰ 643 ਵੋਟਾਂ ਦੇ ਮਾਮੂਲੀ ਫਰਕ ਨਾਲ ਹਰਾਇਆ। ਸਾਰੋਰੀ ਇਸ ਤੋਂ ਪਹਿਲਾਂ ਦੋ ਵਾਰ ਇਹ ਸੀਟ ਜਿੱਤ ਚੁੱਕੇ ਹਨ। ਬਾਣੀ 'ਚ ਆਜ਼ਾਦ ਉਮੀਦਵਾਰ ਡਾ. ਰਾਮੇਸ਼ਵਰ ਸਿੰਘ ਨੇ ਭਾਜਪਾ ਦੇ ਉਮੀਦਵਾਰ ਤੇ ਸਾਬਕਾ ਵਿਧਾਇਕ ਜੀਵਨ ਲਾਲ ਨੂੰ 2,048 ਵੋਟਾਂ ਨਾਲ ਹਰਾਇਆ। ਸੂਰਨਕੋਟ ਹਲਕੇ ਤੋਂ ਆਜ਼ਾਦ ਉਮੀਦਵਾਰ ਅਤੇ ਨੈਸ਼ਨਲ ਕਾਨਫਰੰਸ ਦੇ ਬਾਗੀ ਚੌਧਰੀ ਮੁਹੰਮਦ ਅਕਰਮ ਨੇ ਕਾਂਗਰਸ ਦੇ ਮੁਹੰਮਦ ਸ਼ਾਹਨਵਾਜ਼ ਨੂੰ 8,851 ਵੋਟਾਂ ਦੇ ਫਰਕ ਨਾਲ ਹਰਾਇਆ। ਮੁਜ਼ੱਫਰ ਇਕਬਾਲ ਖਾਨ ਨੇ ਥਾਨਾਮੰਡੀ ਸੀਟ ਤੋਂ ਭਾਜਪਾ ਉਮੀਦਵਾਰ ਮੁਹੰਮਦ ਇਕਬਾਲ ਮਲਿਕ ਨੂੰ 6,179 ਵੋਟਾਂ ਦੇ ਫਰਕ ਨਾਲ ਹਰਾਇਆ। ਲੰਗੇਟ ਸੀਟ ਤੋਂ ਖੁਰਸ਼ੀਦ ਅਹਿਮਦ ਸ਼ੇਖ ਨੇ 25,984 ਵੋਟਾਂ ਹਾਸਲ ਕੀਤੀਆਂ ਅਤੇ ਪੀਪਲਜ਼ ਕਾਨਫਰੰਸ ਦੇ ਇਰਫਾਨ ਸੁਲਤਾਨ ਪੰਡਤਪੁਰੀ ਨੂੰ 1,602 ਵੋਟਾਂ ਦੇ ਫਰਕ ਨਾਲ ਹਰਾਇਆ। ਸ਼ਬੀਰ ਅਹਿਮਦ ਕੁੱਲੇ ਨੇ ਸ਼ੋਪੀਆਂ ਸੀਟ ਤੋਂ ਨੈਸ਼ਨਲ ਕਾਨਫਰੰਸ ਦੇ ਉਮੀਦਵਾਰ ਸ਼ੇਖ ਮੁਹੰਮਦ ਰਫੀ ਨੂੰ 1,207 ਵੋਟਾਂ ਦੇ ਫਰਕ ਨਾਲ ਹਰਾਇਆ। ਨਗਰੋਟਾ ਹਲਕੇ ਤੋਂ ਭਾਜਪਾ ਉਮੀਦਵਾਰ ਦੇਵੇਂਦਰ ਰਾਣਾ ਸਭ ਤੋਂ ਵੱਧ ਫਰਕ ਨਾਲ ਜਿੱਤੇ ਹਨ, ਜਦਕਿ ਪੀ ਡੀ ਪੀ ਦੇ ਤਰਾਲ ਤੋਂ ਉਮੀਦਵਾਰ ਰਫੀਕ ਅਹਿਮਦ ਨਾਇਕ ਨੂੰ ਸਭ ਤੋਂ ਘੱਟ ਫਰਕ ਨਾਲ ਜਿੱਤ ਮਿਲੀ ਹੈ। ਨੈਸ਼ਨਲ ਕਾਨਫਰੰਸ ਦੀ ਟਿਕਟ 'ਤੇ 2014 ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਵਾਲੇ ਰਾਣਾ ਨੇ ਭਾਜਪਾ ਦੀ ਟਿਕਟ 'ਤੇ ਨਗਰੋਟਾ ਸੀਟ 30,472 ਵੋਟਾਂ ਦੇ ਫਰਕ ਨਾਲ ਬਰਕਰਾਰ ਰੱਖੀ। ਦੂਜੇ ਪਾਸੇ ਪੀ ਡੀ ਪੀ ਦੇ ਨਾਇਕ ਨੇ ਬਹੁ-ਕੋਨੀ ਮੁਕਾਬਲੇ 'ਚ ਤਰਾਲ ਸੀਟ ਸਿਰਫ 460 ਵੋਟਾਂ ਦੇ ਮਾਮੂਲੀ ਫਰਕ ਨਾਲ ਜਿੱਤੀ। ਨਾਇਕ ਨੂੰ 10,710 ਵੋਟਾਂ ਮਿਲੀਆਂ, ਉਸ ਤੋਂ ਬਾਅਦ ਕਾਂਗਰਸੀ ਉਮੀਦਵਾਰ ਸੁਰਿੰਦਰ ਸਿੰਘ ਚੰਨੀ ਨੂੰ 10,250, ਨੈਸ਼ਨਲ ਕਾਨਫਰੰਸ ਦੇ ਬਾਗੀ ਨੂੰ 9,778 ਅਤੇ ਏ ਆਈ ਪੀ ਦੇ ਹਰਬਖਸ਼ ਸਿੰਘ ਨੂੰ 8,557 ਵੋਟਾਂ ਮਿਲੀਆਂ। ਕਠੂਆ ਜ਼ਿਲ੍ਹੇ ਦੀ ਬਸੋਹਲੀ ਸੀਟ ਤੋਂ ਭਾਜਪਾ ਦੇ ਦਰਸ਼ਨ ਕੁਮਾਰ ਨੇ ਸਾਬਕਾ ਸੰਸਦ ਮੈਂਬਰ ਤੇ ਕਾਂਗਰਸ ਉਮੀਦਵਾਰ ਚੌਧਰੀ ਲਾਲ ਸਿੰਘ ਨੂੰ ਹਰਾ ਕੇ ਵੱਡਾ ਉਲਟ-ਫੇਰ ਕੀਤਾ ਹੈ। ਗੁਰੇਜ਼ (ਰਿਜ਼ਰਵ) ਤੋਂ ਨੈਸ਼ਨਲ ਕਾਨਫਰੰਸ ਦੇ ਨਜ਼ੀਰ ਅਹਿਮਦ ਨੇ ਭਾਜਪਾ ਦੇ ਫ਼ਕੀਰ ਮੁਹੰਮਦ ਖ਼ਾਨ ਨੂੰ 1132 ਵੋਟਾਂ ਨਾਲ ਹਰਾਇਆ।

## ਸਾਉਣੀ ਸੀਜ਼ਨ ਲਈ...

ਨਾਲ ਮੰਤਰੀ ਮੰਡਲ ਨੇ ਪੰਜਾਬ ਵਿੱਚ ਵਾਤਾਵਰਣ ਕਲੀਅਰੈਂਸ ਲਈ ਲਗਦੀ ਪ੍ਰਾਸੈਸਿੰਗ ਫੀਸ ਢਾਂਚੇ ਵਿੱਚ ਸੱਤ ਨਵੀਂਆਂ ਸਲੈਬਾਂ ਲਿਆ ਕੇ ਕਟੌਤੀ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਪੰਜਾਬ ਵਿੱਚ ਵਾਤਾਵਰਣ ਕਲੀਅਰੈਂਸ ਦੇਣ ਲਈ ਪ੍ਰਾਸੈਸਿੰਗ ਫੀਸ ਵਜੋਂ ਪ੍ਰਾਜੈਕਟ ਦੀ ਕੁੱਲ ਲਾਗਤ ਦੇ ਪ੍ਰਤੀ ਕਰੋੜ ਰੁਪਏ ਉਤੇ 10 ਹਜ਼ਾਰ ਰੁਪਏ ਲਏ ਜਾਂਦੇ ਹਨ। ਇਸ ਕੁੱਲ ਲਾਗਤ ਵਿੱਚ ਜ਼ਮੀਨ, ਇਮਾਰਤ, ਬੁਨਿਆਦੀ ਢਾਂਚਾ, ਪਲਾਂਟ ਤੇ ਮਸ਼ੀਨਰੀ ਸ਼ਾਮਲ ਹੁੰਦੀ ਹੈ। ਹੁਣ ਨਵੀਂ ਸਲੈਬ ਮੁਤਾਬਕ ਪੰਜ ਕਰੋੜ ਰੁਪਏ ਤੱਕ ਦੇ ਪ੍ਰਾਜੈਕਟ ਲਈ ਵਾਤਾਵਰਨ ਕਲੀਅਰੈਂਸ ਵਜੋਂ 25 ਹਜ਼ਾਰ ਰੁਪਏ ਪ੍ਰਾਸੈਸਿੰਗ ਫੀਸ ਲਈ ਜਾਵੇਗੀ, ਜਦੋਂ ਕਿ ਪੰਜ ਤੋਂ 25 ਕਰੋੜ ਰੁਪਏ ਤੱਕ ਦੇ ਪ੍ਰਾਜੈਕਟ ਉਤੇ 1.50 ਲੱਖ ਰੁਪਏ ਫੀਸ ਲਈ ਜਾਵੇਗੀ। ਇਸ ਤੋਂ ਇਲਾਵਾ 25 ਕਰੋੜ ਤੋਂ 100 ਕਰੋੜ ਰੁਪਏ ਤੱਕ ਦੇ ਪ੍ਰਾਜੈਕਟ ਲਈ 6.25 ਲੱਖ ਰੁਪਏ ਪ੍ਰਾਸੈਸਿੰਗ ਫੀਸ ਲਈ ਜਾਵੇਗੀ, ਜਦੋਂ ਕਿ 100 ਤੋਂ 250 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟ ਲਈ 15 ਲੱਖ ਰੁਪਏ ਪ੍ਰਾਸੈਸਿੰਗ ਫੀਸ ਲੱਗੇਗੀ। 250 ਕਰੋੜ ਤੋਂ 500 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟ ਲਈ 30 ਲੱਖ ਰੁਪਏ ਵਾਤਾਵਰਣ ਕਲੀਅਰੈਂਸ ਦੀ ਪ੍ਰਾਸੈਸਿੰਗ ਫੀਸ ਵਜੋਂ ਲੱਗਣਗੇ, ਜਦੋਂ ਕਿ 500 ਕਰੋੜ ਰੁਪਏ ਤੋਂ ਇਕ ਹਜ਼ਾਰ ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟ ਲਈ 50 ਲੱਖ ਰੁਪਏ ਫੀਸ ਲੱਗੇਗੀ। ਇਕ ਹਜ਼ਾਰ ਕਰੋੜ ਰੁਪਏ ਤੋਂ ਉੱਪਰ ਦੀ ਲਾਗਤ ਵਾਲੇ ਪ੍ਰਾਜੈਕਟਾਂ ਉਤੇ ਵਾਤਾਵਰਨ ਕਲੀਅਰੈਂਸ ਲਈ ਪ੍ਰਾਸੈਸਿੰਗ ਫੀਸ ਵਜੋਂ 75 ਲੱਖ ਰੁਪਏ ਲੱਗਣਗੇ। ਹਾਲਾਂਕਿ ਪ੍ਰਾਜੈਕਟਾਂ ਦੀਆਂ ਬਾਕੀ ਸ਼੍ਰੇਣੀਆਂ (ਜਿਵੇਂ ਕਿ ਇਮਾਰਤ ਤੇ ਨਿਰਮਾਣ, ਏਰੀਆ ਡਿਵੈੱਲਪਮੈਂਟ ਤੇ ਮਾਈਨਿੰਗ) ਲਈ ਵਾਤਾਵਰਣ ਕਲੀਅਰੈਂਸ ਪ੍ਰਾਸੈਸਿੰਗ ਫੀਸ ਪਹਿਲਾਂ ਵਾਂਗ ਰਹੇਗੀ, ਜਿਵੇਂ ਕਿ ਨੋਟੀਫਿਕੇਸ਼ਨ ਨੰਬਰ 10/167/2013-ਐਸ.ਟੀ.ਈ.(5)/1510178/1 ਮਿਤੀ 27 ਜੂਨ 2019 ਅਤੇ ਨੋਟੀਫਿਕੇਸ਼ਨ ਨੰਬਰ 10/167/2013-ਐਸ.ਟੀ.ਈ.(5)/308-313 ਮਿਤੀ 22 ਨਵੰਬਰ 2019 ਵਿੱਚ ਦਰਸਾਈ ਗਈ ਹੈ।ਮੰਤਰੀ ਮੰਡਲ ਨੇ 281 ਕਰੋੜ ਰੁਪਏ ਦੀ ਲਾਗਤ ਵਾਲੇ 'ਡੈਮ ਰਿਹੈਬਲੀਟੇਸ਼ਨ ਅਤੇ ਇੰਪਰੂਵਮੈਂਟ ਪ੍ਰਾਜੈਕਟ' ਦੇ ਦੂਜੇ ਤੇ ਤੀਜੇ ਪੜਾਅ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਅਹਿਮ ਪ੍ਰਾਜੈਕਟ ਵਿਸ਼ਵ ਬੈਂਕ ਦੇ ਸਹਿਯੋਗ ਨਾਲ ਚਲਾਇਆ ਜਾਵੇਗਾ, ਜਿਸ ਦਾ ਮਨੋਰਥ ਸੂਬੇ ਦੇ ਡੈਮਾਂ ਨੂੰ ਹੋਰ ਮਜ਼ਬੂਤ ਕਰਨਾ ਹੈ। ਇਕ ਹੋਰ ਅਹਿਮ ਫੈਸਲੇ ਵਿੱਚ ਮੰਤਰੀ ਮੰਡਲ ਨੇ ਪੰਜਾਬ ਭੋਂਡੇਦਾਰ, ਬੂਟੇਮਾਰ, ਡੋਹਲੀਦਾਰ, ਇਨਸਾਰ ਮਿਆਦੀ, ਮੁਕਰਰੀਦਾਰ, ਮੁੰਢੀਮਾਰ, ਪਨਾਹੀ ਕਦੀਮ, ਸੌਂਜੀਦਾਰ ਜਾਂ ਤਰੱਦਦਕਾਰ (ਵੈਸਟਿੰਗ ਆਫ ਪ੍ਰਾਪਰਟੀ ਰਾਈਟਸ)-ਰੂਲਜ਼, 2023 ਨੂੰ ਹਰੀ ਝੰਡੀ ਦੇ ਦਿੱਤੀ ਹੈ। ਖੇਤੀਬਾੜੀ ਸੁਧਾਰਾਂ ਦੇ ਹਿੱਸੇ ਵਜੋਂ ਇਸ ਕਦਮ ਨਾਲ ਅਜਿਹੇ ਕਾਸ਼ਤਕਾਰਾਂ ਨੂੰ ਅਧਿਕਾਰ ਮਿਲਣਗੇ, ਜੋ ਸਮਾਜ ਦੇ ਆਰਥਿਕ ਤੇ ਸਮਾਜਿਕ ਤੌਰ ਉਤੇ ਬਹੁਤ ਹੀ ਪੱਛੜੇ ਵਰਗ ਹਨ। ਇਹ ਕਾਸ਼ਤਕਾਰ ਪਿਛਲੇ ਕਈ ਸਾਲਾਂ ਤੋਂ ਥੋੜ੍ਹੀ-ਥੋੜ੍ਹੀ ਜ਼ਮੀਨ ਵਾਹ ਰਹੇ ਹਨ ਅਤੇ ਪੀੜ੍ਹੀ ਦਰ ਪੀੜ੍ਹੀ ਕਾਸ਼ਤ ਕਰ ਰਹੇ ਹਨ। ਇਨ੍ਹਾਂ ਕਾਸ਼ਤਕਾਰਾਂ ਦਾ ਮਾਲਕੀ ਵਜੋਂ ਰਿਕਾਰਡ ਨਹੀਂ ਹੈ, ਜਿਸ ਕਰਕੇ ਨਾ ਇਹ ਵਿੱਤੀ ਸੰਸਥਾਵਾਂ ਪਾਸੋਂ ਫਸਲੀ ਕਰਜ਼ਾ ਲੈ ਸਕਦੇ ਹਨ ਅਤੇ ਨਾ ਹੀ ਕੁਦਰਤੀ ਆਫ਼ਤ ਆਉਣ ਮੌਕੇ ਫਸਲ ਦਾ ਮੁਆਵਜ਼ਾ ਲੈ ਸਕਦੇ ਹਨ।

## ਮੇਲੇ ਦੇ ਆਗਾਜ਼ ਮੌਕੇ...

ਚਿੱਤਰਕਾਰ ਅਤੇ ਫੋਟੋਕਾਰ ਸਨਮਾਨਤ ਸ਼ਖਸੀਅਤਾਂ ਦਾ ਸਨਮਾਨ ਕਰਦੇ ਹੋਏ ਦੇਸ਼ ਭਗਤ ਯਾਦਗਾਰ ਕਮੇਟੀ ਮਾਣ ਮਹਿਸੂਸ ਕਰੇਗੀ। ਚਿੱਤਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਲਗਾਉਣ ਲਈ ਪੈਨਲ ਬੋਰਡ ਬਣਾਏ ਕੇ ਲੋੜਾਂ ਦੀ ਪੂਰਤੀ ਲਈ ਇਸ ਮੇਲੇ ਮੌਕੇ ਵਿਸ਼ੇਸ਼ ਅਤੇ ਢੁਕਵੇਂ ਉੱਦਮ ਜੁਟਾਉਣ ਲਈ ਜ਼ੋਰਦਾਰ ਤਿਆਰੀਆਂ ਚੱਲ ਰਹੀਆਂ ਹਨ। ਇਸ ਉਪਰੰਤ ਸ਼ਾਮ 4 ਵਜੇ ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ ਵਾਲੀ ਘਾਹ ਪਾਰਕ ਵਿੱਚ ਵਿਸ਼ੇਸ਼ ਤੌਰ 'ਤੇ ਉਸਾਰੇ ਜਾ ਰਹੇ 'ਜੂਲੀਅਸ ਫਿਊਚਿਕ ਪੰਡਾਲ' ਅੰਦਰ ਲੱਗਣ ਵਾਲੀ ਪੁਸਤਕ ਪ੍ਰਦਰਸ਼ਨੀ ਦਾ ਆਗਾਜ਼ ਕਰਦਿਆਂ ਨਵੰਬਰ 1924 ਵਿੱਚ ਸ਼ੁਰੂ ਹੋਏ ਬੇਹੱਦ ਹਰਮਨਪਿਆਰੇ ਪਰਚੇ 'ਫੁਲਵਾੜੀ' ਦੀ ਸ਼ਤਾਬਦੀ ਮੌਕੇ ਸਾਹਿਤ, ਪੱਤ੍ਰਕਾਵਾਂ, ਪੁਸਤਕਾਂ, ਪਾਠਕਾਂ ਦੇ ਅੰਤਰ-ਸੰਬੰਧਾਂ ਨੂੰ ਸਾਡੇ ਸਮਿਆਂ ਨਾਲ ਮੇਲ ਕੇ ਨਿਰਖਣ-ਪਰਖਣ ਉਪਰ ਗੰਭੀਰ ਵਿਚਾਰ-ਚਰਚਾ ਹੋਏਗੀ। 'ਫੁਲਵਾੜੀ' ਪੱਤ੍ਰਕਾ ਦੀ ਹਰਮਨਪਿਆਰਤਾ ਅਤੇ ਇਸ ਦੇ ਬਾਨੀ ਸੰਪਾਦਕ ਉੱਘੇ ਵਿਦਵਾਨ ਲੇਖਕ ਹੀਰਾ ਸਿੰਘ ਦਰਦ ਦੀ ਲੋਕ ਸਰੋਕਾਰਾਂ ਦੀ ਨਬਜ਼ 'ਤੇ ਹੱਥ ਰੱਖਣ ਦੀ ਕਲਾ ਤੋਂ ਪ੍ਰੇਰਨਾ ਲੈਣ ਦੀਆਂ ਗੱਲਾਂ ਹੋਣਗੀਆਂ। ਬੀਤੇ ਦਿਨੀਂ ਸਾਡੇ ਕੋਲੋਂ ਸਦੀਵੀ ਤੌਰ 'ਤੇ ਵਿਛੜੇ ਸਾਹਿਤ ਕਲਾ ਖੇਤਰ ਅਤੇ ਮੇਲੇ ਨਾਲ ਜੁੜੇ ਰੰਗਕਰਮੀ ਸ੍ਰੀਮਤੀ ਕੈਲਾਸ਼ ਕੌਰ, ਕਵੀ ਸੁਰਜੀਤ ਪਾਤਰ, ਅਮਰਜੀਤ ਪ੍ਰਦੇਸੀ, ਹਰਬੰਸ ਹੀਉਂ ਅਤੇ ਕੁਲਦੀਪ ਜਲੂਰ ਦੀ ਸਮਾਜ ਪ੍ਰਤੀ ਦੇਣ ਨੂੰ ਸਿਜਦਾ ਕੀਤਾ ਜਾਏਗਾ। ਦੂਜੇ ਦਿਨ 8 ਨਵੰਬਰ ਵੱਖ-ਵੱਖ ਮੁਕਾਬਲੇ ਤੇ 9 ਨਵੰਬਰ ਦਿਨ-ਰਾਤ ਮੇਲਾ ਸਿਖਰਾਂ ਛੂਹੇਗਾ।

# ਫਲਸਤੀਨ 'ਤੇ ਇਜ਼ਰਾਈਲ ਜੁੰਡਲੀ ਵੱਲੋਂ ਕੀਤੇ ਅੱਤਿਆਚਾਰਾਂ ਦੇ ਖਿਲਾਫ਼ ਮੁਜ਼ਾਹਰਾ



**ਸੰਗਰੂਰ (ਪ੍ਰਵੀਨ ਸਿੰਘ)**-ਸੀਪੀਆਈ ਤੇ ਸੀਪੀਆਈਐਮ ਜ਼ਿਲ੍ਹਾ ਸੰਗਰੂਰ ਵੱਲੋਂ ਕਾਮਰੇਡ ਸੁਖਦੇਵ ਸ਼ਰਮਾ ਤੇ ਕਾਮਰੇਡ ਚਮਕੌਰ ਸਿੰਘ ਖੇੜੀ ਦੀ ਅਗਵਾਈ ਵਿੱਚ ਫ਼ਲਸਤੀਨ ਤੇ ਇਜਰਾਈਲ ਜੁੰਡਲੀ ਵੱਲੋਂ ਕੀਤੇ ਅੱਤਿਆਚਾਰਾਂ ਖਿਲਾਫ਼ ਵਿਸਾਲ ਮੁਜ਼ਾਹਰਾ ਕਰਕੇ ਡੀ ਸੀ ਦਫ਼ਤਰ ਸਾਹਮਣੇ ਇਜਰਾਇਲ ਸਰਕਾਰ ਦੀ ਅਰਥੀ ਫੂਕੀ ਗਈ।ਉਪਰੋਕਤ ਸਾਥੀਆਂ ਨੇ ਦੱਸਿਆ ਇਜਰਾਈਲ ਤੇ ਫਲਸਤੀਨ ਜੰਗ ਵਿੱਚ ਫਲਸਤੀਨੀਆਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ ਹੈ।ਹੁਣ ਤੱਕ 50 ਹਜ਼ਾਰ ਦੇ ਕਰੀਬ ਫਲਸਤੀਨੀ ਲੋਕ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ 18 ਹਜ਼ਾਰ ਤੋਂ ਵੱਧ ਔਰਤਾਂ ਤੇ ਬੱਚੇ ਹਨ, ਸ਼ਰਨਾਰਥੀ ਕੈਂਪਾਂ ਤੇ ਹਸਪਤਾਲਾਂ ਨੂੰ ਵੀ ਬਖਸ਼ਿਆ ਨਹੀਂ ਜਾ ਰਿਹਾ।ਉਨ੍ਹਾਂ ਉਪਰ ਵੀ ਬੰਬ ਸੁੱਟੇ ਜਾ ਰਹੇ ਹਨ। ਸੈਂਕੜੇ ਵਰਕਰਾਂ ਨੇ ਮੰਗ ਕੀਤੀ ਕਿ ਅਮਰੀਕਨ ਸਹਿ ਤੇ

## ਯੋਗਾ ਨਾਲ ਅਨੇਕਾਂ ਬਿਮਾਰੀਆਂ ਤੋਂ ਮਿਲਦਾ ਹੈ ਛੁਟਕਾਰਾ : ਰਾਧੇ ਸ਼ਾਮ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਸਰਕਾਰ ਦੀ ਸੀਐਮ ਦੀ ਯੋਗਸ਼ਾਲਾ ਜ਼ਿਲ੍ਹੇ ਦੇ ਲੋਕਾਂ ਨੂੰ ਤੰਦਰੁਸਤ ਕਰਨ ਵਿਚ ਅਹਿਮ ਰੋਲ ਅਦਾ ਕਰ ਰਹੀ ਹੈ। ਯੋਗਾ ਪ੍ਰਤੀ ਦਿਲਚਸਪੀ ਦਿਖਾਉਂਦਿਆਂ ਜ਼ਿਲ੍ਹੇ ਅੰਦਰ 5 ਹਜ਼ਾਰ ਤੋਂ ਵੱਧ ਲੋਕਾਂ ਨੇ ਸੀ.ਐਮ. ਦੀ ਯੋਗਸ਼ਾਲਾ ਮੁਹਿੰਮ ਤਹਿਤ ਆਪਣੇ ਆਪ ਨੂੰ ਰਜਿਸਟਰਡ ਕੀਤਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਕੋਆਰਡੀਨੇਟਰ ਰਾਧੇ ਸ਼ਾਮ ਨੇ ਕਿਹਾ ਕਿ ਜ਼ਿਲ੍ਹਾ ਫ਼ਾਜ਼ਿਲਕਾ ਅੰਦਰ 145 ਥਾਵਾਂ 'ਤੇ ਪੰਜਾਬ ਸਰਕਾਰ ਦੀ ਸੀਐਮ ਦੀ ਯੋਗਸ਼ਾਲਾ ਚੱਲ ਰਹੀ ਹੈ।ਉਨ੍ਹਾਂ ਦੱਸਿਆ ਕਿ ਸੀਐਮ ਦੀ ਯੋਗਸ਼ਾਲਾ ਅਧੀਨ 145 ਥਾਵਾਂ 'ਤੇ 25 ਟ੍ਰੇਨਰਾ ਵੱਲੋਂ ਵੱਖ-ਵੱਖ ਬੈਚਾਂ ਰਾਹੀਂ ਲੋਕਾਂ ਨੂੰ ਸਿਹਤਮੰਦ ਤੇ ਤੰਦਰੁਸਤ ਰੱਖਣ ਲਈ ਯੋਗਾ ਸਿਖਾਇਆ ਜਾਦਾ ਹੈ।ਉਨ੍ਹਾਂ ਕਿਹਾ ਕਿ ਫ਼ਾਜ਼ਿਲਕਾ ਵਿਖੇ 9, ਅਬੋਹਰ ਵਿਖੇ 10 ਤੇ ਖੂਈਆਂ ਸਰਵਰ, ਅਰਨੀਵਾਲਾ ਤੇ ਜਲਾਲਾਬਾਦ ਵਿਖੇ 2-2 ਯੋਗਾ ਟ੍ਰੇਨਰਾਂ ਵੱਲੋਂ ਯੋਗਾ ਕਰਾਇਆ ਜਾ ਰਿਹਾ ਹੈ।

## ਸੈਂਟਰ ਸਕੂਲ ਖੇਡਾਂ 'ਚ ਸਰਕਾਰੀ ਪ੍ਰਾਇਮਰੀ ਸਕੂਲ ਰਾਮਦਿੱਤੇ ਵਾਲੇ ਦੀ ਬੱਲੇ-ਬੱਲੇ



**ਮਾਨਸਾ (ਆਤਮਾ ਸਿੰਘ ਪਮਾਰ)**-ਸੈਂਟਰ ਸਕੂਲ ਮੂਸਾ ਅਧੀਨ ਆਉਂਦੇ ਪ੍ਰਾਇਮਰੀ ਸਕੂਲਾਂ ਦੀਆਂ ਖੇਡਾਂ ਪਿਛਲੇ ਦਿਨੀਂ ਸੈਂਟਰ ਮੂਸਾ ਵਿਖੇ ਕਰਾਈਆਂ ਗਈਆਂ।ਇਨ੍ਹਾਂ ਸਕੂਲਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਰਾਮਦਿੱਤੇ ਵਾਲੇ ਦੇ ਨੰਨ੍ਹੇ ਖਿਡਾਰੀਆਂ ਨੇ ਆਪਣੇ ਜੌਹਰ ਦਿਖਾਏ। 100 ਮੀਟਰ ਰੇਸ ਮੁੰਡੇ ਗੁਰਮਾਨ ਸਿੰਘ ਪਹਿਲਾ ਸਥਾਨ, 100 ਮੀਟਰ ਰੇਸ ਕੁੜੀਆਂ ਅੰਜੂ ਕੌਰ ਪਹਿਲਾ ਸਥਾਨ, 200 ਮੀਟਰ ਰੇਸ ਮੁੰਡੇ ਗੈਵੀ ਸਿੰਘ ਪਹਿਲਾ ਸਥਾਨ, 400 ਮੀਟਰ ਰੇਸ ਮੁੰਡੇ ਦਲਜੀਤ ਸਿੰਘ ਦੂਜਾ ਸਥਾਨ, ਸਹਿਜਦੀਪ ਸਿੰਘ ਤੀਜਾ ਸਥਾਨ 400 ਮੀਟਰ ਰੇਸ ਕੁੜੀਆਂ, ਹੁਸਨਪ੍ਰੀਤ ਕੌਰ ਪਹਿਲਾ ਸਥਾਨ, 600 ਮੀਟਰ ਰੇਸ ਮੁੰਡੇ ਪ੍ਰਦੀਪ ਸਿੰਘ ਪਹਿਲਾ, ਗੁਰਮੀਤ ਸਿੰਘ ਦੂਜਾ 600 ਮੀਟਰ ਰੇਸ ਕੁੜੀਆਂ, ਸਿੰਮੀ ਕੌਰ ਪਹਿਲਾ ਸਥਾਨ, ਨਿਮਰਤ ਕੌਰ ਦੂਜਾ ਸਥਾਨ ਰਿਲੇਅ ਰੇਸ ਮੁੰਡੇ ਤੇ ਕੁੜੀਆਂ ਸ.ਪ੍ਰ.ਸ. ਰਾਮਦਿੱਤੇ ਵਾਲਾ ਪਹਿਲਾ ਸਥਾਨ ਲੰਬੀ ਛਾਲ ਕੁੜੀਆਂ ਅੰਜੂ ਕੌਰ ਪਹਿਲਾ ਸਥਾਨ, ਹੁਸਨਪ੍ਰੀਤ ਕੌਰ ਤੀਜਾ ਸਥਾਨ, ਲੰਬੀ ਛਾਲ ਮੁੰਡੇ ਏਕਮ ਸਿੰਘ ਤੀਜਾ ਸਥਾਨ ਹਾਸਲ ਕੀਤਾ। ਸਵੇਰ ਦੀ ਸਭਾ ਵਿੱਚ ਨੰਨ੍ਹੇ ਖਿਡਾਰੀਆਂ ਨੂੰ ਮੈਡਲ ਪਹਿਨਾ ਕੇ ਸਨਮਾਨਤ ਕੀਤਾ ਗਿਆ।ਸਕੂਲ ਖੇਡ ਇੰਚਾਰਜ ਇਕਬਾਲ ਸੰਧੂ ਉੱਭਾ ਨੇ ਵਧਾਈ ਦਿੰਦੇ ਹੋਏ ਕਿਹਾ ਕਿ ਅੱਗੇ ਤੋਂ ਤਕੜੇ ਹੋ ਕੇ ਬਲਾਕ ਪੱਧਰੀ ਖੇਡਾਂ ਦੀ ਤਿਆਰੀ ਕਰਨੀ ਹੈ।

# ਪਰਾਲੀ ਨੂੰ ਅੱਗ ਨਾ ਲਾਉਣ ਸੰਬੰਧੀ ਕਿਸਾਨ ਮਿਲਣੀ ਦਾ ਆਯੋਜਨ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**
ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਅਤੇ ਖੇਤਾਂ ਵਿਚ ਪਰਾਲੀ ਦੀ ਸੰਭਾਲ ਕਰਨ ਨਾਲ ਹੋਣ ਵਾਲੇ ਫ਼ਾਇਦਿਆਂ ਬਾਰੇ ਜਾਗਰੂਕ ਕਰਨ ਲਈ ਪਿੰਡ ਮੋਰਾਂਵਾਲੀ ਵਿਚ ਕਿਸਾਨ ਮਿਲਣੀ ਕੀਤੀ ਗਈ, ਜਿਸ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਓਜਸਵੀ ਆਈ.ਏ.ਐਸ ਤੇ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਸ਼ਿਰਕਤ ਕੀਤੀ।ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਓਜਸਵੀ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਕੀਤੀ ਤੇ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਆਪਣੇ ਖੇਤਾਂ ਵਿਚ ਹੀ ਵਾਹ ਕੇ ਜਾਂ ਇਸ ਦੀਆਂ ਗੱਠਾਂ ਬੰਣਵਾ ਕੇ ਇਸ ਦੀ ਸੁੱਚਜੀ ਸਾਂਭ ਸੰਭਾਲ ਕੀਤੀ ਜਾਵੇ ਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਕਿਸਾਨ ਆਪਣਾ ਬਹੁਮੁੱਲਾ ਯੋਗਦਾਨ ਦੇਣ।ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਜਿਥੇ ਖੇਤਾਂ ਦੀ ਮਿੱਟੀ ਦੀ ਸਿਹਤ ਤੇ ਬੁਰਾ ਪ੍ਰਭਾਵ ਪੈਂਦਾ ਹੈ, ਉਥੇ ਵਾਤਾਵਰਣ ਵੀ ਪ੍ਰਦੂਸ਼ਤ ਹੁੰਦਾ ਹੈ।ਪਰਾਲੀ ਨੂੰ ਅੱਗ ਲੱਗਣ ਕਾਰਨ ਨਿਕਲੇ ਸੂਖਮ ਕਣ ਹਵਾ ਵਿੱਚ ਮਿਲ ਕੇ ਕਈ ਪ੍ਰਕਾਰ ਦੀਆਂ ਭਿਆਨਕ ਬਿਮਾਰੀਆਂ ਜਿਵੇਂ ਦਿਲ, ਅੱਖਾਂ, ਚਮੜੀ ਅਤੇ ਸਾਹ ਆਦਿ ਦੀਆਂ ਬਿਮਾਰੀਆਂ ਦਾ ਕਾਰਨ ਬਣਦੇ ਹਨ, ਜਿਸ ਨਾਲ ਬਜ਼ੁਰਗਾਂ, ਗਰਭਵਤੀ ਔਰਤਾਂ ਤੇ ਬੱਚਿਆਂ ਦੀ ਸਿਹਤ ਪ੍ਰਭਾਵਤ ਹੁੰਦੀ ਹੈ।ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਕਿਹਾ ਕਿ ਜੇਕਰ ਕੋਈ ਕਿਸਾਨ ਝੋਨੇ ਦੀ ਪਰਾਲੀ ਨੂੰ ਅੱਗ ਲਾਉਂਦਾ ਹੈ ਤਾਂ ਢਾਈ ਏਕੜ ਦੀ ਮਾਲਕੀ ਵਾਲੇ ਕਿਸਾਨ ਨੂੰ 2500 ਰੁਪਏ, ਢਾਈ ਤੋਂ ਪੰਜ ਏਕੜ ਦੀ ਮਾਲਕੀ ਵਾਲੇ ਕਿਸਾਨ ਨੂੰ 5000 ਰੁਪਏ ਤੇ ਪੰਜ ਏਕੜ ਤੋਂ ਜ਼ਿਆਦਾ ਜ਼ਮੀਨ ਦੀ ਮਾਲਕ ਵਾਲੇ ਕਿਸਾਨਾਂ ਨੂੰ 15000 ਰੁਪਏ ਜੁਰਮਾਨਾ ਲਗਾਇਆ ਜਾਵੇਗਾ ਤੇ ਇਸ ਦੇ ਨਾਲ ਨਾਲ ਉਨ੍ਹਾਂ ਦੇ ਜ਼ਮੀਨੀ ਰਿਕਾਰਡ ਵਿੱਚ ਰੈੱਡ ਐਂਟਰੀ ਕੀਤੀ ਜਾਵੇਗੀ।

# ਬੁਢਲਾਡਾ ਹਲਕੇ 'ਚ 15 ਪੰਚਾਇਤਾਂ ਦੀ ਹੋਈ ਸਰਬਸੰਮਤੀ



**ਬੁਢਲਾਡਾ (ਅਸ਼ੋਕ ਲਾਕੜਾ)**
ਪੰਚਾਇਤਾਂ ਪਿੰਡਾਂ ਦੇ ਵਿਕਾਸ ਦਾ ਧੁਰਾ ਹੁੰਦੀਆਂ ਹਨ , ਅਦਾਲਤਾਂ ਵੀ ਹੁੰਦੀਆਂ ਹਨ, ਲੋਕਾਂ ਦੇ ਪਿੰਡ ਪੱਧਰ ਦੇ ਝਗੜੇ ਵੀ ਚੰਗੇ ਪੰਚਾਇਤੀ ਆਗੂ ਨਿਬੇੜਨ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰਿੰਸੀਪਲ ਬੁੱਧ ਰਾਮ ਐਮ.ਐਲ.ਏ. ਬੁਢਲਾਡਾ ਅਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਨੇ ਆਪਣੇ ਦਫਤਰ ਵਿੱਚ ਬੁਢਲਾਡਾ ਹਲਕੇ 'ਚੋਂ ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਦਾ ਸਨਮਾਨ ਕਰਦਿਆਂ ਪੰਚਾਂ/ਸਰਪੰਚਾਂ ਨਾਲ ਵਿਚਾਰ ਸਾਂਝੇ ਕਰਦਿਆਂ ਕੀਤਾ।

ਉਨ੍ਹਾਂ ਨੇ ਦੱਸਿਆ ਕਿ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਤੇ ਪ੍ਰਿੰਸੀਪਲ ਬੁੱਧ ਰਾਮ ਐਮ ਐਲ.ਏ.ਦੀ ਯੋਗ ਅਗਵਾਈ ਸਦਕਾ ਪਿੰਡਾਂ ਦੇ ਸੂਝਵਾਨ ਵਰਕਰਾਂ ਨੇ ਆਪਣੇ ਨਿੱਜੀ ਯਤਨਾਂ ਸਦਕਾ 15 ਪਿੰਡਾਂ ਦੀਆਂ ਪੰਚਾਇਤਾਂ ਦੀ ਸਰਬਸੰਮਤੀ ਨਾਲ ਚੋਣ ਕੀਤੀ।

ਉਨ੍ਹਾਂ ਵੱਲੋਂ ਹਲਕੇ ਦੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਵੱਧ ਤੋਂ ਵੱਧ ਪਿੰਡਾਂ ਵਿੱਚ ਸਰਬਸੰਮਤੀ ਨਾਲ ਪੰਚਾਇਤਾਂ ਚੁਣੀਆਂ ਜਾਣ।ਵਿਧਾਨ ਸਭਾ ਹਲਕੇ ਦੇ 85 ਪਿੰਡਾਂ 'ਚੋਂ 15 ਪੰਚਾਇਤਾਂ ਸਰਬਸੰਮਤੀ ਨਾਲ ਪੰਚਾਇਤਾਂ ਦੀ ਚੋਣ ਮੁਕੰਮਲ ਹੋ ਚੁੱਕੀ ਹੈ, ਬਹੁਤੇ ਪਿੰਡਾਂ 'ਚ ਮੈਂਬਰਾਂ ਦੀ ਚੋਣ ਸਰਬਸੰਮਤੀ ਨਾਲ ਹੋ ਚੁੱਕੀ ਹੈ, ਜਿਸ ਨਾਲ ਪਿੰਡਾਂ ਵਿੱਚ ਭਾਈਚਾਰਕ ਏਕਤਾ ਮਜ਼ਬੂਤ ਹੋਈ ਹੈ। ਇਸ ਨਾਲ ਪਿੰਡਾਂ ਦਾ ਵਿਕਾਸ ਵੀ ਵਧੀਆ ਤਰੀਕੇ ਨਾਲ ਹੁੰਦਾ ਹੈ।

ਉਨ੍ਹਾਂ ਨੇ ਪੰਚਾਂ/ਸਰਪੰਚਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਨੂੰ ਪੰਜਾਬ ਸਰਕਾਰ ਵੱਲੋਂ ਮਾਣ-ਸਤਿਕਾਰ ਦਿੱਤਾ ਜਾਵੇਗਾ ਤੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਅਧਾਰ ਤੇ ਹੋਵੇਗਾ । ਉਨਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਦਿਨਾਂ ਚ ਹੋਰ ਪਿੰਡਾਂ ਵਿੱਚ ਵੀ ਸਰਬਸੰਮਤੀ ਨਾਲ ਪੰਚਾਇਤਾਂ ਦੀ ਚੋਣ ਹੋਵੇਗੀ।

ਉਨ੍ਹਾਂ ਹਲਕੇ ਦੇ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ 15 ਅਕਤੂਬਰ ਨੂੰ ਜਿਹੜੇ ਪਿੰਡਾਂ ਵਿੱਚ ਵੋਟਾਂ ਪੈਣੀਆਂ ਹਨ, ਉਹਨਾਂ ਪਿੰਡਾਂ ਦੇ ਚੰਗੀ ਸੋਚ ਵਾਲੇ ਪੰਚਾਂ/ਸਰਪੰਚਾਂ ਦੀ ਚੋਣ ਕਰਨ ਤੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਅਮਨ-ਸ਼ਾਂਤੀ ਨਾਲ ਵੋਟਾਂ ਪਾਉਣ।

ਇਸ ਮੌਕੇ ਹਲਕਾ ਐਮ.ਐਲ.ਏ.ਨੇ ਦੱਸਿਆ ਕਿ ਪਿੰਡ ਅਚਾਨਕ, ਰਿਉਂਦ ਕਲਾਂ, ਦਰੀਆਪੁਰ ਕਲਾਂ, ਦਰੀਆਪੁਰ ਖੁਰਦ, ਗੁਰਨੇ ਖੁਰਦ, ਸਸਪਾਲੀ , ਫਰੀਦ ਕੇ, ਜਲਵੇੜਾ, ਬੀਰੇਵਾਲਾ ਡੋਗਰਾ, ਅਕਬਰਪੁਰ ਖੁਡਾਲ, ਧਰਮਪੁਰਾ, ਖੀਵਾ ਮੀਹਾਂ ਸਿੰਘ ਵਾਲਾ, ਤਾਲਬਵਾਲਾ , ਗੋਰਖਨਾਥ, ਆਲਮਪੁਰ ਮੰਦਰਾਂ, ਵਿੱਚ ਸਰਬਸੰਮਤੀ ਨਾਲ ਪੰਚਾਇਤਾਂ ਦੀ ਚੋਣ ਮੁਕੰਮਲ ਹੋ ਚੁੱਕੀ ਹੈ ।


**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਯਾਂਤਰਿਕ ਇੰਜੀਨੀਅਰ (ਕੈ ਤੇ ਵੈ) ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀਦਾਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ। ਕੰਮ ਦੀ ਵਿਸਤ੍ਰਿਤ ਜਾਣਕਾਰੀ ਦੇ ਲਈ www.ireps.gov.in 'ਤੇ ਲਾਗ ਇਨ ਕਰੋ।

| ਨਿਵਿਦਾ ਪ੍ਰਕਾਰ | ਬੋਲੀ ਪ੍ਰਣਾਲੀ | ਨਿਵਿਦਾ ਅਪਲੋਡ ਕਰਨ ਦੀ ਮਿਤੀ/ ਸਮਾਂ | ਬੋਲੀ ਸਮਾਪਤ ਮਿਤੀ/ਸਮਾਂ | ਬੋਲੀ ਖੁਲਣ ਦੀ ਮਿਤੀ/ ਸਮਾਂ |
|---|---|---|---|---|
| ਖੁਲ੍ਹਾ | ਏਕਲ ਪੈਕੇਟ ਪ੍ਰਣਾਲੀ | 05.10.2024 ਸਮਾਂ 17:00 ਘੰਟੇ | 28.10.2024 ਸਮਾਂ 15:00 ਵਜੇ | 28.10.2024 ਸਮਾਂ 15:05 ਵਜੇ |

| ਲੜੀ ਨੰ. | ਨਿਵਿਦਾ ਨੰ. | ਨਿਵਿਦਾ ਦਾ ਵੇਰਵਾ |
|---|---|---|
| 1. | 19-2024-ACWP-FZR | ਸੀ ਐਂਡ ਡਬਲਯੂ ਡਿਪੋ ਫਿਰਜੋਪੁਰ (ਐਫਜੇਡਆਰ) ਵਿਚ ਦੋ ਸਾਲ ਦੀ ਵਾਰੰਟੀ ਦੇ ਨਾਲ ਅਫਲੂਏਂਟ ਟ੍ਰੀਟਮੇਂਟ ਪਲਾਂਟ ਅਤੇ ਪਾਣੀ ਟ੍ਰੀਟਮੈਂਟ ਪਲਾਂਟ ਦੇ ਨਾਲ ਆਟੋਮੈਟਿਕ ਕੋਚ ਵਾਸ਼ਿੰਗ ਪਲਾਂਟ ਦੀ ਡਿਜਾਈਨ, ਸਪਲਾਈ, ਸਥਾਪਨਾ ਅਤੇ ਕਮਿਸ਼ਨਿੰਗ |

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਕੰਮ ਦਾ ਸਮਾਂ |
|---|---|---|---|
| 17460148.80/- | 237300/- | 45 ਦਿਨ | 180 ਦਿਨ |

ਵਧੇਰੇ ਜਾਣਕਾਰੀ ਦੇ ਲਈ www.ireps.gov.in 'ਤੇ ਲਾਗ ਇਨ ਕਰੋ।

3085/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਨਵਾਂ ਜ਼ਮਾਨਾ** ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

9-Oct-PAGE-3.qxd 10/8/2024 10:44 PM Page 1



# ਔਜਲਾ ਅਜਨਾਲਾ ਦੇ ਸਰਕਾਰੀ ਹਸਪਤਾਲ ਦਾ ਅਚਨਚੇਤ ਨਿਰੀਖਣ ਕਰਨ ਪਹੁੰਚੇ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅਜਨਾਲਾ ਦੇ ਸਰਕਾਰੀ ਹਸਪਤਾਲ ਦਾ ਅਚਨਚੇਤ ਨਿਰੀਖਣ ਕਰਨ ਪੁੱਜੇ। ਜਿੱਥੇ ਡਾਕਟਰਾਂ ਲਈ ਤਰਸ ਰਹੇ ਮਰੀਜ਼ਾਂ ਦੀ ਹਾਲਤ ਜਾਣ ਕੇ ਸੰਸਦ ਮੈਂਬਰ ਔਜਲਾ ਨੇ ਗੁੱਸੇ ਵਿੱਚ ਆ ਕੇ ਸਰਕਾਰ ਨੂੰ ਕੋਸਿਆ। ਸੰਸਦ ਮੈਂਬਰ ਔਜਲਾ ਨੇ ਕਿਹਾ ਕਿ ਸਰਕਾਰ ਦੀਆਂ ਸਿਹਤ ਸੇਵਾਵਾਂ ਸਿਰਫ਼ ਇਸ਼ਤਿਹਾਰਾਂ ਵਿੱਚ ਹੀ ਚੱਲ ਰਹੀਆਂ ਹਨ ਜਦੋਂਕਿ ਜ਼ਮੀਨੀ ਪੱਧਰ 'ਤੇ ਸਿਹਤ ਸੇਵਾਵਾਂ ਪੂਰੀ ਤਰ ਾਂ ਠੱਪ ਹੋ ਕੇ ਰਹਿ ਗਈਆਂ ਹਨ। ਔਜਲਾ ਨੇ ਦੱਸਿਆ ਕਿ ਜਦੋਂ ਉਹ ਅਜਨਾਲਾ ਤੋਂ ਜਾ ਰਹੇ ਸਨ ਤਾਂ ਲੋਕਾਂ ਨੂੰ ਦੇਖ ਕੇ ਰੁਕ ਗਏ। ਜਦੋਂ ਉਹ ਹਸਪਤਾਲ ਪੁੱਜੇ ਤਾਂ ਲੋਕ ਬਿਨਾਂ ਡਾਕਟਰ ਤੋਂ ਕਾਫੀ ਪ੍ਰੇਸ਼ਾਨ ਸਨ। ਜਿਸ ਤੋਂ ਬਾਅਦ ਜਦੋਂ ਉਹ ਹਸਪਤਾਲ ਦੇ ਅੰਦਰ ਜਾ ਕੇ ਜਾਂਚ ਕੀਤੀ ਤਾਂ ਦੇਖਿਆ ਕਿ ਅੱਧੇ ਤੋਂ ਵੱਧ ਡਾਕਟਰ ਆਪਣੀ ਸੀਟ 'ਤੇ ਨਹੀਂ ਸਨ ਅਤੇ ਲੋਕ ਸਵੇਰ ਤੋਂ ਹੀ ਪਰਚੀ ਲੈ ਕੇ ਘੁੰਮ ਰਹੇ ਸਨ। ਇਸ ਦੇ ਨਾਲ ਹੀ ਹਸਪਤਾਲ ਦੇ ਬਾਥਰੂਮ ਵਿੱਚੋਂ ਬਦਬੂ ਆਉਣ ਕਾਰਨ ਉੱਥੇ ਖੜ ਨਾ ਵੀ ਔਖਾ ਹੋ ਗਿਆ ਸੀ। ਐਮ ਪੀ ਔਜਲਾ ਨੇ ਕਿਹਾ ਕਿ ਮਰੀਜ਼ ਸ਼ਿਕਾਇਤ ਕਰ ਰਹੇ ਹਨ ਕਿ ਡਾਕਟਰ ਨਹੀਂ ਹਨ, ਐਕਸਰੇ ਨਹੀਂ ਕੀਤੇ ਜਾ ਰਹੇ ਅਤੇ ਬਾਹਰੋਂ ਟੈਸਟ ਕਰਵਾਏ ਜਾ ਰਹੇ ਹਨ। ਉਨ ਾਂ ਕਿਹਾ ਕਿ ਸਿਵਲ ਸਰਜਨ ਅਤੇ ਐਸ.ਐਮ.ਓ ਦੀ ਮਿਲੀਭੁਗਤ ਨਾਲ ਸਭ ਕੁਝ ਕੀਤਾ ਜਾ ਰਿਹਾ ਹੈ, ਜਦੋਂ ਕਿ ਜੇਕਰ ਕਿਸੇ ਕਿਸਮ ਦੀ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਉਨ ਾਂ ਨਾਲ ਸੰਪਰਕ ਕਰ ਸਕਦੇ ਹਨ ਪਰ ਲੋਕਾਂ ਨੂੰ ਸਹੂਲਤਾਂ ਨਹੀਂ ਦਿੱਤੀਆਂ ਜਾ ਰਹੀਆਂ।

ਉਨ ਾਂ ਕਿਹਾ ਕਿ ਸਾਰਾ ਹਸਪਤਾਲ ਖਾਲੀ ਪਿਆ ਹੈ ਅਤੇ ਲੋਕ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਲਈ ਮਜਬੂਰ ਹਨ।ਐਮ.ਪੀ ਔਜਲਾ ਨੇ ਕਿਹਾ ਕਿ ਉਹ 10 ਅਕਤੂਬਰ ਨੂੰ ਸਵੇਰੇ 11 ਵਜੇ ਦੁਬਾਰਾ ਹਸਪਤਾਲ ਦਾ ਦੌਰਾ ਕਰਨਗੇ, ਜਿਸ ਦੌਰਾਨ ਸਿਵਲ ਸਰਜਨ, ਐਸਐਮਓ ਅਤੇ ਹਸਪਤਾਲ ਦੇ ਸਾਰੇ ਡਾਕਟਰ ਮੌਜੂਦ ਰਹਿਣਗੇ, ਉਨ ਾਂ ਲੋਕਾਂ ਨੂੰ ਉਸ ਦਿਨ ਉਨ ਾਂ ਕੋਲ ਆਉਣ ਦਾ ਸੱਦਾ ਵੀ ਦਿੱਤਾ। ਸੰਸਦ ਮੈਂਬਰ ਔਜਲਾ ਨੇ ਕਿਹਾ ਕਿ ਉਹ ਡਾਕਟਰਾਂ ਦੀਆਂ ਸਮੱਸਿਆਵਾਂ ਵੀ ਸੁਣਨਗੇ ਅਤੇ ਉਨ ਾਂ ਦਾ ਹੱਲ ਵੀ ਕਰਨਗੇ। ਇਸ ਮੌਕੇ ਸ਼ਹਿਰੀ ਕਾਂਗਰਸ ਪਾਰਟੀ ਦੇ ਪ੍ਰਧਾਨ ਦਵਿੰਦਰ ਸਿੰਘ ਡੈਮ ਸਾਬਕਾ ਪ੍ਰਧਾਨ ਨਗਰ ਪੰਚਾਇਤ ਦੀਪਕ ਅਰੋੜਾ, ਸੁਨੀਲ ਕੁਮਾਰ, ਬਾਬੂ ਦਰਸ਼ਨ ਲਾਲ ਆਦਿ ਹਾਜ਼ਰ ਸਨ।

# ਗੈਂਗਸਟਰਾਂ ਦੀ ਵਰਤੋਂ ਕਰਕੇ ਸਰਬਸੰਮਤੀ ਕਰਵਾਏ ਜਾਣ ਦੇ ਮਾਮਲੇ ਦੀ ਜਾਂਚ ਹੋਵੇ : ਮਜੀਠੀਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੰਗ ਕੀਤੀ ਕਿ ਪੰਚਾਇਤ ਚੋਣਾਂ ਦੌਰਾਨ ਆਮ ਆਦਮੀ ਪਾਰਟੀ (ਆਪ) ਉਮੀਦਵਾਰਾਂ ਦੇ ਹੱਕ ਵਿਚ 'ਸਰਬਸੰਮਤੀ' ਕਰਵਾਏ ਜਾਣ ਲਈ ਖ਼ਤਰਨਾਕ ਗੈਂਗਸਟਰਾਂ ਦੀ ਵਰਤੋਂ ਦੇ ਮਾਮਲੇ ਦੀ ਹਾਈ ਕੋਰਟ ਦੀ ਨਿਗਰਾਨੀ ਹੇਠ ਜਾਂਚ ਕਰਵਾਈ ਜਾਵੇ ਅਤੇ ਟਿਕਟਾਂ ਦੀ 'ਯਕੀਨੀ' ਵਿਕਰੀ 'ਤੇ ਇਤਰਾਜ਼ਯੋਗ ਨਹੀਂ ਸਰਟੀਫਿਕੇਟ ਜਾਰੀ ਕਰਨ ਵਾਸਤੇ ਰਿਸ਼ਵਤ ਇਕੱਠੀ ਕਰਨ ਦੇ ਮਾਮਲੇ ਦੀ ਸੀਬੀਆਈ ਜਾਂਚ ਦੀ ਵੀ ਮੰਗ ਕੀਤੀ।ਇਥੇ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮਜੀਠੀਆ ਨੇ ਸਾਬਕਾ ਸਰਪੰਚ ਦਲਬੀਰ ਸਿੰਘ ਢਿੱਲਵਾਂ ਜਿਨ ਾਂ ਦਾ 2019 ਵਿਚ ਕਤਲ ਕਰ ਦਿੱਤਾ ਗਿਆ, ਦੇ ਭਰਾ ਬਲਜਿੰਦਰ ਸਿੰਘ ਨੂੰ ਪੇਸ਼ ਕੀਤਾ ਜਿਨ ਾਂ ਨੇ ਸਾਬਤ ਕੀਤਾ ਕਿ ਕਿਵੇਂ ਖ਼ਤਰਨਾਕ ਗੈਂਗਸਟਰ ਜੱਗੂ ਭਗਵਾਨਪੁਰੀਆ ਪੰਚਾਇਤੀ ਚੋਣਾਂ ਨੂੰ ਪ੍ਰਭਾਵਤ ਕਰਨ ਵਾਸਤੇ ਧਮਕੀਆਂ ਦੇ ਰਿਹਾ ਹੈ।ਬਲਜਿੰਦਰ ਸਿੰਘ ਨੇ ਦੱਸਿਆ ਕਿ ਕਿਵੇਂ ਉਨਾਂ ਦੇ ਆਪਣੇ ਉਮੀਦਵਾਰਾਂ ਨੂੰ ਧਮਕੀਆਂ ਦਿੱਤੀਆਂ ਗਈਆਂ ਅਤੇ ਭਗਵਾਨਪੁਰੀਆ ਦੇ ਉਮੀਦਵਾਰ ਨੇ ਹਵਾ ਵਿਚ ਗੋਲੀ ਚਲਾਈ ਤੇ ਉਨ ਾਂ ਦੇ ਵਾਹਨ ਨੂੰ ਰੋਕ ਕੇ ਉਨ ਾਂ ਨੂੰ ਡਰਾਉਣ ਦਾ ਯਤਨ ਕੀਤਾ।ਬਲਜਿੰਦਰ ਸਿੰਘ ਨੇ ਕਿਹਾ ਕਿ ਜਦੋਂ ਉਨ ਾਂ ਨੇ ਪੁਲਸ ਨੂੰ ਸ਼ਿਕਾਇਤ ਕੀਤੀ ਤਾਂ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਬਾਅਦ ਵਿਚ ਇਕ ਵਿਅਕਤੀ ਉਨ ਾਂ ਦੇ ਘਰ ਆਇਆ ਅਤੇ ਉਸ ਦੀ ਗੱਲ ਭਗਵਾਨਪੁਰੀਆ ਨਾਲ ਕਰਵਾਈ ਜਿਸ ਨੇ ਉਨ ਾਂ ਨੂੰ ਕਿਹਾ ਕਿ ਜੇਕਰ ਉਹ ਉਸ ਦੇ ਭਰਾ ਦੇ ਰਾਹ ਵਿਚ ਰੁਕਾਵਟ ਬਣਿਆ ਤਾਂ ਉਸ ਦਾ ਹਾਲ ਵੀ ਇਹੋ ਕੁਝ ਹੋਵੇਗਾ।ਮਜੀਠੀਆ ਨੇ ਕਿਹਾ ਕਿ ਇੰਨਾ ਹੀ ਕਾਫੀ ਨਹੀਂ, ਜੱਗੂ ਭਗਵਾਨਪੁਰੀਆ ਦੇ ਸਾਥੀ ਬਲਵਿੰਦਰ, ਜਿਸ ਨੂੰ ਸਜ਼ਾ ਹੋਈ ਸੀ ਤੇ ਉਹ ਸਾਢੇ ਚਾਰ ਸਾਲਾਂ ਬਾਅਦ ਜ਼ਮਾਨਤ 'ਤੇ ਰਿਹਾਅ ਹੈ, ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਗੁਰਦਾਸਪੁਰ ਵਿਚ ਦਾਖਲ ਹੋਣ ਤੋਂ ਰੋਕਿਆ ਸੀ ਪਰ ਉਹ ਸ਼ਰੇਆਮ ਜ਼ਿਲੇ ਵਿਚ ਚੋਣ ਪ੍ਰਚਾਰ ਕਰ ਰਿਹਾ ਹੈ ਅਤੇ ਉਨ ਾਂ ਨੇ ਆਪਣੀ ਗੱਲ ਦੇ ਸਬੂਤ ਵਜੋਂ ਵੀਡੀਓ ਵੀ ਵਿਖਾਈ।ਮਜੀਠੀਆ ਨੇ ਇਕ ਹੋਰ ਵੀਡੀਓ ਵਿਖਾਈ ਜਿਸ ਵਿਚ ਆਮ ਆਦਮੀ ਪਾਰਟੀ ਦੇ ਆਗੂ ਦੇ ਗਲ ਵਿਚ ਜੱਗੂ ਭਗਵਾਨਪੁਰੀਆ ਦੇ ਭਰਾ ਵੱਲੋਂ ਉਸ ਦੀ ਭਗਵਾਨਪੁਰ ਪਿੰਡ ਦੇ ਸਰਪੰਚ ਵਜੋਂ 'ਸਰਬਸੰਮਤੀ' ਨਾਲ ਚੋਣ ਹੋਣ 'ਤੇ ਹਾਰ ਪਾਏ ਜਾ ਰਹੇ ਹਨ।ਅਕਾਲੀ ਆਗੂ ਨੇ ਜ਼ੋਰ ਦੇ ਕੇ ਕਿਹਾ ਕਿ ਚੋਣਾਂ ਵਿਚ ਗੈਂਗਸਟਰਾਂ ਦੀ ਵਰਤੋਂ ਇਨ ਾਂ ਚੋਣਾਂ ਨੂੰ ਆਪਣੇ ਹੱਕ ਵਿਚ ਕਰਨ ਵਾਸਤੇ ਕਰਨ ਤੋਂ ਇਲਾਵਾ ਆਮ ਆਦਮੀ ਪਾਰਟੀ (ਆਪ) ਦੇ ਅਹੁਦੇਦਾਰਾਂ ਨੇ ਵਿਰੋਧੀ ਧਿਰ ਦੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰਵਾ ਕੇ 'ਸਰਬਸੰਮਤੀ' ਕਰਵਾਉਣ ਦੇ ਨਾਂ 'ਤੇ ਕਰੋੜਾਂ ਰੁਪਏ ਇਕੱਠੇ ਕੀਤੇ ਹਨ।

## ਅੰਮ੍ਰਿਤ ਪੁਰੀ ਵੱਲੋਂ ਰਾਮਲੀਲਾ ਦੀ ਚੌਥੀ ਨਾਈਟ ਦਾ ਉਦਘਾਟਨ



**ਅਜਨਾਲਾ (ਸੁਖਿੰਤਰ ਸਿੰਘ ਰਾਜੂ)**-ਅਜਨਾਲਾ ਸ਼ਹਿਰ ਵਿੱਚ ਤਿੰਨ ਅਕਤੂਬਰ ਤੋਂ ਖੇਡੀ ਜਾ ਰਹੀ ਰਾਮ ਲੀਲਾ ਜਿਸ ਦਾ ਉਦਘਾਟਨ ਹਰ ਨਾਈਟ ਤੇ ਕਿਸੇ ਨਾ ਕਿਸੇ ਵਿਸ਼ੇਸ਼ ਮਹਿਮਾਨ ਵਜੋਂ ਕੀਤਾ ਜਾਂਦਾ ਹੈ। ਇਸੇ ਲੜੀ ਦੇ ਚਲਦਿਆਂ ਚੌਥੀ ਨਾਈਟ ਦਾ ਉਦਘਾਟਨ ਅਜਨਾਲਾ ਆਮ ਆਦਮੀ ਪਾਰਟੀ ਵਾਰਡ ਨੰਬਰ ਦੋ ਦੇ ਇੰਚਾਰਜ ਅਮਿਤ ਪੁਰੀ ਵੱਲੋਂ ਕੀਤਾ ਗਿਆ। ਇਸ ਮੌਕੇ ਅਮਿਤ ਪੁਰੀ ਨੇ ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਦਾ ਬਹੁਤ ਧੰਨਵਾਦ ਕੀਤਾ ਜਿਨ ਾਂ ਨੇ ਦਾਸ ਨੂੰ ਇਸ ਸਟੇਜ ਤੇ ਸਨਮਾਨਿਤ ਕੀਤਾ। ਇਸ ਮੌਕੇ ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਦੇ ਪ੍ਰਧਾਨ ਪੰਡਿਤ ਕਿਸ਼ੋਰੀ ਲਾਲ ਸ਼ਰਮਾ ਵੱਲੋਂ ਅਮਿਤ ਪੁਰੀ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਮਿਤ ਪੁਰੀ ਦੇ ਨਾਲ ਵਾਰਡ ਦੇ ਮੁਹਤਬਰ ਵਿਅਕਤੀ ਭੱਪਾ ਬੇਦੀ, ਰਾਜਨ ਸਚਦੇਵਾ, ਸੰਨੀ ਗੱਗੋ ਮਾਹਲ, ਸੋਨੂੰ, ਗੁਰਪਿੰਦਰ ਸਿੰਘ ਨਿੱਜਰ, ਅਤੁਲ ਸਰੀਨ, ਅਯੁੱਧਿਆ ਨਾਥ, ਰਾਜੂ ਢਾਬੇ ਵਾਲੇ, ਰਜੇਸ਼ ਕੁਮਾਰ, ਕਾਕਾ ਫਰੂਟ ਵਾਲਾ, ਬਾਊ ਨਿੱਜਰ, ਰਾਜਨ ਸਚਦੇਵਾ ਅਤੇ ਅਭੀ ਨਿੱਜਰ ਆਦਿ ਹਾਜ਼ਰ ਸਨ।

## ਸਰਪੰਚੀ ਦੀ ਉਮੀਦਵਾਰ ਅਮਰਜੀਤ ਕੌਰ ਦੇ ਹੱਕ 'ਚ ਘਰ-ਘਰ ਚੋਣ ਪ੍ਰਚਾਰ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਅਤੇ ਬਲਾਕ ਤਰਸਿਕਾ ਦੇ ਅਧੀਨ ਪੈਂਦੇ ਪਿੰਡ ਸੈਦੋਲੇਹਲ ਵਿੱਚ ਸਰਪੰਚੀ ਦੀ ਉਮੀਦਵਾਰ ਅਮਰਜੀਤ ਕੌਰ ਪਤਨੀ ਮਾਸਟਰ ਕਸ਼ਮੀਰ ਸਿੰਘ ਤੇ ਉਨ ਾਂ ਦੀ ਟੀਮ ਦੇ ਮੈਂਬਰਾਂ ਦੇ ਹੱਕ ਵਿੱਚ ਸਾਬਕਾ ਸਰਪੰਚ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਉਨ ਾਂ ਦੇ ਸਮਰਥਕਾਂ ਵੱਲੋਂ ਘਰੋਂ ਘਰੀਂ ਜਾ ਕੇ ਚੋਣ ਪ੍ਰਚਾਰ ਕਰਦਿਆਂ ਵੋਟਾਂ ਮੰਗੀਆਂ ਗਈਆਂ। ਪਿੰਡ ਵਾਸੀਆਂ ਵੱਲੋਂ ਸਾਬਕਾ ਸਰਪੰਚ ਸੁਖਵਿੰਦਰ ਸਿੰਘ ਅਤੇ ਸਮਰਥਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਵੱਡੀ ਗਿਣਤੀ ਵਿੱਚ ਵੋਟਾਂ ਪਾ ਕੇ ਅਮਰਜੀਤ ਕੌਰ ਤੇ ਉਨ ਾਂ ਦੀ ਟੀਮ ਨੂੰ ਕਾਮਯਾਬ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਜ਼ਿਲ ਾ ਜਨਰਲ ਸਕੱਤਰ ਮੇਜਰ ਸਿੰਘ ਸੈਦੋਲੇਹਲ, ਕਾਮਰੇਡ ਨਿੰਦਰ ਸਿੰਘ, ਕੇਵਲ ਸਿੰਘ, ਕੁਲਦੀਪ ਸਿੰਘ, ਜੈਮਲ ਸਿੰਘ, ਮਾਸਟਰ ਗੁਰਮੇਜ ਸਿੰਘ, ਗੁਰਤੇਜ ਸਿੰਘ, ਸੋਨੂ ਗੱਡੀਆਂ ਵਾਲਾ, ਜਸਪਾਲ ਸਿੰਘ, ਦਵਿੰਦਰ ਸਿੰਘ, ਤਰਸੇਮ ਸਿੰਘ ਪਰਜਾਪਤ, ਹਰਜੀਤ ਸਿੰਘ ਕਾਲਾ, ਕਰਮ ਸਿੰਘ, ਗਿਆਨੀ ਸਵਿੰਦਰ ਸਿੰਘ, ਅਮਰੀਕ ਸਿੰਘ ਟੇਲਰ ਮਾਸਟਰ, ਬਲਵਿੰਦਰ ਸਿੰਘ, ਹਰਚੰਦ ਸਿੰਘ ਟੇਲਰ ਮਾਸਟਰ, ਮੋਹਨ ਸਿੰਘ, ਸ਼ਮਸ਼ੇਰ ਸਿੰਘ, ਅਨੋਖ ਸਿੰਘ, ਰਵਿੰਦਰ ਸਿੰਘ, ਜਰਮਨਜੀਤ ਸਿੰਘ ਆਦਿ ਆਗੂ ਵੀ ਹਾਜ਼ਰ ਸਨ



# ਅਕਾਲੀ ਦਲ ਤੇ 'ਆਪ' ਦੇ ਸੈਂਕੜੇ ਪਰਿਵਾਰ ਕਾਂਗਰਸ 'ਚ ਸ਼ਾਮਲ

### * ਸ਼ਾਮਲ ਹੋਏ ਪਰਿਵਾਰਾਂ ਨੂੰ ਅਰੁਣਾ ਚੌਧਰੀ ਤੇ ਅਸ਼ੋਕ ਚੌਧਰੀ ਨੇ ਸਿਰੋਪੇ ਦੇ ਕੇ ਨਿਵਾਜਿਆ

**ਦੀਨਾਨਗਰ, (ਸੰਜੀਵ)**-ਪੰਚਾਇਤੀ ਚੋਣਾਂ ਵਿੱਚ ਕਾਂਗਰਸ ਪਾਰਟੀ ਪ੍ਰਤੀ ਵਿਸ਼ਵਾਸ ਜਤਾਉਂਦਿਆਂ ਅੱਜ ਪਿੰਡ ਹਸਨਪੁਰ-ਸੰਦਲਪੁਰ ਅਤੇ ਵਜ਼ੀਰਪੁਰ ਦੇ ਸੈਂਕੜੇ ਪਰਿਵਾਰ ਕਾਂਗਰਸ ਵਿੱਚ ਸ਼ਾਮਲ ਹੋ ਗਏ।ਇਹ ਤਮਾਮ ਪਰਿਵਾਰ ਪਿਛਲੇ ਕਈ ਸਾਲਾਂ ਤੋਂ 'ਆਪ' ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲ ਚੱਲਦੇ ਆ ਰਹੇ ਸਨ ਪਰ ਹੁਣ ਇਨ ਾਂ ਲੋਕਾਂ ਨੇ ਸਾਂਝੀ ਇਕੱਤਰਤਾ ਕਰਦਿਆਂ ਕਾਂਗਰਸੀ ਉਮੀਦਵਾਰ ਨੂੰ ਸਮਰਥਨ ਕਰਨ ਦਾ ਐਲਾਨ ਕਰ ਦਿੱਤਾ।ਇਸ ਮੌਕੇ ਵਿਧਾਇਕਾ ਅਰੁਣਾ ਚੌਧਰੀ ਅਤੇ ਸੀਨੀਅਰ ਕਾਂਗਰਸ ਨੇਤਾ ਅਸ਼ੋਕ ਚੌਧਰੀ ਨੇ ਵੱਖ-ਵੱਖ ਪਾਰਟੀਆਂ 'ਚੋਂ ਆਏ ਇਨ ਾਂ ਪਰਿਵਾਰਾਂ ਨੂੰ ਸਿਰੋਪੇ ਪਹਿਨਾ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਕੀਤਾ।ਅਰੁਣਾ ਚੌਧਰੀ ਨੇ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਹੁਣ ਪੰਚਾਇਤੀ ਚੋਣਾਂ ਵਿੱਚ ਸੂਬੇ ਦੀ ਜਨਤਾ ਕਾਂਗਰਸ ਪਾਰਟੀ ਨੂੰ ਅੱਗੇ ਲਿਆਉਣ ਦਾ ਮਨ ਬਣਾ ਚੁੱਕੀ ਹੈ ਅਤੇ ਇਸੇ ਕਰਕੇ ਹਰ ਦਿਨ ਕਿਸੇ ਨਾ ਕਿਸੇ ਪਿੰਡ ਵਿੱਚੋਂ ਵੱਡੀ ਗਿਣਤੀ ਲੋਕ ਸੱਤਾਧਾਰੀਆਂ ਨੂੰ ਛੱਡ ਕੇ ਕਾਂਗਰਸ ਨਾਲ ਜੁੜ ਰਹੇ ਹਨ। ਸਾਬਕਾ ਕੈਬਨਿਟ ਮੰਤਰੀ ਨੇ ਕਿਹਾ ਕਿ ਕਾਂਗਰਸ ਪਾਰਟੀ ਹੋਰਨਾਂ ਪਾਰਟੀਆਂ ਵਾਂਗ ਨਾ ਤਾਂ ਝੂਠੇ ਵਾਅਦੇ ਕਰਦੀ ਹੈ ਅਤੇ ਨਾ ਹੀ ਕਿਸੇ ਨੂੰ ਸਬਜ਼ਬਾਗ਼ ਦਿਖਾਏ ਜਾਂਦੇ ਹਨ।ਉਨ ਾਂ ਕਿਹਾ ਕਿ ਬਦਲਾਅ ਦਾ ਝੂਠਾ ਨਾਅਰਾ ਮਾਰ ਕੇ ਸੱਤਾ ਹਥਿਆਉਣ ਵਾਲੀ ਪਾਰਟੀ ਨੂੰ ਲੋਕ ਹੁਣ ਮੂੰਹ ਲਗਾਉਣ ਨੂੰ ਤਿਆਰ ਨਹੀਂ ਹਨ।ਕਾਂਗਰਸ ਦੇ ਸਾਬਕਾ ਜ਼ਿਲ ਾ ਪ੍ਰਧਾਨ ਅਸ਼ੋਕ ਚੌਧਰੀ ਨੇ ਕਿਹਾ ਕਿ ਪੰਚਾਇਤੀ ਚੋਣਾਂ ਕਰਵਾਉਣ ਨੂੰ ਲੈ ਕੇ ਪੰਜਾਬ ਸਰਕਾਰ ਬਿਲਕੁੱਲ ਵੀ ਗੰਭੀਰ ਨਹੀਂ ਸੀ ਪਰ ਹਾਈਕੋਰਟ ਦੇ ਹੁਕਮਾਂ 'ਤੇ ਉਸਨੂੰ ਮਜਬੂਰੀ ਵੱਸ ਚੋਣਾਂ ਕਰਵਾਉਣੀਆਂ ਪੈ ਰਹੀਆਂ ਹਨ ਕਿਉਂਕਿ ਸਰਕਾਰ ਜਾਣਦੀ ਹੈ ਕਿ ਪਿੰਡਾਂ ਅੰਦਰ 'ਆਪ' ਪਾਰਟੀ ਦਾ ਗਰਾਫ਼ ਕਾਫ਼ੀ ਹੇਠਾਂ ਡਿੱਗ ਚੁੱਕਾ ਹੈ ਅਤੇ ਸੱਤਾ ਵਿੱਚ ਹੋਣ ਦੇ ਬਾਵਜੂਦ ਉਹ ਇਹ ਚੋਣਾਂ ਇਮਾਨਦਾਰੀ ਨਾਲ ਨਹੀਂ ਜਿੱਤ ਸਕਣਗੇ।ਇਸ ਮੌਕੇ ਸਾਬਕਾ ਸਰਪੰਚ ਵਰਿੰਦਰ ਨੌਸ਼ਹਿਰਾ, ਕਰਨੈਲ ਸਿੰਘ, ਜ਼ੋਨ ਇੰਚਾਰਜ ਦਿਨੇਸ਼ ਕਾਨਹਾ, ਹਰਬੰਸ ਸਿੰਘ ਸ਼ੀਰਾਮਪੁਰ, ਅਜੀਤ ਸਿੰਘ ਠੱਠੀ, ਨਰਿੰਦਰ ਸਿੰਘ ਫਰੀਦਪੁਰ, ਅਨੈਬ ਸਿੰਘ, ਜਤਿੰਦਰ ਸਿੰਘ ਜੈਨਪੁਰ, ਨਿਰੰਜਨ ਸਿੰਘ ਠਾਕੁਰਪੁਰ, ਪਿਆਰਾ ਸਿੰਘ ਮਿਆਣੀ ਮਲਾਹ, ਸੀਤਾ ਹਸਨਪੁਰ, ਗੁਰਬਚਨ ਸਿੰਘ ਨੰਗਲਪੁਰ ਅਤੇ ਤਿਲਕ ਰਾਜ ਠੱਠੀ ਤੋਂ ਇਲਾਵਾ ਵੱਡੀ ਗਿਣਤੀ ਲੋਕ ਹਾਜ਼ਰ ਸਨ।





## ਰਾਹਤਪ੍ਰੀਤ ਕੌਰ ਨੇ ਗਿੱਧੇ 'ਚ ਜਿੱਤਿਆ ਸੋਨ ਤਮਗਾ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਗੁਰਦਾਸਪੁਰ ਪਬਲਿਕ ਸਕੂਲ, ਬਹਿਰਾਮਪੁਰ ਰੋਡ, ਗੁਰਦਾਸਪੁਰ ਦੀ ਝੋਲੀ 'ਚ ਇਕ ਹੋਰ ਪ੍ਰਾਪਤੀ ਦਾ ਇਜ਼ਾਫਾ ਹੋਇਆ। 5ਵੀਂ ਜਮਾਤ ਦੀ ਰਾਹਤਪ੍ਰੀਤ ਕੌਰ ਨੇ ਦੂਜਾ ਸਟੇਟ ਲੈਵਲ ਗਿੱਧਾ/ਭੰਗੜਾ ਕੱਪ 2024, ਮੁਕਾਬਲੇ ਵਿੱਚ ਅੰਡਰ ਕੈਟਾਗਰੀ 10-16 ਸਾਲ ਭਾਗ ਲੈਂਦਿਆਂ ਹੋਇਆਂ ਸੋਲੋ ਗਿੱਧਾ ਪੇਸ਼ਕਾਰੀ ਵਿੱਚ ਪਹਿਲਾ ਅਤੇ ਡਿਊਟ ਗਿੱਧਾ ਪੇਸ਼ਕਾਰੀ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ ਜੋ ਕਿ ਸ਼ਾਂਤੀ ਦੇਵੀ ਆਰਿਆ ਮਹਿਲਾ ਕਾਲਜ ਦੀਨਾਨਗਰ ਵਿਖੇ ਕਰਵਾਇਆ ਗਿਆ ਸੀ।ਇਸ ਮੌਕੇ ਸਕੂਲ ਦੇ ਚੇਅਰਮੈਨ ਰਮਨ ਬਹਿਲ ਡਾਇਰੈਕਟਰ ਅਰਚਨਾ ਬਹਿਲ ਅਤੇ ਪ੍ਰਿੰ. ਸੰਦੀਪ ਅਰੋੜਾ ਨੇ ਰਾਹਤਪ੍ਰੀਤ ਅਤੇ ਉਸਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਗੁਰਦਾਸਪੁਰ ਪਬਲਿਕ ਸਕੂਲ ਆਪਣੇ ਵਿਦਿਆਰਥੀਆਂ ਲਈ ਸਮੇਂ-ਸਮੇਂ ਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਆਪਣੀਆਂ ਵਾਧੂ ਪਾਠਕ੍ਰਮ ਗਤੀਵਿਧੀਆਂ ਜਿਵੇਂ ਕਿ ਡਾਂਸ, ਸੰਗੀਤ, ਕਲਾ, ਸ਼ਿਲਪਕਾਰੀ ਖੇਡਾਂ ਅਤੇ ਹੋਰ ਬਹੁਤ ਸਾਰੀਆਂ ਗਤੀਵਿਧੀਆਂ ਨੂੰ ਉਤਸਾਹਿਤ ਕਰਦਾ ਹੈ ਅਤੇ ਇਹ ਵਿਦਿਆਰਥੀ ਜ਼ਿਲ ਾ, ਰਾਜ ਅਤੇ ਰਾਸ਼ਟਰੀ ਪੱਧਰ 'ਤੇ ਵਧੀਆ ਪ੍ਰਦਰਸ਼ਨ ਕਰਦੇ ਹਨ।ਸਕੂਲ ਪਾਠਕ੍ਰਮ ਅਤੇ ਸਹਿ-ਪਾਠਕ੍ਰਮ ਦੋਵਾਂ ਗਤੀਵਿਧੀਆਂ ਵਿੱਚ ਸਭ ਤੋਂ ਵਧੀਆ ਪਲੇਟਫਾਰਮ ਪ੍ਰਦਾਨ ਕਰ ਰਿਹਾ ਹੈ।

## ਫੂਡ ਸੇਫਟੀ ਵਿਭਾਗ ਖਾਧ ਪਦਾਰਥਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਚੌਕਸ : ਸਿਵਲ ਸਰਜਨ



**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੀ ਯੋਗ ਰਹਿਨੁਮਾਈ ਹੇਠ ਫੂਡ ਸੇਫਟੀ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਤਿਓਹਾਰਾਂ ਦੇ ਸੀਜ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ ਆਮ ਲੋਕਾਂ ਦੀ ਸਿਹਤ ਸੁਰੱਖਿਆ ਦੇ ਮੱਦੇਨਜ਼ਰ ਖਾਧ ਪਦਾਰਥਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਚੌਕਸ ਹੈ।ਫੂਡ ਸੇਫਟੀ ਟੀਮਾਂ ਵੱਲੋਂ ਜ਼ਿਲ੍ਹੇ ਵਿਚ ਪਿਛਲੇ ਸਤੰਬਰ ਮਹੀਨੇ ਕੁੱਲ 68 ਸੈਂਪਲ ਲਏ ਗਏ, ਜਿਨ੍ਹਾਂ ਨੂੰ ਜਾਂਚ ਲਈ ਸਟੇਟ ਲੈਬ ਵਿੱਚ ਭੇਜਿਆ ਗਿਆ ਹੈ। ਇਸ ਤੋਂ ਇਲਾਵਾ ਪਿਛਲੇ ਦੋ ਦਿਨਾਂ ਵਿਚ ਪੇਠਾ ਬਣਾਉਣ ਵਾਲੇ ਯੂਨਿਟਾਂ ਨੂੰ ਚੈੱਕ ਕਰਕੇ ਸੈਂਪਲ ਭਰੇ ਗਏ। ਇਸ ਦੌਰਾਨ ਇਨ੍ਹਾਂ ਯੂਨਿਟਾਂ ਨੂੰ ਇੰਪਰੂਵਮੈਂਟ ਨੋਟਿਸ ਵੀ ਜਾਰੀ ਕੀਤੇ ਗਏ। ਲੈਬ ਵੱਲੋਂ ਮਿਲਾਵਟੀ ਘੋਸ਼ਿਤ ਕੀਤੇ ਜਾਣ ਵਾਲੇ ਨਮੂਨਿਆਂ ਦੇ ਕੇਸਾਂ ਵਿੱਚ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਪ੍ਰਯੋਗ ਕੀਤਾ ਜਾਵੇ ਅਤੇ ਮਿਠਾਈ ਤਿਆਰ ਕਰਨ ਦੀ ਮਿਤੀ ਅਤੇ ਉਸ ਦੀ ਐਕਸਪਾਇਰੀ ਮਿਤੀ ਬਾਰੇ ਵੀ ਦਰਸਾਇਆ ਜਾਵੇ। ਉਨ੍ਹਾਂ ਕਿਹਾ ਕਿ ਬਰਤਨ ਸਾਫ-ਸੁਥਰੇ ਰੱਖਣ ਅਤੇ ਖਾਧ ਪਦਾਰਥ ਸਹੀ ਤਾਪਮਾਨ 'ਤੇ ਤਿਆਰ ਕੀਤੇ ਜਾਣ, ਬਾਸੀ ਖਾਧ ਪਦਾਰਥ ਨਾ ਵੇਚਿਆ ਜਾਵੇ ਅਤੇ ਤਿਆਰ ਵਸਤਾਂ ਨੂੰ ਢਕ ਕੇ ਰੱਖਿਆ ਜਾਵੇ। ਉਨ੍ਹਾਂ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਤਿਓਹਾਰਾਂ ਦੌਰਾਨ ਆਪਣੀ ਸਿਹਤ ਦਾ ਖ਼ਿਆਲ ਰੱਖਣ ਲਈ ਖਾਣ-ਪੀਣ ਦੀਆਂ ਵਸਤੂਆਂ ਖਾਸ ਕਰਕੇ ਮਿਠਾਈਆਂ ਦੀ ਵਰਤੋਂ ਧਿਆਨ ਨਾਲ ਕੀਤੀ ਜਾਵੇ। ਖੁੱਲ੍ਹੇ ਵਿਕਦੇ ਖਾਧ ਪਦਾਰਥਾਂ ਦੀ ਵਰਤੋਂ ਨਾ ਕੀਤੀ ਜਾਵੇ।ਉਨ੍ਹਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕਿਸੇ ਵੀ ਨਾਗਰਿਕ ਨੂੰ ਕਿਸੇ ਵੀ ਸਥਾਨ ਤੇ ਮਿਲਾਵਟਖੋਰੀ ਦੀ ਕੋਈ ਸੂਹ ਮਿਲਦੀ ਹੈ ਤਾਂ ਉਸ ਦੀ ਸੂਚਨਾ ਤੁਰੰਤ ਸਿਹਤ ਵਿਭਾਗ ਦੇ ਫੂਡ ਸੇਫਟੀ ਵਿੰਗ ਨੂੰ ਦਿੱਤੀ ਜਾਵੇ ਤਾਂ ਜੋ ਉਨ੍ਹਾਂ 'ਤੇ ਸ਼ਿਕੰਜਾ ਕੱਸਿਆ ਜਾ ਸਕੇ। ਜ਼ਿਲ੍ਹੇ ਦੀਆਂ ਫੂਡ ਸੇਫਟੀ ਟੀਮਾਂ ਨੂੰ ਮਠਿਆਈਆਂ ਸਮੇਤ ਹੋਰ ਖਾਧ ਪਦਾਰਥਾਂ ਵਿਚ ਮਿਲਾਵਟ ਨੂੰ ਰੋਕਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਖਾਧ ਪਦਾਰਥ ਵਿੱਚ ਮਿਲਾਵਟਖੋਰੀ ਜ਼ਰੀਏ ਆਮ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਕਿਸੇ ਵੀ ਖਾਧ ਪਦਾਰਥ ਵਿਕਰੇਤਾ ਨੂੰ ਇਸ ਸਬੰਧੀ ਸਹਾਇਕ ਕਮਿਸ਼ਨਰ (ਫੂਡ) ਹਰਪ੍ਰੀਤ ਕੌਰ ਨੇ ਕਿਹਾ ਕਿ ਜ਼ਿਲ੍ਹੇ ਵਿਚ ਕਿਸੇ ਵੀ ਤਰ੍ਹਾਂ ਦੀ ਮਿਲਾਵਟਖੋਰੀ ਰੋਕਣ ਲਈ ਫੂਡ ਸੇਫਟੀ ਟੀਮਾਂ ਚੌਕਸ ਹਨ। ਉਨ੍ਹਾਂ ਕਿਹਾ ਕਿ ਫੂਡ ਸੇਫਟੀ ਵਿਭਾਗ ਜ਼ਿਲ੍ਹੇ ਵਿਚ ਮਿਲਾਵਟਖੋਰੀ ਰੋਕਣ ਲਈ ਜਾਂਚ ਮੁਹਿੰਮ ਚਲਾ ਰਿਹਾ ਹੈ। ਕਿਸੇ ਨੂੰ ਵੀ ਘਟੀਆ ਖਾਣ ਪੀਣ ਵਾਲੀਆਂ ਚੀਜ਼ਾਂ ਵੇਚਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

## ਹੈਰੀਟੇਜ ਸਟਰੀਟ ਨੂੰ ਨਵਿਆਉਣ ਦਾ ਕੰਮ ਛੇਤੀ ਹੋ ਜਾਵੇਗਾ ਪੂਰਾ:ਡਿਪਟੀ ਕਮਿਸ਼ਨਰ



**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**—ਸ੍ਰੀ ਦਰਬਾਰ ਸਾਹਿਬ ਅਤੇ ਜਲਿਆਂਵਾਲਾ ਬਾਗ ਨੂੰ ਜਾਂਦੇ ਪਵਿੱਤਰ ਰਸਤੇ ਜਿਸ ਨੂੰ ਹੈਰੀਟੇਜ ਸਟਰੀਟ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਨੂੰ ਛੇਤੀ ਹੀ ਨਵਿਆ ਦਿੱਤਾ ਜਾਵੇਗਾ।ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਇਹ ਪ੍ਰਗਟਾਵਾ ਸੈਰ ਸਪਾਟਾ ਵਿਭਾਗ ਪੰਜਾਬ ਅਤੇ ਕਾਰਪੋਰੇਸ਼ਨ ਅੰਮ੍ਰਿਤਸਰ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਕੀਤਾ ਅਤੇ ਦੱਸਿਆ ਕਿ ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਵੱਲੋਂ ਸੰਸਦ ਮੈਂਬਰ ਦੇ ਕੋਟੇ ਵਿੱਚੋਂ ਮਿਲੇ ਫੰਡ ਇਸ ਕੰਮ ਲਈ ਦਿੱਤੇ ਜਾਣਗੇ।ਉਨ ਾਂ ਨੇ ਦੱਸਿਆ ਕਿ ਇਸ ਕੰਮ ਉੱਪਰ ਕਰੀਬ ਡੇਢ ਕਰੋੜ ਰੁਪਏ ਦੀ ਲਾਗਤ ਆਵੇਗੀ, ਜਿਸ ਨਾਲ ਹੈਰੀਟੇਜ ਸਟਰੀਟ ਨੂੰ ਦੁਬਾਰਾ ਰੰਗ ਰੋਗਨ ਕੀਤਾ ਜਾਵੇਗਾ।ਇਸ ਤੋਂ ਇਲਾਵਾ ਇਸ ਸਟਰੀਟ ਵਿੱਚ ਛੇ ਫੁੱਟ ਤੋਂ ਵਧੇਰੇ ਉਚੇ ਸੁੰਦਰ ਦਰੱਖਤ ਲਗਾਏ ਜਾਣਗੇ ਅਤੇ ਇਹ ਗਲੀ ਜੋ ਕਿ ਰੋਜ਼ਾਨਾ ਲੱਖਾਂ ਸ਼ਰਧਾਲੂਆਂ ਦੀ ਅੰਮ੍ਰਿਤਸਰ ਆਮਦ ਦਾ ਗਵਾਹ ਬਣਦੀ ਹੈ, ਦੀ ਸਫਾਈ ਰੱਖਣ ਲਈ ਵੱਡ ਆਕਾਰੀ ਡਸਟਬਿਨ ਰੱਖੇ ਜਾਣਗੇ।ਉਨ ਾਂ ਦੱਸਿਆ ਕਿ ਇਸ ਗਲੀ ਨੂੰ ਨਿਯਮਤ ਰੂਪ ਵਿੱਚ ਸਾਫ ਰੱਖਣ ਲਈ ਇੱਕ ਮਸ਼ੀਨ ਵੀ ਸਾਹਨੀ ਵੱਲੋਂ ਦਿੱਤੀ ਜਾ ਰਹੀ ਹੈ।ਇਸ ਤੋਂ ਇਲਾਵਾ ਇੱਥੇ ਆਉਣ ਵਾਲੇ ਛੋਟੇ ਬੱਚਿਆਂ ਬਜ਼ੁਰਗਾਂ ਅਤੇ ਹੋਰ ਲੋੜਵੰਦਾਂ ਲਈ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਵਾਉਣ ਵਾਸਤੇ ਦੋ ਗੋਲਫ ਕਾਰਟ ਵੀ ਇਸ ਗਲੀ ਵਿੱਚ ਲਗਾਈਆਂ ਜਾਣਗੀਆਂ।ਉਨ ਾਂ ਨੇ ਦੋਹਾਂ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਇਸ ਕੰਮ ਨੂੰ ਗੁਰੂ ਨਗਰੀ ਦੀ ਸੇਵਾ ਸਮਝਦੇ ਹੋਏ ਕਰਨ ਅਤੇ ਕਿਸੇ ਵੀ ਤਰ ਾਂ ਦੀ ਕਮੀ ਇਸ ਕੰਮ ਵਿੱਚ ਨਾ ਰਹੇ।ਉਨ ਾਂ ਨੇ ਇਹ ਵੀ ਕਿਹਾ ਕਿ ਕੰਮ ਦੀ ਕੁਆਲਿਟੀ ਬਰਕ ?ਰਾਰ ਰਹੇ ਅਤੇ ਕੰਮ ਦਿਵਾਲੀ ਤੋਂ ਪਹਿਲਾਂ ਪਹਿਲਾਂ ਮੁਕੰਮਲ ਕੀਤਾ ਜਾਵੇ।ਇਸ ਮੌਕੇ ਕਾਰਪੋਰੇਸ਼ਨ ਅਧਿਕਾਰੀ ਸੰਦੀਪ ਸਿੰਘ, ਸਨ ਫਾਊਂਡੇਸ਼ਨ ਦੇ ਅਧਿਕਾਰੀ ਕੰਵਰ ਸੁਖਜਿੰਦਰ ਸਿੰਘ, ਸੈਰ ਸਪਾਟਾ ਵਿਭਾਗ ਦੇ ਅਧਿਕਾਰੀ ਸੁਖਚੈਨ ਸਿੰਘ ਵੀ ਹਾਜ਼ਰ ਸਨ।

## ਸ਼ਹਿਰ 'ਚ ਕਿਸੇ ਵੀ ਤਰ੍ਹਾਂ ਦੀ ਗੁੰਡਾਗਰਦੀ ਬਰਦਾਸ਼ਤ ਨਹੀਂ ਹੋਵੇਗੀ : ਚੌਕੀ ਇੰਚਾਰਜ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਐੱਸਐੱਸਪੀ ਦਿਹਾਤੀ ਚਰਨਜੀਤ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਡੀਐੱਸਪੀ ਜੰਡਿਆਲਾ ਗੁਰੂ ਅਤੇ ਐੱਸਐੱਚਓ ਜੰਡਿਆਲਾ ਦੀ ਰਹਿਨੁਮਾਈ ਹੇਠ ਚੌਕੀ ਇੰਚਾਰਜ ਜੰਡਿਆਲਾ ਗੁਰੂ ਨੇ ਇੱਕ ਵਿਸ਼ੇਸ਼ ਨਾਕਾ ਘਾਹ ਮੰਡੀ ਚੌਕ ਵਿਚ ਲਾ ਕੇ ਚੈਕਿੰਗ ਦੌਰਾਨ ਕਈ ਚਲਾਨ ਕੱਟੇ ਜਿਨ ਾਂ ਵਿੱਚ ਟ੍ਰਿਪਲ ਰਾਈਡਿੰਗ ਤੇ ਕੋਈ ਵੀ ਕਾਗਜ਼ ਪੱਤਰੀ ਨਾ ਹੋਣ ਕਾਰਨ ਚਲਾਨ ਕੱਟੇ।ਇਸ ਮੌਕੇ ਚੌਕੀ ਇੰਚਾਰਜ ਨਰੇਸ਼ ਕੁਮਾਰ ਨੇ ਕਿਹਾ ਕਿ ਸ਼ਹਿਰ ਦੇ ਵਿੱਚ ਕਿਸੇ ਵੀ ਤਰ ਾਂ ਦੇ ਸ਼ਰਾਰਤੀ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਜੋ ਕੋਈ ਵੀ ਬਾਜ਼ਾਰਾਂ ਜ ਗਲੀਆਂ ਵਿੱਚ ਹੁੱਲੜਬਾਜ਼ੀ ਕਰੇਗਾ ਉਸ ਦਾ ਚਲਾਨ ਕੱਟਿਆ ਜਾਵੇਗਾ ਅਤੇ ਉਸ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਸਬ-ਇੰਸਪੈਕਟਰ ਨਰੇਸ਼ ਕੁਮਾਰ, ਹਵਲਦਾਰ ਅੰਮ੍ਰਿਤ ਸਿੰਘ, ਹਵਲਦਾਰ ਦਵਿੰਦਰ ਸਿੰਘ ਅਤੇ ਹਵਲਦਾਰ ਅਮਰਜੀਤ ਹਾਜ਼ਰ ਸਨ।

## ਗੁਰਬਾਣੀ ਦਾ ਜਾਪ ਆਤਮਿਕ ਤਸਕੀਨ ਤੇ ਸਰੀਰ 'ਚ ਊਰਜਾ ਪੈਦਾ ਕਰਦੈ : ਦਿਲਜੀਤ ਸਿੰਘ ਬੇਦੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਬੀਬੀ ਹਰਪ੍ਰੀਤ ਕੌਰ ਮੁਖੀ ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ ਸੁਖਮਨੀ ਸੇਵਾ ਸੁਸਾਇਟੀ ਅੰਮ੍ਰਿਤਸਰ ਵੱਲੋਂ ਹਰ ਸੋਮਵਾਰ ਚੁਪਹਿਰਾ ਸਾਹਿਬ ਵਿੱਚ ਬੀਬੀਆਂ ਨੇ ਗੁਰਬਾਣੀ ਸ਼ਬਦਾਂ ਦਾ ਗਾਇਨ ਅਤੇ ਸੁਖਮਨੀ ਸਾਹਿਬ ਦੇ ਪਾਠ ਦਾ ਜਾਪ ਕਰਨ ਦੀ ਚੱਲ ਰਹੀ ਨਿਰੰਤਰ ਸੇਵਾ ਵਿੱਚ ਸ਼ਰਧਾ ਪੂਰਵਕ ਹਿੱਸਾ ਲਿਆ। ਇਸ ਮੌਕੇ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਪ੍ਰੇਰਨਾ ਤੇ ਉਤਸ਼ਾਹ ਨਾਲ ਪਿਛਲੇ ਲੰਮੇ ਸਮੇਂ ਤੋਂ ਬੁੱਢਾ ਦਲ ਦੀ ਇਸ ਛਾਉਣੀ ਵਿੱਚ ਗੁਰਮਤਿ ਸਮਾਗਮਾਂ ਦੇ ਨਿਰੰਤਰ ਪ੍ਰਵਾਹ ਚੱਲ ਰਹੇ ਹਨ।ਉਨ ਾਂ ਕਿਹਾ ਸੰਗੀਤ ਪ੍ਰਥਮ ਸ਼੍ਰੋਮਣੀ ਅਤੇ ਸ੍ਰੇਸ਼ਠ ਹੈ। ਸੰਗੀਤ ਜਿਥੇ ਆਤਮਿਕ ਤਸਕੀਨ ਪ੍ਰਦਾਨ ਕਰਦਾ ਹੈ ਉਥੇ ਮਨ ਅਤੇ ਸਰੀਰ ਵਿੱਚ ਊਰਜਾ ਵੀ ਪ੍ਰਵਲਤ ਕਰਦਾ ਹੈ। ਸੰਗੀਤਕ ਧੁਨਾਂ ਤੇ ਮਿੱਠੀਆਂ ਮਧੁਰ ਅਵਾਜ਼ ਸੁਣਦਿਆਂ ਹੀ ਹਿਰਦਾ ਨਿਰਮਲ ਅਤੇ ਕੋਮਲ, ਮਧੁਰ ਹੋ ਜਾਂਦਾ ਹੈ। ਉਨ ਾਂ ਸੰਗੀਤ ਪ੍ਰਤੀ ਬੋਲਦਿਆਂ ਕਿਹਾ ਸੰਗੀਤ ਇਕਾਗਰਚਿੱਤ ਅਤੇ ਆਤਮਾ ਨੂੰ ਉਚੇਰੇ ਮੰਡਲਾਂ 'ਤੇ ਵਿਚਰਨ ਵਿੱਚ ਸਹਾਈ ਹੁੰਦਾ ਹੈ ਅਤੇ ਅਗਮ ਤੋਂ ਨਿਗਮ ਤੱਕ ਸੰਗੀਤ ਰਮਿਆ ਹੋਇਆ ਹੈ। ਦਿਸ ਦੇ ਅਤੇ ਅਣਦਿਸਦੇ ਪਸਾਰੇ ਵਿੱਚ ਸੰਗੀਤ ਦੀ ਹੋਂਦ ਦਾ ਸਾਕਾਰ ਸਰੂਪ ਅਨੁਭਵ ਹੁੰਦਾ ਹੈ। ਉਨ ਾਂ ਕਿਹਾ ਸੰਗੀਤ ਵਿੱਚ ਏਨੀ ਸ਼ਕਤੀ ਹੈ ਕਿ ਕਠੋਰ ਮਨ ਨੂੰ ਵੀ ਕੋਮਲ ਕਰ ਦਿੰਦਾ ਹੈ। ਉਨ ਾਂ ਕਿਹਾ ਬੁੱਢਾ ਦਲ ਛਾਉਣੀ ਵਿਖੇ ਸੰਗਰਾਂਦ ਦਾ ਦਿਹਾੜਾ ਹਰ ਮਹੀਨੇ ਪੂਰਨ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਇਸ ਮਹੀਨੇ ਦੀ ਸੰਗ੍ਰਾਂਦ ਨੂੰ ਸੰਗਤ ਵੱਲੋਂ ਚੱਲ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠਾਂ ਦੇ ਭੋਗ ਪੈਣਗੇ ਉਪਰੰਤ ਧਾਰਮਿਕ ਦੀਵਾਨ ਸਜਣਗੇ। ਉਨ ਾਂ ਕਿਹਾ ਕਿ ਬੁੱਢਾ ਦਲ ਦੇ ਚੌਥੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ 241ਵੀਂ ਬਰਸੀ ਨੂੰ ਸਮਰਪਿਤ 21 ਅਕਤੂਬਰ ਨੂੰ ਇਸੇ ਗੁਰੂ ਘਰ ਵਿੱਚ ਅਖੰਡ ਪਾਠ ਸਾਹਿਬ ਅਰੰਭ ਹੋਣਗੇ, 23 ਨੂੰ ਭੋਗ ਪਾਏ ਜਾਣਗੇ ਅਤੇ ਗੁਰਮਤਿ ਸਮਾਗਮ ਹੋਣਗੇ। ਅੱਜ ਦੇ ਗੁਰਮਤਿ ਸਮਾਗਮ ਸਮੇਂ ਸਮੂਹ ਬੀਬੀਆਂ ਨੂੰ ਜਥਾ ਚਰਨ ਕੰਵਲ ਸ੍ਰੀ ਹਰਿਮੰਦਰ ਸਾਹਿਬ ਬੀਬੀਆਂ ਦੀ ਮੁਖੀ ਬੀਬੀ ਪਰਮਜੀਤ ਕੌਰ ਪਿੰਕੀ, ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ ਸੁਖਮਨੀ ਸੇਵਾ ਸੁਸਾਇਟੀ ਦੀ ਮੁਖੀ ਬੀਬੀ ਹਰਪ੍ਰੀਤ ਕੌਰ ਵੱਲੋਂ ਇੱਕ ਇੱਕ ਸਿਰਪਾਓ ਅਤੇ ਲੇਡੀ ਪਰਸ, ਬੀਬੀ ਸੁਖਜੀਤ ਕੌਰ ਰੋਜੀ, ਬੀਬੀ ਤੇਜ ਕੌਰ ਨੇ ਸਾਂਝੇ ਤੌਰ ਤੇ ਸਨਮਾਨਿਤ ਕੀਤਾ। ਇਸ ਮੌਕੇ ਪਰਮਜੀਤ ਸਿੰਘ ਬਾਜਵਾ ਮੈਨੇਜਰ, ਬਾਬਾ ਅਮਰੀਕ ਸਿੰਘ ਗੁੰਬੀ ਆਦਿ ਹਾਜ਼ਰ ਸਨ।

## ਸਰਪੰਚੀ ਦੇ ਉਮੀਦਵਾਰ ਜਗਵਿੰਦਰ ਸਿੰਘ ਮਨਕੂ ਦੇ ਹੱਕ 'ਚ ਵੋਟਾਂ ਮੰਗੀਆਂ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਇਤਿਹਾਸਕ ਕਸਬਾ ਫਤਿਹਾਬਾਦ ਜੋ ਕਿ ਹਲਕਾ ਖਡੂਰ ਸਾਹਿਬ ਦੀ ਸਿਆਸਤ ਵਿਚ ਵੱਡਾ ਸਥਾਨ ਰੱਖਦਾ ਤੋਂ ਵੱਖ-ਵੱਖ ਧੜਿਆਂ ਦੇ ਸਰਪੰਚੀ ਦੇ ਸਾਂਝੇ ਉਮੀਦਵਾਰ ਜਗਵਿੰਦਰ ਸਿੰਘ ਮੱਨਕੂ ਅਤੇ ਉਨ ਾਂ ਨਾਲ ਖੜੇ ਮੈਂਬਰਾਂ ਦੇ ਹੱਕ ਵਿਚ ਕਸਬੇ ਦੇ ਵੱਖ ਵੱਖ ਮੁਹੱਲਿਆਂ ਵਿਚੋਂ ਡੂਰ ਟੂ ਡੋਰ ਚੋਣ ਪ੍ਰਚਾਰ ਕਰਕੇ ਵੋਟਾਂ ਮੰਗੀਆਂ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਤਾਰ ਸਿੰਘ, ਕਸ਼ਮੀਰ ਸਿੰਘ, ਸਾਬਕਾ ਸਰਪੰਚ ਸੁਰਿੰਦਰ ਸਿੰਘ, ਨੰਬਰਦਾਰ ਸੁਖਦੇਵ ਸਿੰਘ, ਧਰਮ ਸਿੰਘ ਸੰਧਾ, ਜਸਬੀਰ ਸਿੰਘ ਸਾਬੀ, ਮਲਕੀਅਤ ਸਿੰਘ, ਹਰਜੀਤ ਸਿੰਘ, ਸੁਖਵਿੰਦਰ ਸਿੰਘ ਮੋਹਣਪੁਰੀਆ, ਕਸ਼ਮੀਰ ਸਿੰਘ ਪਹਿਲਵਾਨ, ਲਖਵਿੰਦਰ ਸਿੰਘ ਕਾਨੂੰਗੋ, ਜਗਜੀਤ ਸਿੰਘ ਕਾਲੂ, ਰਜਿੰਦਰ ਸਿੰਘ ਰਾਜੂ, ਬਲਜੀਤ ਸਿੰਘ ਸੀਮੇਂਟ ਸਟੋਰ ਵਾਲੇ, ਸਰਵਣ ਸਿੰਘ ਦਰਜੀ, ਬਲਕਾਰ ਸਿੰਘ ਸਾਈਕਲਾਂ ਵਾਲੇ, ਕੁਲਦੀਪ ਸਿੰਘ, ਸੱਤਾ ਚੌਕੀਦਾਰ, ਬਿੰਦਰ, ਬਾਬਾ ਕਸ਼ਮੀਰ ਸਿੰਘ, ਦਰਸ਼ਨ ਸਿੰਘ, ਸਤਨਾਮ ਸਿੰਘ ਸੱਤੂ, ਤਿੰਦੀ ਆਦਿ ਹਾਜ਼ਰ ਸਨ।

## ਮੋਗੂ ਸੋਹੀ 'ਚ ਹਰਪਾਲ ਸਿੰਘ ਨੂੰ ਸਰਬਸੰਮਤੀ ਨਾਲ ਸਰਪੰਚ ਚੁਣਿਆ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਮਜੀਠਾ ਹਲਕੇ ਦੇ ਪਿੰਡ ਮੋਗੂ ਸੋਹੀ ਵਿਖੇ ਸਰਬਸੰਮਤੀ ਨਾਲ ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਿਤ ਹਰਪਾਲ ਸਿੰਘ ਨੂੰ ਸਰਪੰਚ ਚੁਣਿਆ ਗਿਆ। ਬੀਬੀ ਬਲਵਿੰਦਰ ਕੌਰ ਕੇਵਲ ਸਿੰਘ, ਜਸਵੀਰ ਸਿੰਘ, ਕੁਲਵਿੰਦਰ ਸਿੰਘ ਅਤੇ ਬੀਬੀ ਰਾਜਵਿੰਦਰ ਕੌਰ ਨੂੰ ਮੈਂਬਰ ਚੁਣਿਆ ਗਿਆ।ਸਮੂਹ ਪੰਚਾਇਤ ਅਤੇ ਪਿੰਡ ਦੇ ਮੋਹਤਬਰ ਜਸਵੰਤ ਸਿੰਘ, ਸੁਖਵਿੰਦਰ ਸਿੰਘ, ਮਨਜੀਤ ਸਿੰਘ, ਸਤਨਾਮ ਸਿੰਘ ਦਰਸ਼ਨ ਸਿੰਘ, ਸ.ਕਸ਼ਮੀਰ ਸਿੰਘ ਨੰਬਰਦਾਰ ਲੱਖਾ ਸਿੰਘ ਕਸ਼ਮੀਰ ਸਿੰਘ, ਗੁਰਦਿਆਲ ਸਿੰਘ, ਹੈਪੀ ਅਤੇ ਲਾਲੀ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਮਿਲਣ ਲਈ ਆਏ।ਮਜੀਠੀਆ ਨੇ ਸਮੂਹ ਪੰਚਾਇਤ ਨੂੰ ਸ਼ੁਭਕਾਮਨਾਵਾਂ ਭੇਟ ਕਰਦਿਆਂ ਕਿਹਾ ਕਿ ਮੈਂ ਕਾਮਨਾ ਕਰਦਾ ਹਾਂ ਕਿ ਪੰਚਾਇਤ ਪਿੰਡ ਦੇ ਵਿਕਾਸ ਲਈ ਤਨਦੇਹੀ ਨਾਲ ਕੰਮ ਕਰੇਗੀ। ਸਰਦਾਰ ਮਜੀਠੀਆ ਵੱਲੋਂ ਨਵੀਂ ਚੁਣੀ ਪੰਚਾਇਤ ਨੂੰ ਸਰੋਪੇ ਪਾ ਕੇ ਸਨਮਾਨਿਤ ਕਰਦਿਆਂ ਸਰਪੰਚ ਹਰਪਾਲ ਸਿੰਘ ਤੇ ਬਾਕੀ ਮੈਂਬਰਾਂ ਦਾ ਮੂੰਹ ਮਿੱਠਾ ਕਰਵਾਇਆ।

## ਹਰਿਆਣੇ 'ਚ ਭਾਜਪਾ ਦੀ ਹੈਟ੍ਰਿਕ ਨੇ ਇਤਿਹਾਸ ਰਚਿਆ: ਵਿਨੇ ਚੌਧਰੀ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਦੀਨਾਨਗਰ ਤੋਂ ਭਾਜਪਾ ਸੀਨੀਅਰ ਨੇਤਾ ਵਿੰਨੇ ਚੌਧਰੀ (ਬਬਲੀ) ਨੇ ਹਰਿਆਣਾ ਵਿੱਚ ਭਾਜਪਾ ਦੀ ਸਰਕਾਰ ਬਣਨ ਤੇ ਭਾਜਪਾ ਦੀ ਸਮੁੱਚੀ ਲੀਡਰਸ਼ਿਪ ਨੂੰ ਵਧਾਈ ਦਿੱਤੀ ਅਤੇ ਹਰਿਆਣਾ ਦੇ ਲੋਕਾਂ ਦਾ ਧੰਨਵਾਦ ਕੀਤਾ।ਇਸ ਮੌਕੇ ਗੱਲਬਾਤ ਕਰਦਿਆਂ ਕਿਹਾ ਕਿ ਵਿਧਾਨ ਸਭਾ ਚੋਣਾਂ ਵਿੱਚ ਹਰਿਆਣਾ ਦੇ ਲੋਕਾਂ ਨੇ ਇਕ ਵਾਰ ਫਿਰ ਤੋਂ ਭਾਜਪਾ ਦਾ ਹੱਥ ਫੜ ਲਿਆ ਹੈ ਅਤੇ ਹਰਿਆਣੇ ਵਿੱਚ ਭਾਜਪਾ ਦੀ ਸਰਕਾਰ ਬਣਾ ਦਿੱਤੀ ਹੈ।ਉਨ ਾਂ ਕਿਹਾ ਲੋਕਾਂ ਨੇ ਭਾਜਪਾ ਨੂੰ ਲਗਾਤਾਰ ਤੀਜੀ ਵਾਰ ਹਰਿਆਣੇ ਵਿੱਚ ਜਿੱਤ ਹਾਸਲ ਕਰਵਾ ਕੇ ਰਿਕਾਰਡ ਕਾਇਮ ਕੀਤਾ ਹੈ ਅਤੇ ਹਰਿਆਣਾ ਦੇ ਲੋਕਾਂ ਨੇ ਕਾਂਗਰਸ ਦੀ ਜਿੱਤ ਦੇ ਸੁਫਨਿਆਂ ਤੇ ਪਾਣੀ ਫੇਰ ਦਿੱਤਾ ਹੈ। ਉਨ ਾਂ ਕਿਹਾ ਕਿ ਹਰਿਆਣੇ ਵਿੱਚ ਭਾਜਪਾ ਦੀ ਇਸ ਜਿੱਤ ਦਾ ਅਸਰ ਹਰਿਆਣਾ ਦੇ ਆਸ ਪਾਸ ਲਗਦੇ ਗਵਾਂਢੀ ਸੂਬਿਆਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਦੇਖਣ ਨੂੰ ਮਿਲੇਗਾ।ਵਿਨੇ ਚੌਧਰੀ ਨੇ ਕਿਹਾ ਕਿ ਭਾਜਪਾ ਹੀ ਇੱਕ ਅਜਿਹੀ ਪਾਰਟੀ ਹੈ ਜੋ ਹਰ ਇੱਕ ਵਰਗ ਦਾ ਖਿਆਲ ਰੱਖਦੀ ਹੈ। ਇਸ ਗੱਲ ਦੀ ਸਮਝ ਭਾਰਤ ਦੇ ਲੋਕਾਂ ਨੂੰ ਆ ਚੁੱਕੀ ਹੈ ਜਿਸ ਕਰਕੇ ਭਾਰਤ ਦੇ ਲੋਕ ਭਾਜਪਾ ਤੇ ਯਕੀਨ ਕਰਨ ਲੱਗ ਪਏ ਹਨ।ਉਨ ਾਂ ਕਿਹਾ ਕਿ ਇਕ ਸਮਾਂ ਅਜਿਹਾ ਸੀ ਜਦੋਂ ਹਰਿਆਣੇ ਵਿੱਚ ਕਾਂਗਰਸੀਆਂ ਵੱਲੋਂ ਲੱਡੂ ਅਤੇ ਜਲੇਬੀਆਂ ਵੰਡ ਕੇ ਖੁਸ਼ੀ ਮਨਾਉਣੀ ਸ਼ੁਰੂ ਜਾ ਰਹੀ ਸੀ ਪਰ ਕੁਝ ਸਮਾਂ ਬਿਤ ਜਾਣ ਤੋਂ ਬਾਅਦ ਜਦੋ ਚੋਣਾਂ ਦੇ ਅੰਕੜੇ ਸਾਹਮਣੇ ਆਏ ਤਾਂ ਕਾਂਗਰਸੀਆਂ ਦੇ ਲੱਡੂ ਅਤੇ ਜਲੇਬੀਆਂ ਤੇ ਪਾਣੀ ਫਿਰ ਗਿਆ।ਉਨ ਾਂ ਕਿਹਾ ਕਿ ਦੁਪਹਿਰ ਤੋਂ ਬਾਅਦ ਕਾਂਗਰਸ ਦੀ ਲੀਡ ਘਟਣੀ ਅਤੇ ਭਾਜਪਾ ਦੀ ਲੀਡ ਵਧਣੀ ਸ਼ੁਰੂ ਹੋ ਗਈ ਜਿਸ ਕਰਨ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ ਇਤਿਹਾਸਕ ਜਿੱਤ ਪ੍ਰਾਪਤ ਕੀਤੀ ਹੈ।

# ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵੱਲੋਂ ਭਾਸ਼ਾ ਸੈਮੀਨਾਰ ਆਯੋਜਿਤ

### * ਵਿਦਵਾਨਾਂ ਨੇ ਸਿੱਖਿਆ ਦੇ ਵਪਾਰੀਕਰਨ 'ਤੇ ਜਤਾਇਆ ਵਿਰੋਧ




**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**-ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਹਿਯੋਗ ਨਾਲ ਅਜੋਕੀ ਸਿੱਖਿਆ ਨੀਤੀ ਅਤੇ ਮਾਤ ਭਾਸ਼ਾ ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਇਹ ਸਮਾਗਮ ਸ਼ਾਇਰ ਦੇਵ ਦਰਦ ਅਤੇ ਕਹਾਣੀਕਾਰ ਤਲਵਿੰਦਰ ਸਿੰਘ ਦੀ ਯਾਦ ਨੂੰ ਸਮਰਪਿਤ ਸੀ, ਜਿਸ ਵਿੱਚ ਵਿਦਵਾਨਾਂ ਦੀ ਸਾਂਝੀ ਰਾਏ ਸੀ ਕਿ ਖਿੱਤੇ ਦੀ ਨੌਜਵਾਨ ਪੀੜ ੀ ਨੂੰ ਆਪਣੇ ਸਭਿਆਚਾਰ, ਵਿਰਸੇ ਅਤੇ ਮਾਤ ਭਾਸ਼ਾ ਨਾਲ ਜੁੜੇ ਰਹਿਣਾ ਚਾਹੀਦਾ ਹੈ।ਇਸ ਸਮਾਗਮ ਦਾ ਆਗਾਜ਼ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਸ਼ੁਸੀਲ ਦੁਸਾਂਝ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ ਜਦੋਂਕਿ ਦੀਪ ਦੇਵਿੰਦਰ ਸਿੰਘ ਨੇ ਸਮਾਗਮ ਦੀ ਸਮੁੱਚੀ ਤਫਸੀਲ ਸਾਂਝੀ ਕੀਤੀ। ਭਾਸ਼ਾ ਵਿਗਿਆਨੀ ਡਾ. ਸੁਰਜੀਤ ਸਿੰਘ ਭੱਟੀ ਨੇ ਚਰਚਾ ਦਾ ਮੁੱਢ ਬੰਨ ਦਿਆਂ ਕਿਹਾ ਕਿ ਸਰਕਾਰ ਵਲੋਂ ਲਿਆਂਦੀ ਗਈ ਸਿੱਖਿਆ ਨੀਤੀ ਕਾਰੋਬਾਰੀ ਘਰਾਣਿਆਂ ਦੇ ਹੱਕ ਵਿੱਚ ਭੁਗਤਦੀ ਹੈ ਅਤੇ ਅਸਲ ਤੱਥ ਆਮ ਲੋਕਾਂ ਤੋਂ ਲੁਕਾ ਕੇ ਰੱਖੇ ਗਏ ਹਨ।ਉਨ ਾਂ ਇਹ ਵੀ ਕਿਹਾ ਕਿ ਮਾਤ ਭਾਸ਼ਾ ਦੀ ਸਲਾਮਤੀ ਲਈ ਸਾਨੂੰ ਰਲ ਮਿਲ ਕੇ ਹੰਭਲਾ ਮਾਰਨ ਦੀ ਲੋੜ ਹੈ ਅਤੇ ਮਾਤ ਭਾਸ਼ਾ ਦੀ ਬੇਰੁਖੀ ਵਾਲੇ ਤੌਰ ਤਰੀਕੇ ਬਦਲਣੇ ਪੈਣਗੇ।ਪੱਤਰਕਾਰ ਅਤੇ ਕਾਲਮ ਨਵੀਸ ਸਤਨਾਮ ਮਾਣਕ ਨੇ ਤਿੰਨ ਭਾਸ਼ਾਈ ਫਾਰਮੂਲੇ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਭਾਰਤ ਵਿਚ ਹਰ ਸੂਬੇ ਦੀ ਆਪਣੀ ਖੇਤਰੀ ਜ਼ੁਬਾਨ ਹੈ, ਜਿਸ ਦਾ ਸਥਾਨਕ ਪੱਧਰ ਉੱਤੇ ਵਿਕਾਸ ਹੋਣਾ ਜ਼ਰੂਰੀ ਹੈ।ਉਨ ਾਂ ਸਿੱਖਿਆ ਦੇ ਨਿਜੀਕਰਨ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਨੀਤੀ ਤਹਿਤ ਰਾਜਾਂ ਦੇ ਅਧਿਕਾਰਾਂ ਨੂੰ ਹੋਰ ਢਾਅ ਲੱਗੇਗੀ।ਡਾ. ਲਖਵਿੰਦਰ ਜੌਹਲ ਨੇ ਕਿਹਾ ਕਿ ਭਾਸ਼ਾ ਨੂੰ ਉਤਸ਼ਾਹਿਤ ਕਰਨ ਲਈ ਅਤੇ ਬਣਦਾ ਮਾਣ-ਤਾਣ ਦੇਣ ਲਈ ਸੁਹਿਰਦ ਹੋਣਾ ਚਾਹੀਦਾ ਹੈ।ਕੇਵਲ ਧਾਲੀਵਾਲ ਨੇ ਕਿਹਾ ਕਿ ਅਜੋਕੀ ਸਿੱਖਿਆ ਨੀਤੀ ਦੀ ਵਿਚਾਰਧਾਰਾ ਸੁਚੇਤ ਹੋ ਕੇ ਸਮਝਣ ਦੀ ਲੋੜ ਹੈ।ਡਾ. ਪਰਮਿੰਦਰ ਅਤੇ ਮੱਖਣ ਕੁਹਾੜ ਨੇ ਸੁਚੇਤ ਕਰਦਿਆਂ ਕਿਹਾ ਕਿ ਬਸਤੀਵਾਦੀ ਆਗੂਆਂ ਨੇ ਭਾਸ਼ਾਵਾਂ ਦਾ ਵੱਡਾ ਨੁਕਸਾਨ ਕੀਤਾ ਹੈ ਅਤੇ ਲੁਕਵੇਂ ਏਜੰਡੇ ਤਹਿਤ ਮਾਤ ਭਾਸ਼ਾ ਨੂੰ ਖੋਰਾ ਲਾ ਰਹੇ ਹਨ।ਡਾ. ਲੇਖ ਰਾਜ, ਡਾ. ਬਲਜੀਤ ਸਿੰਘ ਢਿੱਲੋਂ ਅਤੇ ਡਾ. ਇਕਬਾਲ ਕੌਰ ਸੌਂਦ ਨੇ ਵੀ ਸਮਾਗਮ ਦੀ ਸ਼ਲਾਘਾ ਕੀਤੀ ਜਦੋਂ ਕਿ ਸ਼੍ਰੋਮਣੀ ਸ਼ਾਇਰ ਬਲਵਿੰਦਰ ਸੰਧੂ ਨੇ ਸਭ ਦਾ ਧੰਨਵਾਦ ਕੀਤਾ।ਇਸ ਮੌਕੇ ਸਤੀਸ਼ ਗੁਲਾਟੀ, ਡਾ ਆਤਮ ਰੰਧਾਵਾ, ਡਾ. ਹੀਰਾ ਸਿੰਘ, ਡਾ. ਗੁਰਬੀਰ ਬਰਾੜ, ਨਵ ਭੁੱਲਰ, ਰਸ਼ਪਿੰਦਰ ਗਿੱਲ, ਮਨਜੀਤ ਸਿੰਘ ਵੱਸੀ, ਮਖਣ ਭੈਣੀਵਾਲ, ਸਕੱਤਰ ਪੁਰੇਵਾਲ, ਮੰਗਲ ਟਾਂਡਾ, ਜਸਬੀਰ ਝਬਾਲ, ਸਤਿੰਦਰ ਓਠੀ, ਅਤਰ ਤਰਸਿੱਕਾ, ਡਾ. ਪਰਮਜੀਤ ਬਾਠ, ਡਾ. ਭੁਪਿੰਦਰ ਸਿੰਘ ਫੇਰੂਮਾਨ, ਹਰਮੀਤ ਆਰਟਿਸਟ, ਜਸਵੰਤ ਗਿੱਲ, ਡਾ. ਹਜ਼ਾਰਾ ਸਿੰਘ ਚੀਮਾ, ਡਾ. ਕਸ਼ਮੀਰ ਸਿੰਘ, ਡਾ. ਮੋਹਨ, ਵਿਸ਼ਾਲ ਬਿਆਸ, ਬਲਕਾਰ ਸਿੰਘ ਦੁਧਾਲਾ, ਪ੍ਰਤੀਕ ਸਹਿਦੇਵ ਮਨਮੋਹਨ ਢਿੱਲੋਂ, ਹਰਜੀਤ ਸੰਧੂ, ਦਿਲਰਾਜ ਦਰਦੀ, ਕਿਰਪਾਲ ਸਿੰਘ, ਗੁਲਜਾਰ ਸਿੰਘ ਖੇੜਾ, ਅਵਤਾਰ ਸਿੰਘ ਗੋਇੰਦਵਾਲੀਆ, ਸੁਖਬੀਰ ਖੁਰਮਣੀਆਂ, ਕੁਲਜੀਤ ਵੇਰਕਾ, ਗੁਰਪ੍ਰੀਤ ਰੰਗੀਲਪੁਰ, ਬਲਵਿੰਦਰ ਸੇਖੋਂ, ਕੁਲਵੰਤ ਸਿੰਘ ਅਣਖੀ, ਮੰਗਤ ਚੰਚਲ, ਪਰਮਜੀਤ ਕੌਰ, ਤ੍ਰਿਪਤਾ, ਨਵਦੀਪ, ਦੀਪਕਾ ਆਦਿ ਹਾਜ਼ਰ ਸਨ।

## ਪ੍ਰੇਮ ਸਿੰਘ ਬਾਠ ਚੌਥੀ ਵਾਰ ਬਣੇ ਬਿਨਾਂ ਮੁਕਾਬਲਾ ਸਰਪੰਚ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਵਿਧਾਨ ਸਭਾ ਹਲਕਾ ਮਜੀਠਾ ਅਤੇ ਬਲਾਕ ਤਰਸਿੱਕਾ ਅਧੀਨ ਪੈਂਦੇ ਪਿੰਡ ਤਰਫਾਨ ਤੋਂ ਪ੍ਰੇਮ ਸਿੰਘ ਬਾਠ ਲਗਾਤਾਰ ਚੌਥੀ ਵਾਰ ਪਿੰਡ ਦੇ ਬਿਨਾਂ ਮੁਕਾਬਲਾ ਸਰਪੰਚ ਚੁਣੇ ਗਏ ਹਨ ਅਤੇ ਨਾਲ ਹੀ ਚਾਰ ਮੈਂਬਰ ਪੰਚਾਇਤ ਵੀ ਬਣਾਉਣ ਵਿੱਚ ਕਾਮਯਾਬ ਹੋਏ ਹਨ। ਸਿਰਫ ਇੱਕ ਸੀਟ ਤੋਂ ਪਿੰਡ ਤਰਫਾਨ ਵਿੱਚ ਮੈਂਬਰ ਪੰਚਾਇਤ ਦੀ ਚੋਣ ਹੋ ਰਹੀ ਹੈ ਜਿੱਥੋਂ ਪ੍ਰੇਮ ਸਿੰਘ ਬਾਠ ਦੇ ਉਮੀਦਵਾਰ ਹਰਦੀਪ ਸਿੰਘ ਦੇ ਚੁਣੇ ਜਾਣ ਦੀ ਪੂਰੀ ਸੰਭਾਵਨਾ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਪੰਚ ਪ੍ਰੇਮ ਸਿੰਘ ਬਾਠ ਨੇ ਕਿਹਾ ਕਿ ਉਹ ਬਹੁਤ ਹੀ ਰਿਣੀ ਹਨ ਪਿੰਡ ਦੇ ਲੋਕਾਂ ਦੇ ਜਿਨ ਾਂ ਨੇ ਲਗਾਤਾਰ ਚੌਥੀ ਵਾਰ ਉਨ ਾਂ ਨੂੰ ਮਾਣ ਬਖਸ਼ਿਆ ਤੇ ਉਹ ਹੋਰ ਵੀ ਤਨ ਦੇਹੀ ਨਾਲ ਪਿੰਡ ਵਾਸੀਆਂ ਦੀ ਸੇਵਾ ਕਰਨਗੇ।

9-Oct-PAGE-4.qxd 10/8/2024 10:43 PM Page 1



# ਟਲਦੀਆਂ ਜ਼ਮਾਨਤਾਂ

*ਦਿੱਲੀ ਹਾਈ ਕੋਰਟ ਨੇ 2020 ਦੇ ਉੱਤਰ-ਪੂਰਬੀ ਦੰਗਿਆਂ ਨਾਲ ਸੰਬੰਧਤ ਮਾਮਲੇ ਵਿਚ ਉਮਰ ਖਾਲਿਦ, ਸ਼ਰਜੀਲ ਇਮਾਮ ਤੇ ਹੋਰਨਾਂ ਮੁਲਜ਼ਮਾਂ ਦੀਆਂ ਜ਼ਮਾਨਤ ਪਟੀਸ਼ਨਾਂ 'ਤੇ ਸੁਣਵਾਈ ਸੋਮਵਾਰ ਫਿਰ 25 ਨਵੰਬਰ ਲਈ ਟਾਲ ਦਿੱਤੀ। ਜਸਟਿਸ ਨਵੀਨ ਚਾਵਲਾ ਤੇ ਜਸਟਿਸ਼ ਸ਼ਲਿੰਦਰ ਕੌਰ ਦੀ ਨਵੀਂ ਬੈਂਚ ਨੇ ਸੁਣਵਾਈ ਕਰਨੀ ਸੀ, ਪਰ ਜਸਟਿਸ ਨਵੀਨ ਚਾਵਲਾ ਦੇ ਕੋਰਟ ਵਿਚ ਨਾ ਬੈਠਣ ਕਾਰਨ ਸੁਣਵਾਈ ਟਲ ਗਈ। ਅਜਿਹਾ ਪਹਿਲੀ ਵਾਰ ਨਹੀਂ ਹੋਇਆ। ਕਦੇ ਜੱਜਾਂ ਦੇ ਤਬਾਦਲੇ, ਕਦੇ ਜੱਜ ਉਪਲੱਬਧ ਨਾ ਹੋਣ ਤੇ ਕਦੇ ਸਰਕਾਰੀ ਵਕੀਲ ਨਾ ਹੋਣ ਕਾਰਨ ਸੁਣਵਾਈ ਟਲਦੀ ਆ ਰਹੀ ਹੈ। ਹਾਲ ਹੀ ਵਿਚ ਸੁਪਰੀਮ ਕੋਰਟ ਨੇ ਕਿਹਾ ਸੀ—ਜ਼ਮਾਨਤ ਨਿਯਮ ਹੈ ਅਤੇ ਜੇਲ੍ਹ ਅਪਵਾਦ ਹੈ, ਪਰ ਉਮਰ ਖਾਲਿਦ ਤੇ ਹੋਰ ਜ਼ਮਾਨਤ ਨਾ ਹੋਣ ਕਾਰਨ ਜੇਲ੍ਹ ਵਿਚ ਹੀ ਸੜ ਰਹੇ ਹਨ। ਇਹ ਚੌਥੀ ਵਾਰ ਹੈ ਕਿ ਹਾਈ ਕੋਰਟ ਵਿਚ ਸੁਣਵਾਈ ਟਲੀ। ਮਾਰਚ 2022 ਵਿਚ ਦੋ ਪਟੀਸ਼ਨਾਂ 'ਤੇ ਮੁਲਜ਼ਮਾਂ ਦੇ ਵਕੀਲਾਂ ਨੇ ਦੋ ਬੈਂਚਾਂ ਅੱਗੇ ਦੋ ਵਾਰ ਪੂਰੀ ਤਰ੍ਹਾਂ ਬਹਿਸ ਕੀਤੀ, ਪਰ ਪ੍ਰੀਜ਼ਾਈਡਿੰਗ ਜੱਜ ਨੂੰ ਮੱਧ ਪ੍ਰਦੇਸ਼ ਹਾਈ ਕੋਰਟ ਦਾ ਚੀਫ ਜਸਟਿਸ ਬਣਾ ਦਿੱਤੇ ਜਾਣ ਤੋਂ ਬਾਅਦ ਕੋਈ ਫੈਸਲਾ ਨਹੀਂ ਸੁਣਾਇਆ ਗਿਆ। ਅਪ੍ਰੈਲ 2022 ਵਿਚ ਜਸਟਿਸ ਸਿਧਾਰਥ ਮ੍ਰਿਦੁਲ ਤੇ ਜਸਟਿਸ ਰਜਨੀਸ਼ ਭਟਨਾਗਰ ਦੀ ਬੈਂਚ ਨੇ ਸੁਣਵਾਈ ਕਰਕੇ ਫੈਸਲਾ ਰਾਖਵਾਂ ਰੱਖ ਲਿਆ। ਫਿਰ ਜਸਟਿਸ ਮ੍ਰਿਦੁਲ ਦੇ ਮਨੀਪੁਰ ਦਾ ਚੀਫ ਜਸਟਿਸ ਨਿਯੁਕਤ ਹੋਣ ਕਾਰਨ ਫੈਸਲਾ ਨਹੀਂ ਆਇਆ। ਮਾਮਲੇ ਨੂੰ ਨਵੇਂ ਸਿਰੇ ਤੋਂ ਨਵੰਬਰ 2023 ਵਿਚ ਜਸਟਿਸ ਸੁਰੇਸ਼ ਕੈਤ ਤੇ ਜਸਟਿਸ ਸ਼ਲਿੰਦਰ ਕੌਰ ਦੀ ਬੈਂਚ ਅੱਗੇ ਰੱਖਿਆ ਗਿਆ। ਇਸੇ ਦੌਰਾਨ ਜਸਟਿਸ ਕੈਤ ਮੱਧ ਪ੍ਰਦੇਸ਼ ਦੇ ਚੀਫ ਜਸਟਿਸ ਬਣ ਕੇ ਚਲੇ ਗਏ। ਫਿਰ ਜੁਲਾਈ 2024 ਵਿਚ ਉਮਰ ਖਾਲਿਦ ਦਾ ਮਾਮਲਾ ਜਸਟਿਸ ਪ੍ਰਤਿਭਾ ਐੱਮ ਸਿੰਘ ਤੇ ਜਸਟਿਸ ਅਮਿਤ ਸ਼ਰਮਾ ਦੀ ਬੈਂਚ ਹਵਾਲੇ ਕੀਤਾ ਗਿਆ। ਜਸਟਿਸ ਸ਼ਰਮਾ ਨੇ ਸੁਣਵਾਈ ਤੋਂ ਖੁਦ ਨੂੰ ਅੱਡ ਕਰ ਲਿਆ, ਕਿਉਂਕਿ ਉਹ ਵਕੀਲ ਹੁੰਦਿਆਂ ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਦੇ ਮਾਮਲਿਆਂ ਵਿਚ ਕੇਂਦਰੀ ਏਜੰਸੀ ਐੱਨ ਆਈ ਏ ਦੀ ਤਰਫੋਂ ਪੇਸ਼ ਹੋਏ ਸਨ।*

*ਸੀਨੀਅਰ ਵਕੀਲ ਰੇਬੇਕਾ ਜਾਹਨ ਦਾ ਕਹਿਣਾ ਹੈ—ਮੇਰੇ ਮੁਵੱਕਲ ਨੂੰ ਮਾਰਚ 2020 ਵਿਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਅਦਾਲਤ ਨੇ ਹੁਣ ਤੱਕ ਉਸ ਖਿਲਾਫ ਦੋਸ਼ ਤੈਅ ਨਹੀਂ ਕੀਤੇ। ਪਹਿਲੀ ਵਾਰ ਜ਼ਮਾਨਤ ਦੀ ਅਰਜ਼ੀ ਮਈ 2022 ਵਿਚ ਹਾਈ ਕੋਰਟ 'ਚ ਦਿੱਤੀ ਗਈ ਸੀ ਤੇ ਹੁਣ ਫਿਰ ਨਵੇਂ ਸਿਰਿਓਂ ਬਹਿਸ ਹੋਣੀ ਸੀ। ਤੇਜ਼ੀ ਨਾਲ ਸੁਣਵਾਈ ਦਾ ਅਧਿਕਾਰ ਤੇ ਜ਼ਮਾਨਤ ਦਾ ਅਧਿਕਾਰ ਸੰਵਿਧਾਨਕ ਅਧਿਕਾਰ ਹੈ, ਪਰ ਇਸ ਮਾਮਲੇ ਵਿਚ ਜੋ ਹੋ ਰਿਹਾ ਹੈ, ਉਹ ਸਭ ਦੇ ਸਾਹਮਣੇ ਹੈ। ਇਹ ਸਿਰਫ ਉਮਰ ਖਾਲਿਦ ਤੇ ਸ਼ਰਜੀਲ ਹੁਰਾਂ ਦਾ ਹੀ ਮਾਮਲਾ ਨਹੀਂ, ਜੱਜਾਂ ਦੇ ਤਬਾਦਲਿਆਂ ਕਾਰਨ ਸੈਂਕੜੇ ਮਾਮਲਿਆਂ 'ਤੇ ਫੈਸਲੇ ਟਲ ਜਾਂਦੇ ਹਨ। ਹਰ ਨਵੀਂ ਬੈਂਚ ਦੁਬਾਰਾ ਸੁਣਵਾਈ ਕਰਦੀ ਹੈ। ਉਦੋਂ ਤੱਕ ਮੁਲਜ਼ਮ ਬਿਨਾਂ ਜ਼ਮਾਨਤ ਦੇ ਜੇਲ੍ਹਾਂ ਵਿਚ ਹੀ ਰਹਿੰਦੇ ਹਨ। ਨਿਆਂ ਪਾਲਿਕਾ ਨੂੰ ਇਸ ਦਾ ਕੋਈ ਹੱਲ ਤਾਂ ਕੱਢਣਾ ਚਾਹੀਦਾ ਹੈ।*

# ਅਸੀਂ ਤੇ ਪੰਚਾਇਤ ਚੋਣਾਂ

ਸਾਡੇ ਸੂਬੇ ਪੰਜਾਬ ਵਿੱਚ ਪੰਚਾਇਤੀ ਚੋਣਾਂ ਦਾ ਐਲਾਨ ਹੋ ਚੁੱਕਾ ਹੈ।ਪੰਜਾਬ ਦੇ ਪਿੰਡਾਂ ਵਿੱਚ ਚੋਣ ਸਰਗਰਮੀਆਂ ਜ਼ੋਰ ਫੜ ਗਈਆਂ ਹਨ।ਸਰਪੰਚੀ ਦੇ ਉਮੀਦਵਾਰ ਪਰਿੰਦਿਆਂ ਦੀ ਤਾਕਤ ਵਾਂਗੂੰ ਆਪੋ-ਆਪਣੇ ਪਰ ਤੋਲ ਰਹੇ ਹਨ।ਕਈ ਪਿੰਡਾਂ ਵਿੱਚ ਇਹ ਸਰਗਰਮੀਆਂ ਕੁਝ ਜ਼ਿਆਦਾ ਹੀ ਤੇਜ਼ ਹੋ ਚੁੱਕੀਆਂ ਹਨ।ਪਕੌੜੇ, ਜਲੇਬੀਆਂ ਅਤੇ ਸ਼ਾਮ ਨੂੰ ਸੋਮਰਸ ਵੀ ਵਰਤਣਾ ਸ਼ੁਰੂ ਹੋ ਚੁੱਕਾ ਹੈ।ਦੁਕਾਨਾਂ 'ਤੇ ਗੁੜ ਦੀ ਵਿਕਰੀ ਵੱਧ ਗਈ ਹੈ।ਸਰਪੰਚੀ ਦੇ ਉਮੀਦਵਾਰ ਆਪਣਾ ਪੂਰਾ ਜ਼ੋਰ, ਤਾਣ ਲਾ ਰਹੇ ਹਨ ।ਖਰਚਾ ਵੀ ਵੱਧ ਤੋਂ ਵੱਧ ਕਰਨ ਲਈ ਤਿਆਰ ਬੈਠੇ ਹਨ ।ਕਈ ਥਾਈਂ ਤਾਂ ਸੁਣਿਆ ਹੈ ਕਿ ਸਰਪੰਚੀ 50 ਲੱਖ ਨੂੰ ਵੀ ਟੱਪੇਗੀ, ਪ੍ਰੰਤੂ ਇਸ ਸਭ ਕਾਸੇ ਵਿੱਚ ਪਿੰਡ ਦੀ ਭਲਾਈ ਅਤੇ ਸਰਬਾਂਗੀ ਵਿਕਾਸ ਦਾ ਮੁੱਦਾ ਗਾਇਬ ਹੈ ।ਇਹ ਮੌਕਾ ਸੰਜੀਦਗੀ ਮੰਗਦਾ ਹੈ। ਅਕਸਰ ਅਸੀਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਦੋਸ਼ ਦਿੰਦੇ ਹਾਂ, ਜਦੋਂ ਕਿ ਸਰਕਾਰਾਂ ਦੇ ਨੁਮਾਇੰਦੇ ਅਸੀਂ ਚੁਣਦੇ ਹਾਂ ।ਚਲੋ ਇਹ ਵੀ ਮੰਨ ਲੈਂਦੇ ਹਾਂ ਕਿ ਉਸ ਸਮੇਂ ਪਾਰਟੀਬਾਜ਼ੀ ਭਾਰੂ ਹੋ ਜਾਂਦੀ ਹੈ, ਪਰ ਪੰਚਾਇਤੀ ਚੋਣ ਸਮੇਂ ਇਹ ਸਾਡਾ ਰੋਲ ਨਿੱਜੀ ਮੁੱਦਾ ਹੈ ।ਐਤਕੀਂ ਚੋਣ ਪਾਰਟੀ ਚੋਣ ਨਿਸ਼ਾਨ 'ਤੇ ਵੀ ਨਹੀਂ ਲੜੀ ਜਾਵੇਗੀ, ਪਰ ਪੰਜਾਬ ਵਿੱਚ ਸਰਬ ਸੰਮਤੀ ਨਾਲ ਬਣਨ ਵਾਲੀਆਂ ਪੰਚਾਇਤਾਂ ਦੀ ਗਿਣਤੀ ਬਹੁਤ ਘੱਟ ਹੈ ।ਇਸ ਤਰ੍ਹਾਂ ਪੰਜਾਬ ਵਿੱਚ ਸਹੂਲਤਾਂ ਸੰਪੰਨ ਪਿੰਡਾਂ ਦੀ ਵੀ ਗਿਣਤੀ ਘੱਟ ਹੈ। ਠੀਕ ਹੈ ਕਿ ਪਿੰਡਾਂ ਦੇ ਵਿਕਾਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੁੰਦੀ ਹੈ, ਪਰ ਕੀ ਇਸ ਵਿੱਚ ਸਾਡਾ ਆਪਣਾ ਜਾਂ ਪੰਚਾਇਤ ਦਾ ਕੋਈ ਰੋਲ ਬਿਲਕੁਲ ਵੀ ਨਹੀਂ, ਸਗੋਂ ਪੰਚਾਇਤ ਤਾਂ ਪਿੰਡ ਦੇ ਵਿਕਾਸ ਲਈ ਬਣੇ ਢਾਂਚੇ ਦੀ ਮੁੱਢਲੀ ਇਕਾਈ ਹੈ। ਜੇਕਰ ਮੁੱਢਲੀ ਇਕਾਈ ਹੀ ਠੀਕ ਤਰ੍ਹਾਂ ਕੰਮ ਨਹੀਂ ਕਰੇਗੀ ਤਾਂ ਪਿੰਡਾਂ ਦਾ ਵਿਕਾਸ ਅਸੰਭਵ ਹੈ ।

ਪਿੰਡਾਂ ਦੇ ਵਿਕਾਸ ਦਾ ਪੱਧਰ ਅਜੇ ਵੀ ਗਲੀਆਂ-ਨਾਲੀਆਂ ਅਤੇ ਧਰਮਸ਼ਾਲਾਵਾਂ ਬਣਾਉਣ ਤੱਕ ਰੁਕਿਆ ਹੋਇਆ ਹੈ । ਪੰਜਾਬ ਵਿੱਚ ਗਿਣਤੀ ਦੇ ਪਿੰਡ ਹਨ, ਜਿੱਥੇ ਸੀਵਰੇਜ ਪਿਆ ਹੋਵੇ ਅਤੇ ਠੀਕ ਤਰ੍ਹਾਂ ਕੰਮ ਕਰ ਰਿਹਾ ਹੋਵੇ ।ਸਾਨੂੰ ਸਾਡੇ ਪਿੰਡਾਂ ਦੇ ਵਿਕਾਸ ਲਈ ਜਾਗਰੂਕ ਹੋਣ ਦੀ ਜ਼ਰੂਰਤ ਹੈ ।ਇਸ ਕੰਮ ਲਈ ਸਾਨੂੰ ਪੰਚਾਇਤ ਦੀ ਚੋਣ ਕਰਨ ਦੇ ਕਾਰਜ ਨੂੰ ਸੰਜੀਦਗੀ ਨਾਲ ਲੈਣਾ ਚਾਹੀਦਾ ਹੈ।ਪੰਚਾਇਤ ਬਣਨ ਤੋਂ ਬਾਅਦ ਗ੍ਰਾਮ ਸਭਾਵਾਂ ਨਾ ਸੱਦਣ ਦਾ ਬਹੁਤ ਰੌਲਾ ਪੈਂਦਾ ਹੈ । ਜ਼ਰੂਰਤ ਹੈ ਕਿ ਅਸੀਂ ਹੁਣ ਗ੍ਰਾਮ ਸਭਾਵਾਂ ਸੱਦੀਏ । ਗ੍ਰਾਮ ਸਭਾ ਵਿੱਚ ਪਿੰਡ ਦੇ ਵਿਕਾਸ ਲਈ ਚੁਣੀ ਜਾਣ ਵਾਲੀ ਪੰਚਾਇਤ ਸੰਬੰਧੀ ਵਿਚਾਰ-ਚਰਚਾ ਕਰੀਏ । ਹਉਮੈ, ਸ਼ਰੀਕੇਬਾਜ਼ੀ , ਚੌਧਰ ਨੂੰ ਛੱਡ ਕੇ ਪਿੰਡ ਦੇ ਵਿਕਾਸ ਦੀ ਗੱਲ ਕਰੀਏ । ਕੋਸ਼ਿਸ਼ ਕਰੀਏ ਕਿ ਗ੍ਰਾਮ ਸਭਾ ਵਿੱਚ ਵਿਚਾਰ-ਚਰਚਾ ਕਰਕੇ ਪਿੰਡ ਨੂੰ ਯੋਗ ਅਗਵਾਈ ਦੇਣ ਵਾਲੀ ਪੰਚਾਇਤ ਚੁਣੀਏ ਅਤੇ ਭਵਿੱਖ ਦੀਆਂ ਚੁਣੌਤੀਆਂ ਦੇ ਸਨਮੁਖ ਹੋਈਏ । ਇਹ ਗੱਲ ਸਾਡੇ ਅੰਦਰ ਘਰ ਕਰ ਗਈ ਹੈ ਕਿ ਸਰਪੰਚੀ ਤਾਂ ਪੈਸੇ ਵਾਲੇ ਬੰਦੇ ਦੀ ਐ ।ਇਸ ਮਿਥ ਨੂੰ ਹੀ ਤੋੜਨਾ ਹੈ । ਜੇਕਰ ਤੁਸੀਂ ਸਰਬਸੰਮਤੀ ਨਾਲ ਯੋਗ ਸਰਪੰਚ ਚੁਣੋਗੇ ਅਤੇ ਸਾਰਾ ਪਿੰਡ ਉਸ ਦੀ ਪਿੱਠ ਤੇ ਹੋਵੇਗਾ ਤਾਂ ਉਹ ਸਰਪੰਚ ਤੁਹਾਡਾ ਸਭ ਤੋਂ ਤਕੜਾ ਸਰਪੰਚ ਹੋਵੇਗਾ ।ਇੱਕ ਹੋਰ ਗੱਲ ਧਿਆਨ ਮੰਗਦੀ ਹੈ ਕਿ ਨਵੇਂ ਕਾਨੂੰਨਾਂ ਵਿੱਚ ਪੁਲਸ ਨੂੰ ਮਿਲੇ ਵੱਧ ਅਧਿਕਾਰਾਂ ਦੀ ਰੋਸ਼ਨੀ ਵਿੱਚ ਕਿਸੇ 'ਕੱਲੇ-ਕਾਰੇ ਪੰਚ-ਸਰਪੰਚ ਦੀ ਕੋਈ ਵੁੱਕਤ ਨਹੀਂ ਰਹਿਣੀ ।ਭਾਵੇਂ ਉਹ ਪੈਸੇ ਪੱਖੋਂ ਕਿੰਨਾ ਵੀ ਸੰਪੰਨ ਕਿਉਂ ਨਾ ਹੋਵੇ ।ਹਾਂ, ਜੇਕਰ ਸਰਪੰਚ ਦੇ ਪਿੱਛੇ ਸਾਰਾ ਪਿੰਡ ਖੜਾ ਹੋਏਗਾ ਤਾਂ ਹੀ ਤੁਹਾਡੀ ਥਾਣੇ, ਕਚਹਿਰੀ, ਸਰਕਾਰੇ-ਦਰਬਾਰੇ ਸੁਣੀ ਜਾਏਗੀ।ਅੱਜ ਪਿੰਡ ਪੱਧਰ 'ਤੇ ਏਕੇ ਦੀ ਬਹੁਤ ਜ਼ਰੂਰਤ ਹੈ। ਜੇਕਰ ਪਿੰਡ ਪੱਧਰ 'ਤੇ ਤੁਹਾਡੀ ਪੰਚਾਇਤ ਬਣਾਉਣ ਦੇ ਰੂਪ ਵਿੱਚ ਏਕਤਾ ਨਹੀਂ ਰਹਿੰਦੀ ਤਾਂ ਭਵਿੱਖ ਵਿੱਚ ਤੁਹਾਡੀ ਖੱਜਲਖੁਆਰੀ ਅਤੇ ਲੁੱਟ ਤਹਿ ਹੈ । ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਾਡਾ ਪਿੰਡ ਪੱਧਰ 'ਤੇ ਇੱਕ ਮਜ਼ਬੂਤ ਸੰਸਥਾ ਪੰਚਾਇਤ ਦੇ ਰੂਪ ਵਿੱਚ ਆਉਣਾ ਅੱਤ ਜ਼ਰੂਰੀ ਹੈ। ਪੰਚੀ-ਸਰਪੰਚ ਦੇ ਉਮੀਦਵਾਰਾਂ ਨੂੰ ਪਿੰਡ ਦੇ ਵਿਕਾਸ ਲਈ ਸੱਥ ਵਿੱਚ ਸਵਾਲ ਪੁੱਛਣ ਦਾ ਇਹ ਸਹੀ ਸਮਾਂ ਹੈ, ਫਿਰ ਪੰਜ ਸਾਲ ਤੁਹਾਨੂੰ ਕਿਸੇ ਨੇ ਜਵਾਬ ਨਹੀਂ ਦੇਣਾ ।

ਪਿੰਡ ਦੇ ਵਿਕਾਸ ਦੀਆਂ ਚਾਬੀਆਂ ਪੰਜ ਸਾਲ ਲਈ ਕਿਸੇ ਨੂੰ ਸੌਂਪਣ ਤੋਂ ਪਹਿਲਾਂ 100 ਵਾਰੀ ਸੋਚਣ ਦੀ ਲੋੜ ਹੈ।ਪਾਰਟੀਬਾਜੀ ਨੇ ਸਾਡੇ ਪਿੰਡਾਂ ਅੰਦਰ ਵਸਦੇ ਭਾਈਚਾਰਿਆਂ ਵਿੱਚ ਤਰੇੜਾਂ ਹੀ ਪਾਈਆਂ ਨੇ। ਹੁਣ ਸਮਾਂ ਹੈ ਕਿ ਅਸੀਂ ਉਹ ਤਰੇੜਾਂ ਬੰਦ ਕਰਕੇ ਆਪਸੀ ਭਾਈਚਾਰਾ ਕਾਇਮ ਕਰੀਏ । ਅੱਜ ਸਾਡੇ ਪਿੰਡਾਂ ਦੇ ਕਿੰਨੇ ਹੀ ਮੁੱਦੇ ਹਨ; ਸਿਹਤ, ਸਿੱਖਿਆ, ਪੀਣ ਵਾਲਾ ਪਾਣੀ,ਗੰਦੇ ਪਾਣੀ ਦੀ ਨਿਕਾਸੀ ਦਾ ਯੋਗ ਪ੍ਰਬੰਧ,ਖੇਤਾਂ ਲਈ ਨਹਿਰੀ ਪਾਣੀ ਦਾ ਪ੍ਰਬੰਧ ਅਤੇ ਹੋਰ। ਕਿੰਨੇ ਹੀ ਇਹ ਮੁੱਦੇ ਸਾਡੀ ਇੱਕਸੁਰਤਾ ਦੀ ਮੰਗ ਕਰਦੇ ਹਨ।ਅਸੀਂ ਸਾਰੇ ਜਾਣਦੇ ਹਾਂ ਕਿ ਬਗੈਰ ਇੱਕਸੁਰਤਾ ਦੇ ਇੱਕ ਨਾਲੀ ਕੱਢਣੀ ਵੀ ਔਖੀ ਹੋ ਜਾਂਦੀ ਹੈ ।ਸੌ ਹੱਥ ਰੱਸਾ ਸਿਰੇ 'ਤੇ ਗੰਢ ਵਾਲੀ ਅਖਾਣ ਦੀ ਤਰ੍ਹਾਂ ਇਸ ਸਾਰੇ ਕਾਸੇ ਦਾ ਹੱਲ ਸਰਬਸੰਮਤੀ ਨਾਲ ਪਿੰਡ ਦੀ ਪੰਚਾਇਤ ਬਣਾਉਣ ਵਿੱਚ ਪਿਆ ਹੈ, ਜਿੱਥੇ ਕਿਤੇ ਚੋਣ ਵੀ ਹੁੰਦੀ ਹੈ ਤਾਂ ਚੋਣ ਵੋਟ ਪਿੰਡ ਦੇ ਵਿਕਾਸ ਦੇ ਮੁੱਦੇ 'ਤੇ ਪਾਈ ਜਾਵੇ, ਨਾ ਕਿ ਉਮੀਦਵਾਰ ਵੱਲੋਂ ਵਰਤਾਈ ਗਈ ਸ਼ਰਾਬ ਦੇ ਬਰਾਂਡ ਦੇ ਅਧਾਰ 'ਤੇ। ਇਹਨਾਂ ਚੋਣਾਂ ਨੇ ਹੀ ਤੈਅ ਕਰ ਦੇਣਾ ਹੈ ਕਿ ਤੁਸੀਂ, ਅਸੀਂ ਕਿਹੋ ਜਿਹਾ ਰਾਜਭਾਗ ਚਾਹੁੰਦੇ ਹਾਂ ।

ਡਾ . ਬਿਹਾਰੀ ਮੰਡੇਰ, ਸੰਪਰਕ : 98144-65017

# ਪੰਚਾਇਤੀ ਢਾਂਚੇ 'ਤੇ ਉੱਠਦੇ ਸਵਾਲ



ਗੁਰਮੀਤ ਸਿੰਘ ਪਲਾਹੀ

ਪੰਜਾਬ 'ਚ ਪੰਚਾਇਤੀ ਚੋਣਾਂ ਨੂੰ ਲੈ ਕੇ ਪੂਰੀ ਗਰਮੋ-ਗਰਮੀ ਅਤੇ ਸਰਗਰਮੀ ਹੈ। ਕਿਹਾ ਜਾ ਰਿਹਾ ਹੈ ਕਿ ਇਹ ਚੋਣਾਂ ਅਸਲ ਅਰਥਾਂ 'ਚ ਲੋਕਤੰਤਰ ਦੀ ਨੁਮਾਇਸ਼ ਹਨ। ਉਪਰੋਂ-ਉਪਰੋਂ ਇਹ ਇੰਞ ਹੀ ਜਾਪਦਾ ਹੈ, ਪਰ ਜਿਸ ਕਿਸਮ ਦਾ ਜਲੂਸ ਇਹਨਾਂ ਚੋਣਾਂ 'ਚ ਲੋਕਤੰਤਰ ਦਾ ਕੱਢਿਆ ਜਾਂਦਾ ਹੈ, ਉਹ ਵੀ ਆਪਣੇ ਆਪ ਵਿੱਚ ਇੱਕ ਉਦਾਹਰਨ ਹੈ। ਕੀ ਪੰਚਾਇਤਾਂ ਨੂੰ ਸਰਕਾਰਾਂ ਸੰਜੀਦਗੀ ਨਾਲ ਲੈਂਦੀਆਂ ਹਨ? ਕੀ ਚੁਣੀਆਂ ਹੋਈਆਂ ਪੰਚਾਇਤਾਂ ਦੇ ਅਧਿਕਾਰ ਉਹਨਾਂ ਪੱਲੇ ਸਿਆਸਤਦਾਨਾਂ, ਅਫ਼ਸਰਸ਼ਾਹੀ ਨੇ ਰਹਿਣ ਦਿੱਤੇ ਹਨ? ਕੀ ਪੰਚਾਇਤਾਂ ਨੂੰ ਪੰਗੂ ਨਹੀਂ ਬਣਾ ਦਿੱਤਾ ਗਿਆ? ਕੀ ਪਿੰਡਾਂ ਦੇ ਮੋਹਤਬਰਾਂ ਨੇ ਪੰਚਾਇਤਾਂ ਹਥਿਆ ਨਹੀਂ ਲਈਆਂ ਹੋਈਆਂ? ਸਵਾਲ ਇਹ ਵੀ ਉੱਠਦਾ ਹੈ ਕਿ ਪੰਚੀ, ਸਰਪੰਚੀ ਚੌਧਰ ਤੋਂ ਬਿਨਾਂ ਕਿਸ ਕੰਮ ਆਉਂਦੀ ਹੈ? ਕੀ ਸਰਕਾਰਾਂ ਪੰਚਾਇਤਾਂ ਨੂੰ ਸਥਾਨਕ ਸਰਕਾਰਾਂ ਦਾ ਦਰਜਾ ਦਿੰਦੀਆਂ ਹਨ, ਜਿਸ ਦੇ ਅਧਿਕਾਰ ਉਹਨਾਂ ਨੂੰ ਸੰਵਿਧਾਨ ਦੀ 73ਵੀਂ ਸੋਧ ਅਧੀਨ 1992 'ਚ ਪਾਰਲੀਮੈਂਟ 'ਚ ਇੱਕ ਕਾਨੂੰਨ ਪਾਸ ਕਰਕੇ ਮਿਲੇ ਸਨ?

ਬਾਵਜੂਦ ਇਹਨਾਂ ਉੱਠੇ ਸਵਾਲਾਂ ਦੇ ਵਿਚਕਾਰ ਪਿੰਡਾਂ ਦੇ ਲੋਕਾਂ ਦੀ ਉਡੀਕ ਮੁੱਕੀ ਹੈ। ਪੰਜਾਬ 'ਚ ਪੰਚਾਇਤੀ ਚੋਣਾਂ 15 ਅਕਤੂਬਰ ਨੂੰ ਹੋਣ ਜਾ ਰਹੀਆਂ ਹਨ। ਪੰਜਾਬ ਦੀਆਂ 13241 ਪੰਚਾਇਤਾਂ ਦੀ ਚੋਣ ਪਿੰਡਾਂ ਦੇ ਲੋਕ ਕਰਨਗੇ। ਸਰਪੰਚਾਂ-ਪੰਚਾਂ ਨੂੰ ਚੋਣ ਨਿਸ਼ਾਨ ਅਲਾਟ ਹੋ ਗਏ ਹਨ। ਧੜਿਆਂ, ਗਰੁੱਪਾਂ 'ਚ ਵੰਡੇ ਸਰਪੰਚਾਂ-ਪੰਚਾਂ 'ਚ ਖਲਬਲੀ ਮਚੀ ਹੋਈ ਹੈ। ਆਪਸੀ ਸ਼ੰਕਾ, ਨਫ਼ਰਤੀ ਵਰਤਾਰਾ ਇਸ ਵੇਲੇ ਸਿਖਰਾਂ 'ਤੇ ਪਿੰਡਾਂ 'ਚ ਵੇਖਣ ਨੂੰ ਮਿਲ ਰਿਹਾ ਹੈ। ਲੋਕ ਸਭਾ, ਵਿਧਾਨ ਸਭਾ ਦੀਆਂ ਚੋਣਾਂ ਵਾਂਗ ਸਿਆਸੀ ਧੜਿਆਂ, ਗਰੁੱਪਾਂ ਵੱਲੋਂ ਲੋਕਾਂ ਨੂੰ ਲੁਭਾਉਣ, ਡਰਾਉਣ, ਧਮਕਾਉਣ ਦੇ ਯਤਨ ਆਰੰਭ ਹੋ ਗਏ ਹਨ। ਕੁਝ ਥਾਵਾਂ ਉੱਤੇ ਪੈਸਿਆਂ ਦੇ ਜ਼ੋਰ ਨਾਲ ਸਰਪੰਚੀ ਬੋਲੀ ਲਾ ਕੇ ਖਰੀਦਣ ਦੀਆਂ ਖ਼ਬਰਾਂ ਹਨ, ਪਰ ਕੁਝ ਥਾਵਾਂ 'ਤੇ ਸਰਬ-ਸੰਮਤੀ ਨਾਲ ਚੰਗੇ ਪਿਛੋਕੜ ਵਾਲੇ ਪਿੰਡ ਹਿਤੈਸ਼ੀ ਲੋਕ ਅੱਗੇ ਆ ਰਹੇ ਹਨ।

ਇਹ ਮੰਨਦਿਆਂ ਕਿ ਉਹਨਾਂ ਦਾ ਅਧਾਰ ਪਿੰਡਾਂ 'ਚ ਹੈ, ਸਿਆਸੀ ਪਾਰਟੀਆਂ ਦੇ ਆਗੂ ਸਿੱਧੇ, ਅਸਿੱਧੇ ਤੌਰ 'ਤੇ ਸਰਗਰਮ ਹਨ ਅਤੇ ਆਪਣੇ ਹਮਾਇਤੀਆਂ ਨੂੰ ਸਰਪੰਚੀ, ਪੰਚੀ ਦੀਆਂ ਚੋਣਾਂ ਲੜਾ ਰਹੇ ਹਨ, ਭਾਵੇਂ ਕਿ ਇੱਕ ਕਾਨੂੰਨ ਪਾਸ ਕਰਕੇ ਮੌਜੂਦਾ ਸਰਕਾਰ ਨੇ ਪੰਚਾਇਤੀ ਚੋਣਾਂ ਸਿਆਸੀ ਚੋਣ ਨਿਸ਼ਾਨ 'ਤੇ ਨਾ ਲੜਨ ਦਾ ਕਾਨੂੰਨ ਪਾਸ ਕੀਤਾ ਹੈ, ਪਰ ਇਹ ਖੁੱਲ੍ਹ ਦਿੱਤੀ ਹੈ ਕਿ ਉਮੀਦਵਾਰ ਆਪੋ-ਆਪਣੀ ਸਿਆਸੀ ਪਾਰਟੀ ਦੇ ਨੇਤਾ ਦੀ ਫੋਟੋ ਆਪਣੀ ਚੋਣ ਸਮਗਰੀ ਵਿੱਚ ਪ੍ਰਕਾਸ਼ਤ ਕਰ ਸਕਦਾ ਹੈ। ਅਸਲ ਵਿੱਚ ਵਿੰਗੇ-ਢੰਗ ਨਾਲ ਇਹ ਪਿੰਡ ਪੰਚਾਇਤਾਂ 'ਚ ਆਪਣਾ ਸਿਆਸੀ ਅਧਾਰ ਵਿਖਾਉਣ ਜਾਂ ਵਧਾਉਣ ਦਾ ਯਤਨ ਹੈ।

ਸੰਵਿਧਾਨ ਦੀ 73ਵੀਂ ਤੇ 74ਵੀਂ ਸੋਧ ਅਨੁਸਾਰ ਪੰਚਾਇਤਾਂ ਨੂੰ ਸਥਾਨਕ ਸਰਕਾਰ ਦਾ ਦਰਜਾ ਮਿਲਿਆ। ਇਸ ਦਾ ਮੰਤਵ ਭਾਰਤ ਵਿੱਚ ਲੋਕਤੰਤਰ ਦੀ ਸਫ਼ਲਤਾ ਲਈ ਲੋਕਾਂ ਵਿੱਚ ਜਾਗ੍ਰਤੀ ਲਿਆਉਣਾ ਸੀ। ਸਥਾਨਕ ਸ਼ਾਸਨ ਨੂੰ ਇਸੇ ਕਰਕੇ ਸੰਵਿਧਾਨਿਕ ਮਾਨਤਾ ਦਿੱਤੀ ਗਈ ਅਤੇ ਉਨ੍ਹਾਂ ਨੂੰ ਹੋਰ ਜ਼ਿਆਦਾ ਪ੍ਰਸ਼ਾਸਨਿਕ ਅਤੇ ਵਿੱਤੀ ਜ਼ਿੰਮੇਵਾਰੀ ਸੌਂਪੀ ਗਈ। ਇਸ ਪਿੱਛੇ ਸੋਚ ਇਹ ਸੀ ਕਿ ਭਾਰਤ ਦਾ ਲੋਕਤੰਤਰੀ ਢਾਂਚਾ ਸਥਾਈ ਬਣਿਆ ਰਹੇ। ਲੋਕਾਂ ਨੂੰ ਸਥਾਨਕ ਸਮੱਸਿਆਵਾਂ ਦੇ ਹੱਲ ਕਰਨ ਅਤੇ ਦੇਸ਼ ਦੇ ਸਮਾਜਿਕ ਤੇ ਆਰਥਿਕ ਵਿਕਾਸ ਅਤੇ ਕਲਿਆਣਕਾਰੀ ਰਾਜ ਦੀ ਸਥਾਪਨਾ ਕਰਨ ਦਾ ਸਥਾਨਕ ਸ਼ਾਸਨ ਰਾਹੀਂ ਮੌਕਾ ਮਿਲੇ।

ਪੰਚਾਇਤੀ ਰਾਜ ਸੰਸਥਾਵਾਂ, ਕਿਉਂਕਿ ਭਾਰਤ ਵਿੱਚ ਲੰਮੇ ਸਮੇਂ ਤੋਂ ਕੰਮ ਕਰ ਰਹੀਆਂ ਸਨ। ਕਿਸੇ ਸਮੇਂ ਸਥਾਨਕ ਪੰਚਾਇਤਾਂ ਕੋਲ ਕਾਨੂੰਨੀ ਅਧਿਕਾਰ ਵੀ ਸਨ, ਪਰ ਸੰਵਿਧਾਨਕ ਸੋਧ ਅਨੁਸਾਰ ਪੰਚਾਇਤੀ ਸੰਸਥਾਵਾਂ ਨੂੰ ਚਾਰ ਹਿੱਸਿਆਂ 'ਚ ਵੰਡਿਆ ਗਿਆ। ਮੁੱਢਲੀ ਇਕਾਈ ਗ੍ਰਾਮ ਸਭਾ ਮਿੱਥੀ ਗਈ, ਜਿਸ ਵਿੱਚ ਪਿੰਡ ਦੇ ਸਾਰੇ ਵੋਟਰ ਮੈਂਬਰ ਮਿੱਥੇ ਗਏ। ਇਸੇ ਗ੍ਰਾਮ ਸਭਾ ਨੇ ਗ੍ਰਾਮ ਪੰਚਾਇਤ ਦੀ ਚੋਣ ਕਰਨੀ ਹੈ। ਇਸੇ ਗ੍ਰਾਮ ਸਭਾ ਨੇ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦਾਂ ਦੀ ਚੋਣ ਕਰਨੀ ਹੈ। ਗ੍ਰਾਮ ਸਭਾ ਨੂੰ ਪੰਚਾਇਤ ਖੇਤਰ ਦੇ ਵਿਕਾਸ ਲਈ ਸਾਲਾਨਾ ਯੋਜਨਾਵਾਂ ਬਣਾਉਣ, ਬਜਟ ਤਿਆਰ ਕਰਨ, ਜਨਤਕ ਜਾਇਦਾਦਾਂ 'ਤੇ ਨਜਾਇਜ਼ ਕਬਜ਼ੇ ਹਟਾਉਣ ਅਤੇ ਸਮਾਜ ਦੇ ਸਾਰੇ ਤਬਕਿਆਂ ਵਿੱਚ ਏਕਤਾ ਅਤੇ ਸਦਭਾਵਨਾ ਨੂੰ ਬੜਾਵਾ ਦੇਣਾ ਮਿਥਿਆ ਗਿਆ। ਗ੍ਰਾਮ ਸਭਾ ਦੀਆਂ ਹਾੜ੍ਹੀ ਤੇ ਸਾਉਣੀ ਦੇ ਸਭਾਵਾਂ ਮਿੱਥੀਆਂ ਗਈਆਂ। ਪੰਚਾਇਤਾਂ ਨੂੰ ਪਿੰਡਾਂ ਦੇ ਵਿਕਾਸ ਦੇ ਮੁੱਖ ਕੰਮ ਤੋਂ ਬਿਨਾਂ ਕੁਝ ਦੀਵਾਨੀ, ਮਾਲੀਆ ਅਤੇ ਨਿਆਂਇਕ ਅਧਿਕਾਰ ਵੀ ਮਿਲੇ। ਬਲਾਕ ਸੰਮਤੀਆਂ ਬਲਾਕ ਲਈ ਅਤੇ ਜ਼ਿਲ੍ਹਾ ਪਰਿਸ਼ਦਾਂ ਜ਼ਿਲ੍ਹੇ ਦੇ ਵਿਕਾਸ ਲਈ ਜ਼ਿੰਮੇਵਾਰ ਮਿੱਥੀਆਂ ਗਈਆਂ।

ਪਰ ਅਫ਼ਸੋਸ ਦੀ ਗੱਲ ਹੈ ਕਿ ਪੰਚਾਇਤਾਂ ਨੂੰ ਮਿਲੇ ਹੱਕ ਸਿਆਸਤਦਾਨਾਂ, ਹਾਕਮਾਂ ਨੇ ਤਹਿਸ-ਨਹਿਸ ਕਰ ਦਿੱਤੇ। 73ਵੀਂ ਸੰਵਿਧਾਨਿਕ ਸੋਧ ਦੀਆਂ ਧੱਜੀਆਂ ਉਡਾਉਂਦਿਆਂ ਮੌਜੂਦਾ ਸਰਕਾਰ ਨੇ ਪਹਿਲਾ ਪੰਜ ਸਾਲ ਦੀ ਮਿਆਦ ਤੋਂ ਪਹਿਲਾਂ ਹੀ ਪੰਚਾਇਤਾਂ ਭੰਗ ਕਰ ਦਿੱਤੀਆਂ ਅਤੇ ਬਾਅਦ 'ਚ ਜਦ ਦਸੰਬਰ 23 ਜਾਂ ਜਨਵਰੀ 2024 'ਚ ਪੰਜ ਸਾਲਾਂ ਮਿਆਦ ਖ਼ਤਮ ਹੋਣ ਤੋਂ ਲਗਭਗ 10 ਮਹੀਨੇ ਬਾਅਦ ਮਸਾਂ ਚੋਣਾਂ ਕਰਵਾਈਆਂ।ਕੀ ਇਹ ਪੰਚਾਇਤਾਂ ਅਤੇ ਪਿੰਡ ਦੇ ਲੋਕਾਂ ਨਾਲ ਮਜ਼ਾਕ ਨਹੀਂ ਸੀ?

ਇਹੋ ਜਿਹੀ ਕਾਰਵਾਈ ਸਿਰਫ਼ ਮੌਜੂਦਾ ਸਰਕਾਰ ਨੇ ਹੀ ਨਹੀਂ ਕੀਤੀ, ਸਗੋਂ ਅਕਾਲੀ, ਕਾਂਗਰਸ ਸਰਕਾਰਾਂ ਵੱਲੋਂ ਵੀ ਪੰਚਾਇਤੀ ਚੋਣਾਂ ਨੂੰ ਲੈ ਕੇ ਲਾਪਰਵਾਹੀ, ਬੇਪਰਵਾਹੀ ਵਰਤੀ ਜਾਂਦੀ ਰਹੀ ਅਤੇ ਪੰਚਾਇਤਾਂ ਦੇ ਅਧਿਕਾਰ ਅਫ਼ਸਰਸ਼ਾਹੀ, ਬਾਬੂਸ਼ਾਹੀ ਰਾਹੀਂ ਹਥਿਆਏ ਜਾਂਦੇ ਰਹੇ।

ਇਹ ਰੁਝਾਨ ਹੁਣ ਵੀ ਲਗਾਤਾਰ ਵਧਿਆ ਹੈ। ਪਿਛਲੇ 10 ਮਹੀਨੇ ਪੰਚਾਇਤਾਂ ਦੇ ਪ੍ਰਬੰਧਕ ਲਗਾ ਕੇ ਸਥਾਨਕ ਸਰਕਾਰਾਂ ਦਾ ਸਾਰਾ ਕੰਮ-ਕਾਜ ਠੱਪ ਕਰ ਦਿੱਤਾ ਗਿਆ। ਵਿਕਾਸ ਕਾਰਜ ਰੁਕ ਗਏ, ਲੋਕ ਆਪਣੇ ਨਿੱਕੇ-ਮੋਟੇ ਹੱਕਾਂ ਤੋਂ ਵੀ ਵਿਰਵੇ ਹੋ ਗਏ,ਕਿਉਂਕਿ ਪੰਚਾਇਤ ਪ੍ਰਬੰਧਕਾਂ ਵੱਲੋਂ ਉਹਨਾਂ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਨਾ ਲੱਭਿਆ ਗਿਆ। ਇਹਨਾਂ ਦਸ ਮਹੀਨਿਆਂ 'ਚ ਪਿੰਡਾਂ 'ਚ ਸਫ਼ਾਈ ਦਾ ਕੰਮ ਠੱਪ ਹੋਇਆ, ਪਿੰਡਾਂ 'ਚ ਕੰਮ ਕਰਦੇ ਪਾਰਟ-ਟਾਈਮ ਸਫ਼ਾਈ ਕਾਮਿਆਂ ਨੂੰ ਤਨਖਾਹਾਂ ਨਾ ਮਿਲੀਆਂ, ਮਗਨਰੇਗਾ ਦੇ ਕਾਮੇ ਕੰਮ ਤੋਂ ਵਾਂਝੇ ਹੋ ਗਏ।

ਕਾਗਜ਼ ਭਰਨ ਲਈ ਪੰਚੀ, ਸਰਪੰਚੀ ਉਮੀਦਵਾਰ ਸ਼ਹਿਰਾਂ ਵੱਲ ਦੌੜ ਪਏ। ਕੋਈ ਇਤਰਾਜ਼ ਨਹੀਂ ਸਰਟੀਫਿਕੇਟ, ਚੁੱਲ੍ਹਾ ਟੈਕਸ, ਬੈਂਕਾਂ ਦੇ ਬੈਲੈਂਸ, ਹਲਫੀਆ ਬਿਆਨ ਦੇਣ-ਲੈਣ ਦੀ ਹੋੜ ਲੱਗ ਗਈ। ਏਨੇ ਗੁੰਝਲਦਾਰ ਢੰਗ-ਤਰੀਕੇ ਨੇ ਪੇਂਡੂਆਂ ਨੂੰ ਪਰੇਸ਼ਾਨ ਕਰ ਦਿੱਤਾ। ਕਚਹਿਰੀਆਂ 'ਚ ਭੀੜਾਂ ਲੱਗੀਆਂ। ਲੋੜੋਂ ਵੱਧ ਐਫੀਡੇਵਿਟ ਬਣਾਉਣ, ਅਟੈਸਟ ਕਰਾਉਣ 'ਤੇ ਮੂੰਹੋਂ ਮੰਗੀਆਂ ਫੀਸਾਂ ਲੱਗੀਆਂ। ਉਮੀਦਵਾਰਾਂ ਦੇ ਪੂਰੇ ਪੰਜਾਬ ਵਿੱਚ ਕਰੋੜਾਂ ਰੁਪਏ ਇਹਨਾਂ ਕਾਗਜ਼ਾਂ ਨੂੰ ਤਿਆਰ ਕਰਨ ਅਤੇ ਭਰਨ ਉੱਤੇ ਲੱਗੇ।

ਕਦੇ ਸਮਾਂ ਸੀ ਪੰਚਾਇਤਾਂ ਦੀਆਂ ਵੋਟਾਂ ਲਈ ਪੋਲਿੰਗ ਪਾਰਟੀਆਂ ਇੱਕ ਦਿਨ ਪਹਿਲਾਂ ਆਉਂਦੀਆਂ, ਕਾਗਜ਼ ਭਰੇ ਜਾਂਦੇ, ਕਾਗਜ਼ਾਂ ਦੀ ਪੜਤਾਲ ਹੁੰਦੀ, ਚੋਣ ਨਿਸ਼ਾਨ ਅਲਾਟ ਹੁੰਦੇ ਤੇ ਫਿਰ ਦੂਜੇ ਦਿਨ ਚੋਣ ਹੁੰਦੀ।ਜਿਸ ਵੀ ਬੰਦੇ ਨੇ ਕਾਗਜ਼ ਭਰਨੇ ਹੁੰਦੇ, ਤਜਵੀਜ਼ ਅਤੇ ਤਾਈਦ ਕਰਨ ਵਾਲੇ ਦੀ ਉਸ ਨੂੰ ਲੋੜ ਹੁੰਦੀ ਤੇ ਚੋਣ ਲੜੀ ਜਾਂਦੀ, ਪਰ ਇਹ ਖਰਚੀਲਾ ਢਾਂਚਾ ਕਿਸ ਲੋਕਤੰਤਰ ਦੀ ਗੱਲ ਕਰਦਾ ਹੈ? ਚੋਣਾਂ ਦੀ ਨਾਮਜ਼ਦਗੀ ਦੇ ਅੰਤਮ ਦਿਨ 4 ਅਕਤੂਬਰ 2024 ਨੂੰ ਚੋਣ ਲੜਨ ਵਾਲਿਆਂ ਦੀ ਭੀੜ ਆਪਣੇ ਸਮਰਥਕਾਂ ਸਮੇਤ ਸ਼ਹਿਰਾਂ 'ਚ ਅਫ਼ਸਰਾਂ ਦੇ ਦਫ਼ਤਰੀਂ ਢੁਕੀ ਵੇਖੀ।

ਬਿਨਾਂ ਸ਼ੱਕ ਪੰਚੀ-ਸਰਪੰਚੀ ਦੀਆਂ ਇਹਨਾਂ ਚੋਣਾਂ 'ਚ ਪੋਲਿੰਗ ਵੱਧ ਤੋਂ ਵੱਧ ਹੋਵੇਗੀ। ਵੋਟਰ, ਸਪੋਰਟਰ ਇਕੱਠੇ ਹੋਣਗੇ। ਧੜੇਬੰਦੀ ਵਧੇਗੀ, ਵੈਰ ਵਧੇਗਾ। ਇੱਕ ਦੂਜੇ ਪ੍ਰਤੀ ਮਨ-ਮੁਟਾਅ ਹੋਏਗਾ। ਚੋਣਾਂ 'ਚ ਝਗੜੇ ਵੀ ਹੋਣਗੇ, ਜਿਵੇਂ ਨਾਮਜ਼ਦਗੀ ਭਰਨ ਵੇਲੇ ਹੋਏ ਸਨ, ਪਰ ਕੀ ਇਹ ਚੋਣਾਂ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨਗੀਆਂ? ਕੀ ਲੋਕ ਇਹ ਜਾਣ ਸਕਣਗੇ ਕਿ ਉਹਨਾਂ ਵੱਲੋਂ ਚੁਣੀ ਪੰਚਾਇਤ ਆਖਰ ਕਰਦੀ ਕੀ ਹੈ? ਕਿ ਉਹਨਾਂ ਵੱਲੋਂ ਚੁਣੀ ਪੰਚਾਇਤ ਨੂੰ ਨੇਤਾ ਲੋਕ ਕਿਸ ਬਾਗ਼ ਦੀ ਮੂਲੀ ਸਮਝਦੇ ਵੀ ਹਨ?

ਪਿੰਡ ਦੀ ਤਾਮੀਰ ਤੇ ਤਾਸੀਰ ਸਦਾ ਮਿੱਠੀ ਰਹੀ ਹੈ। ਆਪਸੀ ਭਾਈਚਾਰਾ ਡੂੰਘਾ ਰਿਹਾ ਹੈ। ਸੱਥਾਂ 'ਚ ਪੰਚਾਇਤਾਂ ਉਹ ਫ਼ੈਸਲੇ ਨਿਬੇੜਦੀਆਂ ਰਹੀਆਂ ਹਨ, ਜਿਹੜੇ ਅਦਾਲਤਾਂ 'ਚ ਹੱਲ ਨਹੀਂ ਸਨ ਹੁੰਦੇ। ਪੰਚਾਇਤਾਂ ਆਮ ਲੋਕਾਂ ਦੇ ਭਲੇ ਲਈ ਪਾਬੰਦ ਸਨ। ਉਹ ਵਿਰਵੇ ਜਾਂ ਥੋੜ੍ਹੇ ਸਾਧਨਾਂ ਵਾਲੇ ਲੋਕਾਂ ਦੇ ਹੱਕ 'ਚ ਖੜਨ ਵਾਲੀਆਂ ਰਹਿੰਦੀਆਂ ਸਨ, ਪਰ ਕੀ ਹੁਣ ਇਹ ਪੰਚਾਇਤਾਂ ਉਹ ਪੰਚਾਇਤਾਂ ਰਹੀਆਂ ਹਨ ਜਾਂ ਨੇਤਾਵਾਂ ਦੀ ਭੇਟ ਚੜ੍ਹ ਗਈਆਂ ਹਨ?

ਪਿੰਡਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਰਕਾਰੀ ਗ੍ਰਾਂਟਾਂ ਦੀ ਕਾਣੀ-ਵੰਡ ਅਤੇ ਹਲਕਾ ਇੰਚਾਰਜਾਂ ਜਾਂ ਵਿਧਾਇਕਾਂ ਵੱਲੋਂ ਆਪਣੇ ਖ਼ਾਸ ਕਾਰਕੁਨਾਂ ਰਾਹੀਂ ਚੁਣੀਆਂ ਪੰਚਾਇਤਾਂ ਦੇ ਕੰਮਾਂ 'ਚ ਦਖਲ ਨੇ ਚੰਗੇ ਪੰਚਾਇਤੀ ਪ੍ਰਬੰਧਨ ਦਾ ਲੱਕ ਤੋੜ ਦਿੱਤਾ ਹੈ। ਪਿੰਡ ਦੇ ਲੋਕਾਂ ਨੂੰ ਥਾਣੇ- ਕਚਹਿਰੀਆਂ ਦੇ ਚੱਕਰ 'ਚ ਪਾ ਕੇ ਪਿੰਡਾਂ ਦਾ ਭਾਈਚਾਰਾ ਤਬਾਹ ਕਰਨ ਦਾ ਯਤਨ ਵੀ ਸਿਆਸੀ ਲੋਕਾਂ ਦਾ ਆਪਣੇ ਹਿੱਤ ਪੂਰਨ ਲਈ ਵੱਡਾ ਕਾਰਾ ਹੈ।

ਅੱਜ ਵੀ ਕਈ ਵੱਡੇ ਮੋਹਤਬਰਾਂ ਵੱਲੋਂ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ 'ਤੇ ਨਜਾਇਜ਼ ਕਬਜ਼ੇ ਹਨ। ਅੱਜ ਵੀ ਪਿੰਡ ਪੰਚਾਇਤਾਂ ਦੀ ਵਾਹੀ ਯੋਗ ਜ਼ਮੀਨ ਮਾਲੀਏ ਉੱਤੇ ਦਿੱਤੀ ਜਾਂਦੀ ਹੈ ਤਾਂ ਤਕੜਿਆਂ ਦਾ ਸੱਤੀ ਵੀਹੀਂ ਸੌ ਰਹਿੰਦਾ ਹੈ, ਜੋ ਤਕੜੀ ਬੋਲੀ ਲਾ ਕੇ ਵਰ੍ਹਿਆਂ ਤੋਂ ਜ਼ਮੀਨ ਹਥਿਆਈ ਬੈਠੇ ਹਨ। ਪਿੰਡਾਂ ਦੇ ਉਹਨਾਂ ਸਰਪੰਚਾਂ ਦੀ ਸਰਕਾਰੇ-ਦਰਬਾਰੇ ਕਦਰ ਨਹੀਂ ਰਹਿੰਦੀ, ਜਦੋਂ ਉਹਨਾਂ ਨੂੰ ਬਲਾਕ ਵਿਕਾਸ ਦਫ਼ਤਰਾਂ ਦੇ ਚੱਕਰ ਆਪਣੇ ਪਿੰਡ ਦੇ ਵਿਕਾਸ ਕਾਰਜ ਕਰਵਾਉਣ ਲਈ ਪੰਚਾਇਤ ਸਕੱਤਰਾਂ ਕੋਲ ਲਾਉਣੇ ਪੈਂਦੇ ਹਨ, ਜਿਹੜੇ ਬਹੁਤੀ ਵੇਰ ਸਰਪੰਚਾਂ ਦੀ ਪਰਵਾਹ ਨਹੀਂ ਕਰਦੇ।

ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਸਰਪੰਚਾਂ ਜਾਂ ਪੰਚਾਇਤਾਂ ਨੂੰ ਆਪਣੇ ਪਿੰਡ ਦੀ ਆਮਦਨ ਆਪ ਖਰਚਣ ਦਾ ਅਧਿਕਾਰ ਨਹੀਂ, ਉਹ ਵੀ ਸਕੱਤਰ, ਬਲਾਕ ਪੰਚਾਇਤ ਅਫ਼ਸਰਾਂ ਦੀ ਮਨਜ਼ੂਰੀ ਅਤੇ ਦਸਤਖ਼ਤਾਂ ਬਿਨਾਂ ਖਰਚੀ ਨਹੀਂ ਜਾ ਸਕਦੀ, ਤਾਂ ਫਿਰ ਇਹੋ ਜਿਹੀਆਂ ਪੰਚਾਇਤਾਂ, ਜਿਨ੍ਹਾਂ ਨੂੰ ਭਾਰਤੀ ਲੋਕਤੰਤਰ ਦਾ ਅਸੀਂ ਥੰਮ੍ਹ ਗਰਦਾਨਦੇ ਹਾਂ, ਉਪਰ ਉਸ ਦੀ ਅਸਲ ਸਥਿਤੀ ਵੇਖ ਕੇ ਕਈ ਸਵਾਲ ਜਾਂ ਸ਼ੰਕੇ ਤਾਂ ਖੜੇ ਹੋਣਗੇ ਹੀ।

ਪਿਛਲੇ ਦਿਨੀਂ ਪਿੰਡਾਂ ਦੇ ਲੋਕਾਂ ਨੂੰ ਪੰਚਾਇਤਾਂ ਦੇ ਹੱਕਾਂ, ਗ੍ਰਾਮ ਸਭਾ ਬਾਰੇ ਜਾਗਰੂਕ ਕਰਨ ਦਾ ਇੱਕ 'ਪੰਜਾਬ ਬਚਾਓ ਕਾਫ਼ਲਾ' ਪਿੰਡਾਂ 'ਚ ਘੁੰਮ ਰਿਹਾ ਹੈ। ਉਸ ਵੱਲੋਂ ਅਸਲ ਵਿੱਚ ਸਰਬ-ਸੰਮਤ ਪੰਚਾਇਤਾਂ ਦੀ ਚੋਣ ਦਾ ਸੱਦਾ ਵੀ ਦਿੱਤਾ ਜਾ ਰਿਹਾ ਹੈ। ਮੌਜੂਦਾ ਸਰਕਾਰ ਵੀ ਸਰਬਸੰਮਤੀ ਦੀ ਗੱਲ ਕਰਦੀ ਹੈ।

ਵੇਖਣਾ ਇਹ ਹੋਵੇਗਾ ਕਿ ਅਸੀਂ ਪਿੰਡ ਦੀ ਰੂਹ ਭਾਈਚਾਰੇ ਤੋਂ ਬੇਮੁੱਖ ਤਾਂ ਨਹੀਂ ਹੋ ਜਾਵਾਂਗੇ? ਕੀ ਅਸੀਂ ਆਪਣੇ ਪਿੰਡ ਨਾਲ ਗੱਦਾਰੀ ਤਾਂ ਨਹੀਂ ਕਰ ਰਹੇ?

ਉਂਝ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ, ਬਾਵਜੂਦ ਉੱਠ ਰਹੇ ਵੱਡੇ ਸਵਾਲਾਂ ਦੇ ਪਿੰਡ ਅੱਜ ਵੀ ਜਿਊਂਦਾ ਹੈ ਅਤੇ ਜਿਊਂਦਾ ਵੀ ਰਹੇਗਾ।

# ਸੰਪਰਕ : 98158-02070

# ਜ਼ਰਾ ਬਚ ਕੇ ਮੋੜ ਤੋਂ...

ਗੁਰਬਿੰਦਰ ਸਿੰਘ ਮਾਣਕ

ਇਸ ਬਾਰੇ ਤਾਂ ਕਿਸੇ ਨੂੰ ਇਲਮ ਨਹੀਂ ਹੈ ਕਿ ਮੌਤ ਕਦੋਂ ਤੇ ਕਿਵੇਂ ਆਉਣੀ ਹੈ। ਪਰ ਜੀਵਨ ਦੀ ਸੁਰੱਖਿਆ ਨੂੰ ਕੇਵਲ 'ਰੱਬ' ਆਸਰੇ ਹੀ ਛੱਡ ਦੇਣਾ ਕੋਈ ਸਮਝਦਾਰੀ ਨਹੀਂ ਹੈ। ਸਰਕਾਰਾਂ ਤਾਂ ਸੰਘ ਪਾੜ-ਪਾੜ ਦੁਹਾਈ ਪਾਉਂਦੀਆਂ ਹਨ ਕਿ ਦੇਸ਼ ਨੇ ਤਰੱਕੀ ਹੀ ਬਹੁਤ ਕਰ ਲਈ ਹੈ। ਚਲੋ, ਇਹ ਗੱਲ ਵੀ ਥੋੜ੍ਹੇ-ਬਹੁਤੇ ਫਰਕ ਨਾਲ ਮੰਨੀ ਜਾ ਸਕਦੀ ਹੈ ਕਿ ਦੇਸ਼ ਨੇ ਜੀਵਨ ਦੇ ਬਹੁਤੇ ਖੇਤਰਾਂ ਵਿਚ ਵਿਕਾਸ ਕਰਕੇ ਆਪਣੀ ਪੈਂਠ ਬਣਾਈ ਹੈ। ਮਨੁੱਖੀ ਜੀਵਨ ਦੀ ਕੋਈ ਕੀਮਤ ਨਹੀਂ ਪਾਈ ਜਾ ਸਕਦੀ, ਇਹ ਅਨਮੁੱਲੀ ਦਾਤ ਹੈ। ਜੀਵਨ ਨੂੰ ਚੰਗੇਰਾ ਬਣਾਉਂਦੇ-ਬਣਾਉਂਦੇ ਅਸੀਂ ਇਸ ਦੌੜ ਵਿਚ ਏਨਾ ਉਲਝ ਗਏ ਹਾਂ ਕਿ ਸਾਨੂੰ ਆਪਣੇ ਜੀਵਨ ਦੀ ਸੁਰੱਖਿਆ ਦੀ ਵੀ ਕੋਈ ਪ੍ਰਵਾਹ ਨਹੀਂ ਰਹੀ। ਅਸੀਂ ਹਰ ਤਰਫ ਹੀ ਮੌਤ ਦਾ ਸਾਮਾਨ ਇਕੱਠਾ ਕਰਦੇ ਜਾ ਰਹੇ ਹਾਂ, ਜਿਹੜਾ ਨਿੱਤ ਦਿਨ ਹੀ ਸਾਡੀ ਬੇਸਮਝੀ ਕਾਰਨ ਮੌਤ ਦੇ ਸੱਥਰ ਵਿਛਾ ਰਿਹਾ ਹੈ।

ਸਾਡੇ ਆਲੇ-ਦੁਆਲੇ ਵਿਚ ਮੌਤ ਏਨੀ ਸਸਤੀ ਹੋ ਗਈ ਹੈ ਕਿ ਇਹ ਤੁਹਾਨੂੰ ਕਿਸੇ ਵੀ ਸੜਕ, ਮੋੜ, ਚੁਰਾਹੇ ਵਿਚ ਮਿਲ ਸਕਦੀ ਹੈ। ਕੁਝ ਸਮੇਂ ਤੋਂ ਚੀਨੀ ਡੋਰ ਨੇ ਮੌਤ ਦਾ ਆਤੰਕ ਮਚਾਇਆ ਹੋਇਆ ਹੈ। ਤੁਸੀਂ ਆਪਣੀਆਂ ਸੋਚਾਂ ਵਿਚ ਗਲਤਾਨ ਹੋਏ ਕਿਸੇ ਵੀ ਸੜਕ 'ਤੇ ਜਾ ਰਹੇ ਹੋਵੋ ਤਾਂ ਐਨ ਸੰਭਵ ਹੈ ਕਿ ਪਤੰਗ ਉਡਾਉਂਦੇ ਕਿਸੇ ਬੱਚੇ ਦੀ ਚੀਨੀ ਡੋਰ ਤੁਹਾਡੇ ਗਲ ਵਿਚ ਪੈ ਕੇ ਤੁਹਾਨੂੰ ਇਸ ਤਰ੍ਹਾਂ ਉਲਝਾ ਲਵੇ ਕਿ ਤੁਹਾਡੇ ਮੂੰਹ, ਮੱਥੇ ਤੇ ਧੌਣ 'ਤੇ ਡੂੰਘੇ ਜ਼ਖਮ ਕਰ ਦੇਵੇ ਤਾਂ ਇਸ ਨੂੰ ਗਨੀਮਤ ਹੀ ਸਮਝਿਓ। ਤੁਹਾਡਾ ਆਪਣਾ ਬਚਾਅ ਕਰਦਿਆਂ ਵਹੀਕਲ ਤੋਂ ਡਿਗਣਾ ਵੀ ਤੈਅ ਹੈ। ਜੇ ਹੱਡ ਗੋਡਿਆਂ 'ਤੇ ਜ਼ਖਮ ਵੀ ਹੋ ਗਏ ਹਨ ਤਾਂ ਵੀ ਸ਼ੁਕਰ ਕਰਿਓ, ਕਿਉਂਕਿ ਚੀਨੀ ਡੋਰਾਂ ਦੇ ਜਾਲ ਨੇ ਤਾਂ ਕਈ ਘਰਾਂ ਵਿਚ ਸੱਥਰ ਵਿਛਾ ਦਿੱਤੇ ਹਨ। ਕਈ ਘਰਾਂ ਦੇ ਮਸੂਮ ਬੱਚੇ ਇਸ ਡਰਾਉਣੀ ਡੋਰ ਨੇ ਮਾਪਿਆਂ ਪਾਸੋਂ ਖੋਹ ਲਏ ਹਨ। ਕੁਝ ਸਮਾਂ ਪਹਿਲਾਂ ਸਮਰਾਲੇ ਦੇ ਚਾਰ ਸਾਲਾਂ ਦੀ ਉਮਰ ਦੇ ਬੱਚੇ ਦਾ ਚਿਹਰਾ ਇਸ ਨਾ-ਮੁਰਾਦ ਡੋਰ ਨੇ ਏਨਾ ਕੱਟ ਦਿੱਤਾ ਕਿ ਡਾਕਟਰਾਂ ਨੂੰ ਸੱਤਰ ਟਾਂਕੇ ਲਾਉਣੇ ਪਏ। ਹਰ ਰੋਜ਼ ਭਿਆਨਕ ਘਟਨਾਵਾਂ ਬਾਦਸਤੂਰ ਵਾਪਰ ਰਹੀਆਂ ਹਨ।

ਮਾਪੇ ਕਿਵੇਂ ਇਸ ਦਰਦ ਨੂੰ ਸਹਿੰਦੇ ਹੋਣਗੇ, ਇਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਮੌਤ-ਰੂਪੀ ਡੋਰ ਦੀ ਲਪੇਟ ਵਿਚ ਆ ਕੇ ਅਕਸਰ ਹੀ ਲੋਕ ਡੂੰਘੇ ਜ਼ਖਮਾਂ ਦੇ ਸ਼ਿਕਾਰ ਹੋ ਜਾਂਦੇ ਹਨ। ਹੈਰਾਨੀਜਨਕ ਗੱਲ ਹੈ ਕਿ ਪ੍ਰਸ਼ਾਸਨ ਤੇ ਸਰਕਾਰਾਂ ਨੂੰ ਸ਼ਾਇਦ ਇਹੋ ਜਿਹੀਆਂ ਦੁਖਦਾਈ ਘਟਨਾਵਾਂ ਨਾਲ ਸ਼ਾਇਦ ਕੋਈ ਫਰਕ ਨਹੀਂ ਪੈਂਦਾ। ਇਹ ਡੋਰ ਆਉਂਦੀ ਕਿੱਥੋਂ ਹੈ? ਜੇ ਇਸ ਨੂੰ ਚੀਨੀ-ਡੋਰ ਕਿਹਾ ਜਾਂਦਾ ਹੈ ਤਾਂ ਫੇਰ ਤਾਂ ਸਪੱਸ਼ਟ ਹੀ ਹੈ ਕਿ ਇਹ ਚੀਨ ਤੋਂ ਆਉਂਦੀ ਹੋਵੇਗੀ। ਸਰਕਾਰਾਂ ਦੀ ਮਨਜ਼ੂਰੀ ਤੋਂ ਬਿਨਾਂ ਤਾਂ ਇਹ ਸੰਭਵ ਹੀ ਨਹੀਂ ਕਿ ਕੋਈ ਆਪਣੇ ਪੱਧਰ 'ਤੇ ਇਸ ਨੂੰ ਮੰਗਵਾ ਲਏ। ਇਹ ਵੀ ਹੈਰਾਨ ਕਰਨ ਵਾਲੀ ਗੱਲ ਹੈ ਕਿ ਸਰਕਾਰਾਂ ਨੇ ਇਸ ਡੋਰ ਨੂੰ ਵੇਚਣ ਤੇ ਵਰਤਣ ਉੱਤੇ ਪਾਬੰਦੀ ਲਾਈ ਹੋਈ ਹੈ। ਜਦੋਂ ਰੌਲਾ-ਰੱਪਾ ਪੈਂਦਾ ਹੈ ਤਾਂ ਅਧਿਕਾਰੀ ਅਕਸਰ ਹੀ ਛਾਪੇ ਵੀ ਮਾਰਦੇ ਹਨ ਤੇ ਕਿਸੇ ਗਰੀਬ ਪਤੰਗ ਵੇਚਣ ਵਾਲੇ ਨੂੰ ਜ਼ਰੂਰ ਪ੍ਰੇਸ਼ਾਨ ਕੀਤਾ ਜਾਂਦਾ ਹੈ। ਬਹੁਤੇ ਲੋਕਾਂ ਦਾ ਤਾਂ ਇਹੀ ਵਿਚਾਰ ਹੈ ਕਿ ਇਹ ਮੌਤ ਦਾ ਸਾਮਾਨ ਭਾਰਤ ਵਿਚ ਹੀ ਤਿਆਰ ਹੁੰਦਾ ਹੈ। ਇਹ ਸੂਤੀ ਧਾਗੇ ਦੀ ਥਾਂ ਨਾਇਲਨ ਤੇ ਪਲਾਸਟਿਕ ਦਾ ਬਣਿਆ ਧਾਗਾ ਹੁੰਦਾ ਹੈ, ਜਿਸ ਉੱਤੇ ਕੱਚ ਨੂੰ ਬਰੀਕ ਕਰਕੇ ਉਸ ਦੀਆਂ ਪਰਤਾਂ ਚੜ੍ਹਾਈਆਂ ਜਾਂਦੀਆਂ ਹਨ। ਪਤੰਗਾਂ ਦੇ ਸ਼ੌਕੀਨ ਵੀ ਇਸ ਤਰ੍ਹਾਂ ਦੀ ਮਜ਼ਬੂਤ ਡੋਰ ਨੂੰ ਹੀ ਪਸੰਦ ਕਰਦੇ ਹਨ।

ਚੀਨੀ ਨਾਂਅ ਦੀ ਇਹ ਡੋਰ ਭਾਰਤ ਵਿਚ ਸਭ ਤੋਂ ਵੱਧ ਉੱਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਦੇ ਕਈ ਥਾਵਾਂ 'ਤੇ ਬਣਾਈ ਜਾਂਦੀ ਹੈ ਤੇ ਇਸ ਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਵੇਚਣ ਲਈ ਭੇਜਿਆ ਜਾਂਦਾ ਹੈ। ਲਗਾਤਾਰ ਹੋ ਰਹੀਆਂ ਮੌਤਾਂ ਕਾਰਨ 2016 ਵਿਚ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਇਹ ਡੋਰ ਬਣਾਉਣ, ਵੇਚਣ ਤੇ ਇਸ ਦੀ ਵਰਤੋਂ ਕਰਨ 'ਤੇ ਪੂਰੀ ਪਾਬੰਦੀ ਲਾ ਦਿੱਤੀ ਸੀ। ਇਸ ਪਾਬੰਦੀ ਦੀ ਉਲੰਘਣਾ ਕਰਨ ਵਾਲੇ ਨੂੰ ਪੰਜ ਸਾਲ ਦੀ ਸਜ਼ਾ ਤੇ ਇਕ ਲੱਖ ਤੱਕ ਦੇ ਜੁਰਮਾਨੇ ਦੀ ਵਿਵਸਥਾ ਵੀ ਕੀਤੀ ਗਈ ਹੈ। ਵੱਖ-ਵੱਖ ਰਾਜਾਂ ਨੇ ਵੀ ਇਸ ਕਾਰਨ ਹੀ ਇਸ ਡੋਰ 'ਤੇ ਪਾਬੰਦੀ ਲਗਾਈ ਹੋਈ ਹੈ।

ਦੁਖਦਾਈ ਤੇ ਹੈਰਾਨੀਜਨਕ ਗੱਲ ਹੈ ਕਿ ਮੁਕੰਮਲ ਪਾਬੰਦੀ ਦੇ ਬਾਵਜੂਦ ਇਹ ਡੋਰ ਸ਼ਰੇਆਮ ਵਿਕ ਰਹੀ ਹੈ। ਜਿਸ ਖੇਤਰ ਵਿਚ ਜਦੋਂ ਕਦੇ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਪ੍ਰਸ਼ਾਸਨ ਕੁਝ ਦਿਨਾਂ ਲਈ ਹਰਕਤ ਵਿਚ ਆਉਂਦਾ ਹੈ। ਕੁਝ ਦਿਨਾਂ ਦੇ ਰੌਲੇ-ਰੱਪੇ ਤੋਂ ਬਾਅਦ ਗੱਲ ਖਤਮ ਹੋ ਜਾਂਦੀ ਹੈ। ਜਿਹੜੀ ਗੱਲ ਲੋਕਾਂ ਦੀ ਜਾਨ ਦਾ ਖੌਅ ਬਣੀ ਹੋਈ ਹੈ, ਉਸ ਪ੍ਰਤੀ ਸਰਕਾਰਾਂ ਦਾ ਰਵੱਈਆ ਬਹੁਤ ਹੀ ਨਿੰਦਣਯੋਗ ਹੈ। ਬਹੁਤੇ ਲੋਕ-ਮੁੱਦੇ ਤਾਂ ਅਕਸਰ ਹੀ ਸਰਕਾਰਾਂ ਵੱਲੋਂ ਵਿਸਾਰ ਦਿੱਤੇ ਜਾਂਦੇ ਹਨ, ਪਰ ਇਹੋ ਜਿਹੇ ਮੁੱਦੇ ਜਿੱਥੇ ਸਰਕਾਰਾਂ ਦਾ ਕੋਈ ਪੈਸਾ ਵੀ ਖਰਚ ਨਹੀਂ ਹੋਣਾ ਪ੍ਰਤੀ ਗੰਭੀਰ ਨਾ ਹੋਣਾ ਚੰਗੇ ਪ੍ਰਸ਼ਾਸਨ ਦੀ ਨਿਸ਼ਾਨੀ ਨਹੀਂ ਹੈ।

ਮੌਤ-ਰੂਪੀ ਇਹ ਡੋਰ ਮਨੁੱਖਾਂ ਲਈ ਹੀ ਨਹੀਂ, ਸਗੋਂ ਪੰਛੀਆਂ ਤੇ ਜਾਨਵਰਾਂ ਲਈ ਵੀ ਜਾਨ ਦੀ ਦੁਸ਼ਮਣ ਬਣੀ ਹੋਈ ਹੈ। ਅਕਸਰ ਹੀ ਪੰਛੀ ਇਸ ਦੀ ਲਪੇਟ ਵਿਚ ਆ ਕੇ ਤੜਫ-ਤੜਫ ਕੇ ਮਰ ਜਾਂਦੇ ਹਨ। ਕਈ ਪਰਿੰਦੇ ਤਾਂ ਇਸ ਡੋਰ ਨਾਲ ਏਨੇ ਜ਼ਖਮੀ ਹੋ ਜਾਂਦੇ ਹਨ ਕਿ ਉਨ੍ਹਾਂ ਦੇ ਖੰਭ ਵੀ ਨੋਚੇ ਜਾਂਦੇ ਹਨ। ਕਈ ਵਾਰ ਅਵਾਰਾ ਘੁੰਮਦੇ ਪਸ਼ੂ ਵੀ ਇਸ ਡੋਰ ਦੇ ਲਪੇਟੇ ਵਿਚ ਆਉਣ ਕਾਰਨ ਖੂਨੋ-ਖੂਨ ਹੋ ਜਾਂਦੇ ਹਨ। ਪੰਛੀਆਂ ਲਈ ਰੁੱਖ ਤਾਂ ਅਸੀਂ ਪਹਿਲਾਂ ਹੀ ਨਹੀਂ ਰਹਿਣ ਦਿੱਤੇ, ਉਹ ਕਿੱਥੇ ਕਰਨ ਆਪਣਾ ਰੈਣ-ਬਸੇਰਾ। ਅਸੀਂ ਤਾਂ ਉਨ੍ਹਾਂ ਦੇ ਖੁੱਲ੍ਹੇ ਅਸਮਾਨ ਵਿਚ ਉਡਾਰੀਆਂ ਭਰਨ 'ਤੇ ਵੀ ਰੁਕਾਵਟਾਂ ਖੜੀਆਂ ਕਰ ਦਿੱਤੀਆਂ ਹਨ।

ਜੇ ਤੁਸੀਂ ਚੀਨੀ ਡੋਰ ਦੇ ਪ੍ਰਕੋਪ ਤੋਂ ਬਚ ਗਏ ਹੋ ਤਾਂ ਗਨੀਮਤ ਸਮਝੋ, ਪਰ ਮੌਤ ਦਾ ਸਾਮਾਨ ਤਾਂ ਅਜੇ ਹੋਰ ਵੀ ਬਹੁਤ ਹੈ। ਹਰ ਥਾਂ ਹੀ ਅਵਾਰਾ ਕੁੱਤਿਆਂ ਨੇ ਖੌਫ ਦਾ ਆਤੰਕ ਮਚਾਇਆ ਹੋਇਆ ਹੈ। ਇਕੱਲੇ-ਦੁਕੱਲੇ ਬੱਚੇ, ਬਜ਼ੁਰਗ ਜਾਂ ਕਿਸੇ ਹੋਰ ਨੂੰ ਵੀ ਘੇਰ ਕੇ ਇਹ ਖੂਨੀ ਹੋਏ ਕੁੱਤੇ ਇਸ ਕਦਰ ਨੋਚ ਦਿੰਦੇ ਹਨ ਕਿ ਅਨੇਕਾਂ ਲੋਕ ਆਪਣੀ ਜਾਨ ਦੀ ਆਹੂਤੀ ਪਾ ਚੁੱਕੇ ਹਨ। ਛੋਟੇ ਬੱਚਿਆਂ ਨੂੰ ਤਾਂ ਮਾਪੇ ਇਕੱਲੇ ਬਾਹਰ ਭੇਜਣ ਤੋਂ ਵੀ ਡਰਦੇ ਹਨ। ਜੇ ਹਨੇਰੇ ਪਏ ਕਿਤੇ ਜਾ ਰਹੇ ਹੋ ਤਾਂ ਕੁੱਤਿਆਂ ਪ੍ਰਤੀ ਜ਼ਰੂਰ ਸੁਚੇਤ ਰਹਿਣਾ। ਪਤਾ ਨਹੀਂ ਆਪਣੀ 'ਵਫਾਦਾਰੀ' ਦਾ ਹੀ ਸ਼ਾਇਦ ਮਨੁੱਖ ਕੋਲੋਂ ਕੋਈ ਬਦਲਾ ਲੈ ਰਹੇ ਹਨ। ਇਹ ਸੱਚਮੁੱਚ ਹੀ ਹੁਣ ਮਨੁੱਖ ਤੋਂ 'ਉੱਤੇ' ਹੋ ਗਏ ਹਨ। ਲਗਾਤਾਰ ਕੁੱਤਿਆਂ ਵੱਲੋਂ ਲੋਕ ਨੋਚੇ ਜਾ ਰਹੇ ਹਨ, ਪਰ ਸਰਕਾਰਾਂ ਦੇ ਕੰਨਾਂ 'ਤੇ ਕੋਈ ਜੂੰਅ ਨਹੀਂ ਸਰਕਦੀ। ਹਰ ਗਲੀ, ਮੋੜ, ਚੁਰਾਹੇ 'ਤੇ ਕੁੱਤਿਆਂ ਦੀਆਂ ਧਾੜਾਂ ਦੀਆਂ ਧਾੜਾਂ ਤੁਹਾਨੂੰ ਖੌਫਜ਼ਦਾ ਕਰਨ ਲਈ ਹਾਜ਼ਰ ਹਨ। ਜੇ ਜਾਨਵਰਾਂ ਦੀ ਹਿਫਾਜ਼ਤ ਲਈ ਕਾਨੂੰਨ ਹੈ ਤਾਂ ਕੀ ਮਨੁੱਖ ਨੂੰ ਇਨ੍ਹਾਂ ਦੇ ਹਮਲਿਆਂ ਤੋਂ ਬਚਾਉਣ ਲਈ ਕੋਈ ਨਿਯਮ, ਕਾਨੂੰਨ ਨਹੀਂ ਹੈ। ਆਪਣੀ ਕਾਰ ਜਾਂ ਦੋ-ਪਹੀਆ ਵਾਹਨ 'ਤੇ ਰਾਤ-ਬਰਾਤੇ ਜਾਂਦਿਆਂ ਵੀ ਹੌਲੀ ਤੇ ਸੁਚੇਤ ਹੋ ਕੇ ਚਲਾਇਓ। ਪਤਾ ਨਹੀਂ ਕਿਹੜੇ ਪਾਸਿਓਂ ਕੋਈ 'ਗਊ ਮਾਤਾ' ਤੁਹਾਡੀ 'ਮੁਕਤੀ' ਲਈ ਆ ਬਹੁੜੇ। ਨਿੱਤ ਵਾਪਰ ਰਹੇ ਹਨ ਅਜਿਹੇ ਭਿਆਨਕ ਹਾਦਸੇ। ਅਵਾਰਾ ਗਾਵਾਂ ਹਰ ਪਿੰਡ, ਸ਼ਹਿਰ ਤੇ ਕਸਬੇ ਦੀਆਂ ਸੜਕਾਂ ਮੱਲੀ ਬੈਠੀਆਂ ਹਨ। ਕਿਸਾਨਾਂ ਦੀਆਂ ਫਸਲਾਂ ਬਰਬਾਦ ਹੋ ਰਹੀਆਂ ਹਨ। ਸੜਕਾਂ 'ਤੇ ਹਾਦਸੇ ਵਾਪਰ ਰਹੇ ਹਨ। ਸਰਕਾਰਾਂ ਕੋਲ ਤਾਂ ਅਜਿਹੇ 'ਨਿਗੂਣੇ' ਕੰਮਾਂ ਲਈ ਵਿਹਲ ਹੀ ਨਹੀਂ ਹੈ। ਫਿਰ ਇਹ ਚਿੰਤਾ ਕੌਣ ਕਰੇਗਾ?

ਸਰਕਾਰਾਂ ਲੋਕਾਂ ਦੀ ਜਾਨ-ਮਾਲ ਦੀ ਰਾਖੀ ਦੇ ਅਕਸਰ ਹੀ ਵਾਅਦੇ ਕਰਦੀਆਂ ਹਨ, ਪਰ ਜ਼ਮੀਨੀ ਹਕੀਕਤਾਂ ਕੁੱਝ ਹੋਰ ਹਨ। ਕਿਸੇ ਵੀ ਭਿਆਨਕ ਹਾਦਸੇ ਲਈ ਹਰ ਤਰਫ ਹੀ ਮੌਤ ਦਾ ਪਹਿਰਾ ਹੈ। ਲੋਕਾਂ ਨੂੰ ਆਪ ਹੀ ਸੁਚੇਤ ਹੋਣਾ ਪੈਣਾ ਹੈ।

# ਸੰਪਰਕ : 98153-56086

# ਉੱਘੇ ਆਜ਼ਾਦੀ ਘੁਲਾਟੀਏ ਡਾਕਟਰ ਸੈਫ-ਉਦ-ਦੀਨ ਕਿਚਲੂ

ਪਿਰਥੀਪਾਲ ਸਿੰਘ ਮਾੜੀਮੇਘਾ

ਰੌਲਟ ਐਕਟ ਵਿਰੁੱਧ ਸੰਘਰਸ਼ ਦੇ ਨਾਇਕ ਸੈਫ- ਉਦ -ਦੀਨ ਕਿਚਲੂ ਦਾ ਜਨਮ ਪਸ਼ਮੀਨਾ ਅਤੇ ਕੇਸਰ ਦੇ ਵਪਾਰੀ ਦੇ ਘਰ 15 ਜਨਵਰੀ 1888 ਨੂੰ ਅੰਮ੍ਰਿਤਸਰ ਵਿਖੇ ਇੱਕ ਕਸ਼ਮੀਰੀ ਮੁਸਲਮਾਨ ਪ੍ਰਵਾਰ ਦੇ ਘਰ ਹੋਇਆ । ਇਨ੍ਹਾਂ ਦੀ ਮਾਤਾ ਦਾਨ ਬੀਬੀ ਸੀ। ਉਂਝ ਕਿਚਲੂ ਦੇ ਪਿਤਾ ਜੀ ਦਾ ਪਿਛੋਕੜ ਬਾਰਾਮੂਲਾ ਦੇ ਇੱਕ ਬ੍ਰਾਹਮਣ ਪ੍ਰਵਾਰ 'ਚੋਂ ਹੈ। ਕਿਚਲੂ ਨੇ ਮੁੱਢਲੀ ਵਿੱਦਿਆ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਬੀ ਏ ਅਲੀਗੜ੍ਹ ਯੂਨੀਵਰਸਿਟੀ ਤੋਂ ਅਤੇ ਕਾਨੂੰਨ ਦੀ ਪੀ ਐਚ ਡੀ ਬਰਲਿਨ ਯੂਨੀਵਰਸਿਟੀ ਲੰਦਨ ਤੋਂ ਲਈ । ਆਪ ਪੜ੍ਹਾਈ ਪੂਰੀ ਕਰਕੇ 1915 ਵਿੱਚ ਵਾਪਸ ਹਿੰਦੁਸਤਾਨ ਆਏ।

ਅੰਮ੍ਰਿਤਸਰ ਕੋਰਟ ਵਿੱਚ ਕਿਚਲੂ ਨੇ ਵਕਾਲਤ ਦਾ ਕੰਮ ਤਾਂ ਆਪਣੇ ਮਾਪਿਆਂ ਦੇ ਆਖਣ 'ਤੇ ਸ਼ੁਰੂ ਕਰ ਦਿੱਤਾ, ਪਰ ਉਨ੍ਹਾ ਦਾ ਮਨ ਤਾਂ ਹਿੰਦੁਸਤਾਨ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਾਉਣ ਦੇ ਸੰਘਰਸ਼ ਵਿੱਚ ਕੁੱਦਣ ਦਾ ਸੀ । ਉਨ੍ਹਾਂ ਅੰਮ੍ਰਿਤਸਰ ਦੇ ਮੀਆਂ ਹਾਫ਼ਿਜ਼ੁੱਲਾ ਦੀ ਲੜਕੀ ਸਆਦਤ ਬਾਨੋ ਨਾਲ ਸ਼ਾਦੀ ਕਰ ਲਈ। ਸ਼ਾਦੀ ਕਰਨ ਤੋਂ ਬਾਅਦ ਆਪ ਵਕਾਲਤ ਦਾ ਕੰਮ ਛੱਡ ਕੇ ਜਲਦੀ ਹੀ ਅੰਮ੍ਰਿਤਸਰ ਦੀਆਂ ਸਮਾਜਿਕ ਤੇ ਰਾਜਸੀ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗ ਪਏ ਤੇ ਜਲਦੀ ਹੀ ਇੱਕ ਧੜੱਲੇਦਾਰ ਆਗੂ ਬਣ ਗਏ । ਆਪ ਨੇ ਨਗਰ ਪਾਲਿਕਾ ਦੀ ਚੋਣ ਲੜੀ ਤੇ ਮੈਂਬਰ ਚੁਣੇ ਗਏ। ਆਪ ਪੰਜਾਬ ਕਾਂਗਰਸ ਦੇ ਸੂਬਾਈ ਆਗੂਆਂ ਵਿੱਚ ਗਿਣੇ ਜਾਣ ਲੱਗ ਪਏ, ਪਰ ਵਧੇਰੇ ਪ੍ਰਸਿੱਧੀ ਉਨ੍ਹਾ ਨੂੰ 1919 ਵਿੱਚ ਰੌਲਟ ਐਕਟ ਵਿਰੁੱਧ ਸੰਘਰਸ਼ ਦੇ ਅਗਵਾਈ ਕਰਤਾ ਹੋਣ ਕਰਕੇ ਮਿਲੀ। ਇਸੇ ਸੰਘਰਸ਼ ਦੇ ਅਗਵਾਈ ਕਰਤਾ ਹੋਣ ਸਦਕਾ ਆਪ ਨੂੰ ਕਾਂਗਰਸ ਪਾਰਟੀ ਨੇ 1924 ਵਿੱਚ ਪੰਜਾਬ ਕਾਂਗਰਸ ਦੇ ਸੂਬਾਈ ਜਨਰਲ ਸਕੱਤਰ ਅਤੇ ਕੁਝ ਸਮਾਂ ਕਾਂਗਰਸ ਦੇ ਪ੍ਰਧਾਨ ਬਣਾਇਆ । ਲਾਹੌਰ ਵਿਖੇ ਕਾਂਗਰਸ ਦਾ ਜੋ 1929 ਵਿੱਚ ਸੰਮੇਲਨ ਹੋਇਆ, ਆਪ ਨੂੰ ਪਾਰਟੀ ਨੇ ਉਸ ਸੰਮੇਲਨ ਦੀ ਸਵਾਗਤੀ ਕਮੇਟੀ ਦਾ ਚੇਅਰਮੈਨ ਵੀ ਬਣਾਇਆ ।

ਰੌਲਟ ਐਕਟ ਦਾ ਅਸਲੀ ਨਾਂਅ ਅਰਾਜਕਤਾਵਾਦੀ ਅਤੇ ਕ੍ਰਾਂਤੀਕਾਰੀ ਅਪਰਾਧ ਐਕਟ ਸੀ। ਭਾਰਤ ਦੇ ਚੁਣੇ ਹੋਏ ਮੈਂਬਰਾਂ ਦੇ ਵਿਰੋਧ ਦੇ ਬਾਵਜੂਦ ਇਹ ਐਕਟ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਨੂੰ ਕੁਚਲਣ ਵਾਸਤੇ ਬਣਾ ਦਿੱਤਾ ਗਿਆ। ਇਸ ਐਕਟ ਵਿਰੁੱਧ ਸੰਘਰਸ਼ ਤਾਂ ਸਾਰੇ ਦੇਸ਼ ਵਿੱਚ ਹੋਇਆ, ਪਰ ਵਿਰੋਧ ਦਾ ਮੁੱਖ ਕੇਂਦਰ ਬਣਿਆ ਅੰਮ੍ਰਿਤਸਰ, ਜਿਸ ਦੇ ਮੁੱਖ ਅਗਵਾਈ ਕਰਤਾ ਡਾਕਟਰ ਸੈਫ-ਉਦ-ਦੀਨ ਕਿਚਲੂ ਤੇ ਡਾਕਟਰ ਸਤਿਆਪਾਲ ਸਨ । ਇਨ੍ਹਾਂ ਆਗੂਆਂ ਦੀ ਅਗਵਾਈ ਹੇਠ ਰੌਲਟ ਐਕਟ ਵਿਰੁੱਧ ਅੰਮ੍ਰਿਤਸਰ ਦੀ 1,60,000 ਵਸੋਂ 'ਚੋਂ 50-50 ਹਜ਼ਾਰ ਲੋਕਾਂ ਦੇ ਇਕੱਠ ਹੋ ਜਾਂਦੇ ਸਨ। ਰੌਲਟ ਐਕਟ ਵਿਰੋਧੀ ਇਕੱਠ ਜ਼ਿਆਦਾਤਰ ਜਲ੍ਹਿਆਂਵਾਲੇ ਬਾਗ ਵਿੱਚ ਹੁੰਦੇ ਸਨ। ਬਾਗ ਉਸ ਵੇਲੇ ਸ਼ਹਿਰ ਦੀ ਵਸੋਂ ਨੇ ਚਾਰ-ਚੁਫੇਰੇ ਤੋਂ ਘੇਰਿਆ ਹੋਇਆ ਸੀ। ਬਾਗ਼ ਵਿੱਚ ਇੱਕ ਖੂਹ ਅਤੇ ਇੱਕ ਮੰਦਰ ਸੀ ਤੇ ਹੈ।

ਇਸ ਘਾਤਕ ਐਕਟ ਵਿਰੁੱਧ ਕਾਂਗਰਸ ਪਾਰਟੀ ਦੇ ਪ੍ਰਮੁੱਖ ਆਗੂ ਮਹਾਤਮਾ ਗਾਂਧੀ ਨੇ ਪਹਿਲਾਂ 30 ਮਾਰਚ 1919 ਨੂੰ ਦੇਸ਼ ਭਰ ਵਿੱਚ ਹੜਤਾਲ ਦਾ ਸੱਦਾ ਦਿੱਤਾ ਤੇ ਫਿਰ ਅੱਗੇ ਪਾ ਕੇ 6 ਅਪ੍ਰੈਲ ਕਰ ਦਿੱਤੀ । ਡਾਕਟਰ ਕਿਚਲੂ ਤੇ ਸਤਿਆਪਾਲ ਨੇ ਆਪਣੇ ਸਾਥੀਆਂ ਨਾਲ ਸਲਾਹ-ਮਸ਼ਵਰਾ ਕਰਕੇ 30 ਮਾਰਚ ਨੂੰ ਹੜਤਾਲ ਕਰਨ ਦਾ ਇਰਾਦਾ ਬਣਾ ਲਿਆ । ਅੰਮ੍ਰਿਤਸਰ ਵਿੱਚ 30 ਮਾਰਚ ਦੀ ਹੜਤਾਲ ਦੀ ਤਿਆਰੀ ਬਾਬਤ 29 ਮਾਰਚ ਨੂੰ ਜਲ੍ਹਿਆਂਵਾਲੇ ਬਾਗ ਵਿੱਚ ਇਕੱਠ ਕੀਤਾ ਗਿਆ, ਜਿਸ ਨੂੰ ਡਾਕਟਰ ਕਿਚਲੂ ਤੇ ਸਤਿਆਪਾਲ ਨੇ ਸੰਬੋਧਨ ਕੀਤਾ । ਆਪਣੇ ਮਹਾਨ ਆਗੂਆਂ ਦੇ ਸੱਦੇ 'ਤੇ ਲੋਕਾਂ ਨੇ 30 ਮਾਰਚ ਨੂੰ ਭੁੱਖ ਹੜਤਾਲ ਕੀਤੀ ਅਤੇ ਜਲ੍ਹਿਆਂਵਾਲੇ ਬਾਗ ਵਿੱਚ 40,000 ਹਜ਼ਾਰ ਦਾ ਇਕੱਠ ਹੋਇਆ । ਹਕੂਮਤ ਘਬਰਾ ਗਈ ਤੇ ਹਕੂਮਤ ਨੇ ਪਹਿਲਾਂ ਸਤਿਆਪਾਲ ਦੇ ਬੋਲਣ 'ਤੇ ਪਾਬੰਦੀ ਲਾਈ ਤੇ ਫਿਰ ਡਾਕਟਰ ਕਿਚਲੂ ਦੇ ਬੋਲਣ 'ਤੇ ਵੀ ਪਾਬੰਦੀ ਲਾ ਦਿੱਤੀ। ਇਸ ਜਾਬਰਾਨਾ ਢੰਗ ਨਾਲ ਅੰਗਰੇਜ਼ ਹਿੰਦੁਸਤਾਨੀ ਸੁਤੰਤਰਤਾ ਸੰਗਰਾਮੀਆਂ ਦੀ ਜ਼ਬਾਨ ਬੰਦ ਕਰਦੇ ਸਨ ।

ਡਾਕਟਰ ਕਿਚਲੂ ਤੇ ਸਤਿਆਪਾਲ ਨੇ ਅੰਗਰੇਜ਼ਾਂ ਨੂੰ 6 ਅਪ੍ਰੈਲ ਦੀ ਹੜਤਾਲ ਦੀ ਤਿਆਰੀ ਦੇ ਦਾਅ-ਪੇਚ ਦਾ ਪਤਾ ਹੀ ਨਾ ਲੱਗਣ ਦਿੱਤਾ । 5 ਅਪ੍ਰੈਲ ਨੂੰ ਐਚਸਨ ਪਾਰਕ ਹਾਲ ਗੇਟ ਦੇ ਨਜ਼ਦੀਕ ਹੋ ਰਹੇ ਕ੍ਰਿਕਟ ਮੈਚ ਵੇਖਣ ਵਾਲਿਆਂ ਦੀ ਹਾਜ਼ਰੀ ਵਿੱਚ ਪਹੁੰਚ ਕੇ ਐਲਾਨ ਕਰ ਦਿੱਤਾ ਕਿ 6 ਅਪ੍ਰੈਲ ਦੀ ਹੜਤਾਲ ਪੂਰੇ ਜੋਸ਼ੋ-ਖਰੋਸ਼ ਨਾਲ ਕੀਤੀ ਜਾਵੇ। ਅਗਲੇ ਦਿਨ ਹੜਤਾਲ ਫਿਰ ਬੜੀ ਕਾਮਯਾਬ ਹੋਈ। ਇਸੇ ਦਿਨ ਸ਼ਾਮ ਨੂੰ ਜਲ੍ਹਿਆਂਵਾਲੇ ਬਾਗ ਵਿੱਚ ਫਿਰ 50,000 ਦਾ ਇਕੱਠ ਹੋਇਆ । ਇਹ ਇਕੱਠ ਇੱਕ ਜਲੂਸ ਦੀ ਸ਼ਕਲ ਵਿੱਚ ਡਾਕਟਰ ਕਿਚਲੂ ਦਾ ਹੌਸਲਾ ਵਧਾਉਣ ਵਾਸਤੇ ਉਨ੍ਹਾ ਦੇ ਘਰ ਵੀ ਗਿਆ। ਇਕੱਠ ਦੀ ਮੁੱਖ ਮੰਗ ਸੀ ਕਿ ਡਾਕਟਰ ਕਿਚਲੂ ਤੇ ਸਤਿਆਪਾਲ 'ਤੇ ਬੋਲਣ 'ਤੇ ਲੱਗੀ ਪਾਬੰਦੀ ਹਟਾਈ ਜਾਵੇ ।

ਅੰਗਰੇਜ਼ਾਂ ਨੇ ਆਪਣੇ ਵਿਰੁੱਧ ਹਾਲਾਤਾਂ ਨੂੰ ਵਿਗੜਦਿਆਂ ਤੇ ਬੇਕਾਬੂ ਹੁੰਦੇ ਵੇਖ ਕੇ 10 ਅਪ੍ਰੈਲ 1913 ਨੂੰ ਡਾਕਟਰ ਕਿਚਲੂ 'ਤੇ ਸਤਿਆਪਾਲ ਤੇ ਹੋਰਨਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਧਰਮਸ਼ਾਲਾ ਜੇਲ੍ਹ ਵਿੱਚ ਲਿਜਾ ਕੇ ਬੰਦ ਕਰ ਦਿੱਤਾ । ਅੰਗਰੇਜ਼ ਏਨੇ ਡਰੇ ਹੋਏ ਸਨ ਕਿ ਜਦੋਂ ਇਨ੍ਹਾਂ ਆਜ਼ਾਦੀ ਘੁਲਾਟੀਆਂ ਨੂੰ ਫ਼ੜ ਕੇ ਧਰਮਸ਼ਾਲਾ ਲਿਜਾਇਆ ਜਾ ਰਿਹਾ ਸੀ ਤਾਂ ਲੋਕਾਂ ਦੇ ਵਿਰੋਧ ਤੋਂ ਡਰਦਿਆਂ ਪੁਲਸ ਨੂੰ ਸ਼ਿਕਾਰ ਖੇਡਣ ਵਾਲੇ ਕੱਪੜੇ ਪਵਾਏ ਹੋਏ ਸਨ ਕਿ ਲੋਕ ਵੇਖਣ ਤੇ ਇਹ ਸਮਝਣ ਕਿ ਇਹ ਤਾਂ ਸ਼ਿਕਾਰ ਖੇਡਣ ਜਾ ਰਹੇ ਹਨ।

ਡਾਕਟਰ ਕਿਚਲੂ ਤੇ ਸਤਿਆਪਾਲ ਦੀ ਗ੍ਰਿਫਤਾਰੀ ਵਿਰੁੱਧ ਅੰਮ੍ਰਿਤਸਰ ਵਿੱਚ ਲੋਕ ਰੋਹ ਫੁੱਟ ਪਿਆ। ਪਤਾ ਲਗਦਿਆਂ ਸਾਰ ਹੀ ਡੀ ਸੀ ਨੂੰ ਮਿਲਣ ਵਾਸਤੇ ਲੋਕ ਐਚਸਨ ਪਾਰਕ ਇਕੱਠੇ ਹੋ ਗਏ। ਲੋਕ ਭੰਡਾਰੀ ਪੁਲ ਥਾਣੀ ਡੀ ਸੀ ਨੂੰ ਮਿਲਣ ਚੱਲ ਪਏ, ਪਰ ਪੁਲ 'ਤੇ ਚੜ੍ਹਦਿਆਂ ਸਾਰ ਹੀ ਅੰਗਰੇਜ਼ਾਂ ਨੇ ਅੱਗੋਂ ਗੋਲੀ ਚਲਾ ਦਿੱਤੀ । ਕੁਝ ਲੋਕ ਮਾਰੇ ਗਏ ਤੇ ਕੁਝ ਜ਼ਖ਼ਮੀ ਹੋਏ । ਆਗੂ ਲਾਸ਼ਾਂ ਨੂੰ ਚੁੱਕ ਕੇ ਫਿਰ ਪਾਰਕ ਵਿੱਚ ਚਲੇ ਗਏ । ਸਲਾਹ-ਮਸ਼ਵਰੇ ਤੋਂ ਬਾਅਦ ਫਿਰ ਲਾਈਨਾਂ ਬਣਾ ਲਈਆਂ ਤੇ ਹੁਣ ਰੇਲ ਲਾਈਨ ਪਾਰ ਕਰਨ ਲਈ ਪੌੜੀਆਂ ਵਾਲੇ ਪੁਲ ਨੂੰ ਚੱਲ ਪਏ। ਪੁਲ ਤੋਂ ਉਤਰਦਿਆਂ 'ਤੇ ਪੁਲਸ ਨੇ ਫਿਰ ਗੋਲੀ ਚਲਾ ਦਿੱਤੀ ਤੇ 20-22 ਦੇ ਕਰੀਬ ਆਜ਼ਾਦੀ ਘੁਲਾਟੀਏ ਸ਼ਹਾਦਤ ਦਾ ਜਾਮ ਪੀ ਗਏ। ਇਸ ਤੋਂ ਬਾਅਦ ਭੀੜ ਬੇਕਾਬੂ ਹੋ ਗਈ। ਬਾਜ਼ਾਰਾਂ ਵਿੱਚ ਜਿਹੜਾ ਵੀ ਅੰਗਰੇਜ਼ ਸਾਹਮਣੇ ਆਇਆ ਉਸ ਦੀ ਕੁੱਟਮਾਰ ਕੀਤੀ ਗਈ। ਭੀੜ ਨੇ ਅੰਗਰੇਜ਼ ਔਰਤਾਂ ਨੂੰ ਵੀ ਨਾ ਬਖਸ਼ਿਆ ।

ਹਿੰਦੁਸਤਾਨ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਡਾਕਟਰ ਸੈਫ - ਉਦ -ਦੀਨ ਕਿਚਲੂ ਨੂੰ 14 ਸਾਲ ਅੰਗਰੇਜ਼ਾਂ ਨੇ ਜੇਲ੍ਹ ਵਿੱਚ ਬੰਦ ਰੱਖਿਆ ਅਤੇ ਅੰਤ ਇਸ ਮਹਾਨ ਆਜ਼ਾਦੀ ਘੁਲਾਟੀਏ ਦੀ 9 ਅਕਤੂਬਰ 1963 ਨੂੰ ਦਿੱਲੀ ਵਿਖੇ ਮੌਤ ਹੋ ਗਈ।

# ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, 98760-78731

9-OCT-PAGE-5.qxd 10/8/2024 9:24 PM Page 1



# ਪੰਜਾਬ ਸਰਕਾਰ ਦੀ ਮੰਗਾਂ ਪ੍ਰਤੀ ਨਾਂਹ-ਪੱਖੀ ਨੀਤੀ ਵਿਰੁੱਧ ਕੀਤੀ ਨਾਅਰੇਬਾਜ਼ੀ



ਸੰਗਰੂਰ (ਪ੍ਰਵੀਨ ਸਿੰਘ)
ਆਲ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਬੈਨਰ ਹੇਠ ਸੈਕੜੇ ਪੈਨਸ਼ਨਰਾਂ ਵੱਲੋਂ ਡਿਪਟੀ ਕਮਿਸ਼ਨਰ ਦੇ ਦਫਤਰ ਅੱਗੇ ਵਿਸ਼ਾਲ ਰੈਲੀ ਕਰਕੇ ਪੰਜਾਬ ਸਰਕਾਰ ਤੋਂ ਮੰਗਾਂ ਪ੍ਰਤੀ ਅੜੀਅਲ ਤੇ ਨਾ-ਪੱਖੀ ਨੀਤੀ ਵਿਰੁੱਧ ਜੋਰਦਾਰ ਨਾਅਰੇਬਾਜ਼ੀ ਕੀਤੀ।ਪੰਜਾਬ ਸਰਕਾਰ ਵੱਲੋਂ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾ ਪੈਨਸ਼ਨਰਾਂ ਤੇ ਹੁਣ ਤੱਕ ਵੀ ਲਾਗੂ ਨਹੀਂ ਕੀਤੀਆਂ।ਕਮਿਸ਼ਨ ਦੀ ਦੂਜੀ ਰਿਪੋਰਟ ਵਿੱਚ ਪੈਨਸਨਰਾਂ ਲਈ ਕੈਸ਼ਲੈਸ ਸਕੀਮ ਤਹਿਤ ਇਲਾਜ ਲਾਗੂ ਕਰਨ ਲਈ ਸਿਫਾਰਸ਼ ਹੈ, ਨੂੰ ਵੀ ਲਾਗੂ ਨਹੀਂ ਕੀਤਾ ਗਿਆ, ਜਿਸ ਕਰਕੇ ਪੈਨਸ਼ਨਰਾਂ ਵਿੱਚ ਬਹੁਤ ਰੋਸ ਫੈਲ ਗਿਆ ਹੈ।ਬਹੁਤੇ ਪੈਨਸ਼ਨਰ ਤਾਂ ਲੰਮਾ ਸੰਘਰਸ਼ ਕਰਦੇ ਹੋਏ ਵਡੇਰੀ ਉਮਰੇ ਬਕਾਏ ਦੇ ਇੰਤਜ਼ਾਰ ਵਿੱਚ ਰੱਬ ਨੂੰ ਪਿਆਰੇ ਹੋ ਗਏ ਹਨ, ਪਰ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕ ਰਹੀ।ਰੈਲੀ ਨੂੰ ਸੰਬੋਧਨ ਕਰਦਿਆਂ ਸਰਪ੍ਰਸਤ ਜਗਦੀਸ ਸ਼ਰਮਾ, ਪ੍ਰਧਾਨ ਸੁਰਿੰਦਰ ਬਾਲੀਆਂ, ਪੁਲਿਸ ਪੈਨਸ਼ਨ ਪ੍ਰਧਾਨ ਅਜਮੇਰ ਸਿੰਘ, ਭਰਤਰੀ ਸਿੰਘ ਅਤੇ ਸੀਤਾ ਰਾਮ ਸ਼ਰਮਾ ਨੇ ਦੱਸਿਆ ਕਿ ਛੇਵੇਂ ਤਨਖਾਹ ਕਮਿਸ਼ਨ ਅਨੁਸਾਰ 2.59 ਗੁਣਾਂਕ, 1-1-2016 ਤੋਂ 30-06-2021 ਦੇ ਬਕਾਇਆ, ਡੀ.ਏ ਦੀਆਂ 3 ਕਿਸਤਾਂ ਦੇ 12% ਬਕਾਏ ਤੋਂ ਇਲਾਵਾ 242 ਮਹੀਨਿਆਂ ਦੇ ਡੀ.ਏ ਦੇ ਬਕਾਏ ਦੇਣ ਬਾਰੇ ਚੁੱਪੀ ਸਾਧ ਰੱਖੀ ਹੈ, ਜਦੋਂ ਕਿ ਪੰਜਾਬ ਵਿੱਚ ਕੰਮ ਕਰਦੇ ਅਧਿਕਾਰੀ ਅਤੇ ਜੁਡੀਸੀਅਲ ਅਫਸਰਾਂ ਨੂੰ ਬਕਾਏ ਦਿੱਤੇ ਜਾ ਚੁੱਕੇ ਹਨ, ਜਿਸ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਐਸੋਸੀਏਸ਼ਨ ਵੱਲੋਂ ਪੰਜਾਬ ਰਾਜ ਪੈਨਸ਼ਨਰ ਸਾਂਝੇ ਫਰੰਟ ਦੇ ਫੈਸਲਿਆਂ ਅਨੁਸਾਰ ਜਲੰਧਰ, ਚੰਡੀਗੜ੍ਹ, ਮੋਹਾਲੀ ਵਿਖੇ ਸੂਬਾ ਪੱਧਰ ਦੀਆਂ ਰੈਲੀਆਂ ਵਿੱਚ ਸ਼ਾਮਲ ਹੋ ਕੇ ਰੋਸ ਪ੍ਰਗਟਾਵਾ ਕਰ ਚੁੱਕੇ ਹਨ।ਮੀਟਿੰਗ ਨੂੰ ਸੰਬੋਧਨ ਵਿੱਚ ਹਿੱਸਾ ਲੈਂਦਿਆਂ ਬਿੱਕਰ ਸਿੰਘ ਸਿਬੀਆਂ, ਬਲਵੰਤ ਢਿੱਲੋਂ, ਮੋਹਨ ਸਿੰਘ ਬਾਵਾ, ਅਮਨ ਨਾਥ ਸਰਮਾਂ, ਸ਼ਿਵ ਕੁਮਾਰ ਨੇ ਕਿਹਾ ਕਿ ਸੂਬੇ ਦੇ ਫੈਸਲੇ ਅਨੁਸਾਰ 22-10-24 ਨੂੰ ਮੋਹਾਲੀ ਵਿਖੇ ਹਜ਼ਾਰਾਂ ਪੈਨਸ਼ਨਰਾਂ ਨਾਲ ਮਹਾਂ ਰੈਲੀ ਕਰਕੇ ਸਰਕਾਰ ਵਿਰੁੱਧ ਰੋਸ ਮਾਰਚ ਕੀਤਾ ਜਾਵੇਗਾ ਤੇ ਸੰਘਰਸ਼ ਨੂੰ ਹੋਰ ਤੇਜ ਕੀਤਾ ਜਾਵੇਗਾ।

# ਸਰਕਾਰੀ ਬਲੱਡ ਬੈਂਕ ਰਾਜਿੰਦਰਾ ਹਸਪਤਾਲ ਵੱਲੋਂ ਜਾਗਦੇ ਰਹੋ ਕਲੱਬ ਸਨਮਾਨਤ




ਪਟਿਆਲਾ
(ਰਾਜਿੰਦਰ ਸਿੰਘ ਥਿੰਦ)
ਸਰਕਾਰੀ ਮੈਡੀਕਲ ਕਾਲਜ ਪਟਿਆਲਾ ਦੇ ਆਡੀਟੋਰੀਅਮ ਵਿਖੇ ਕੌਮੀ ਖ਼ੂਨਦਾਨ ਦਿਵਸ ਮਨਾਇਆ ਗਿਆ, ਜਿਸ ਵਿੱਚ ਕਲੱਬਾਂ, ਖ਼ੂਨਦਾਨੀਆਂ ਤੇ ਮੋਟੀਵੇਟਰਾਂ ਨੇ ਭਾਗ ਲਿਆ।ਜਾਗਦੇ ਰਹੋ ਕਲੱਬ ਪਟਿਆਲਾ ਦੇ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ, ਜਨਰਲ ਸਕੱਤਰ ਦੀਦਾਰ ਸਿੰਘ ਬੋਸਰ, ਸੀਨੀਅਰ ਮੀਤ ਤੇਜਿੰਦਰ ਸਿੰਘ ਮੰਡੋਰ, ਮੈਂਬਰ ਰਣਜੀਤ ਸਿੰਘ ਬੋਸਰ, ਮੈਂਬਰ ਜਗਰੂਪ ਸਿੰਘ ਪੰਜੋਲਾ,ਅਤੇ ਹਰਕ੍ਰਿਸ਼ਨ ਸਿੰਘ ਸੁਰਜੀਤ ਨੂੰ ਸਰਟੀਫਿਕੇਟ ਅਤੇ ਸ਼ਾਨਦਾਰ ਮਮੈਂਟੋ ਦੇ ਕੇ ਵਿਸੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਡਾ. ਰਮਿੰਦਰਪਾਲ ਸਿੰਘ ਸਿਵੀਆਂ ਵਾਈਸ ਪ੍ਰਿੰਸੀਪਲ ਮੈਡੀਕਲ ਕਾਲਜ ਨੇ ਕਿਹਾ ਕਿ ਜਾਗਦੇ ਰਹੋ ਕਲੱਬ ਪਟਿਆਲਾ ਦੀਆਂ ਸੇਵਾਵਾਂ ਸਲਾਘਾਯੋਗ ਹਨ, ਜੋ ਹਰ ਸਮੇਂ ਲੋੜਵੰਦ ਮਰੀਜ਼ਾਂ ਦੀ ਮੱਦਦ ਕਰਨ ਲਈ ਤਿਆਰ ਬਰ ਤਿਆਰ ਰਹਿੰਦਾ ਹੈ।
ਕਲੱਬ ਕਾਫੀ ਲੰਮੇ ਸਮੇਂ ਤੋਂ ਸਮਾਜ ਭਲਾਈ ਦੇ ਕਾਰਜ ਕਰਦਾ ਆ ਰਿਹਾ ਹੈ।ਅਸੀਂ ਬਹੁਤ ਮਾਣ ਮਹਿਸੂਸ ਕਰ ਰਹੇ ਹਾਂ ਕਿ ਖ਼ੂਨਦਾਨੀਆਂ ਦਾ ਮਾਣ-ਸਨਮਾਨ ਕਰਕੇ ਅਸੀਂ ਵੱਡਿਆਂ ਭਾਗਾਂ ਵਾਲੇ ਹਾਂ, ਜੋ ਸਰਕਾਰੀ ਰਾਜਿੰਦਰਾ ਹਸਪਤਾਲ ਦੀ ਬਲੱਡ ਬੈਂਕ ਦੀ ਕਮੀ ਨੂੰ ਖ਼ੂਨਦਾਨ ਕੈਂਪ ਲਗਾ ਕੇ ਤੇ ਐਮਰਜੈਂਸੀ ਖ਼ੂਨਦਾਨੀ ਭੇਜ ਕੇ ਪੂਰਾ ਕਰਦੇ ਹਨ।ਖ਼ੂਨਦਾਨੀ ਪ੍ਰਮਾਤਮਾ ਵੱਲੋਂ ਭੇਜੇ ਹੋਏ ਫਰਿਸ਼ਤੇ ਹੁੰਦੇ ਹਨ, ਜੋ ਲੋੜਵੰਦ ਮਰੀਜ਼ਾਂ ਦੀਆਂ ਖ਼ੂਨਦਾਨ ਕਰਕੇ ਜ਼ਿੰਦਗੀਆਂ ਬਚਾਉਂਦੇ ਹਨ।ਜਾਗਦੇ ਰਹੋ ਕਲੱਬ ਦੇ ਮੈਂਬਰ ਵਧਾਈ ਦੇ ਪਾਤਰ ਹਨ, ਕਿਉਂਕਿ ਸੰਨ 2000 ਤੋਂ ਲੈ ਕੇ ਹੁਣ ਤੱਕ ਲਗਾਤਾਰ 24 ਸਾਲ ਹੋਣ ਦੇ ਬਾਵਜੂਦ ਵੀ ਖ਼ੂਨਦਾਨ ਕੈਂਪ ਲਾ ਕੇ ਤੇ ਐਮਰਜੈਂਸੀ ਖ਼ੂਨਦਾਨੀ ਭੇਜ ਕੇ ਬਲੱਡ ਬੈਂਕ ਦੀ ਮੱਦਦ ਕਰ ਰਹੇ ਹਨ।

# ਸ਼੍ਰੋਮਣੀ ਅਕਾਲੀ ਦਲ ਨੇ ਡੀ ਸੀ ਦਫ਼ਤਰ ਅੱਗੇ ਜਾਮ ਲਾ ਕੇ ਕੀਤਾ ਰੋਸ ਪ੍ਰਦਰਸ਼ਨ



ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)-ਸ਼੍ਰੋਮਣੀ ਅਕਾਲੀ ਦਲ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਦੇ ਅੱਗੇ ਸੜਕ 'ਤੇ ਜਾਮ ਲਾ ਕੇ ਰੋਸ ਪ੍ਰਦਰਸ਼ਨ ਕੀਤਾ।ਇਹ ਧਰਨਾ ਗਿੱਦੜਬਾਹਾ ਹਲਕੇ ਵਿੱਚ ਪੰਚਾਇਤੀ ਚੋਣਾਂ ਲੜ ਰਹੇ ਅਨੇਕਾਂ ਉਮੀਦਵਾਰਾਂ ਦੇ ਕਾਗਜ਼ ਰੱਦ ਹੋਣ ਕਰਕੇ ਸਰਕਾਰ ਦੇ ਖਿਲਾਫ ਲਾਇਆ ਗਿਆ ਸੀ।ਅਕਾਲੀ ਵਰਕਰਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਧਰਨੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਸ਼ੇਸ਼ ਤੌਰ 'ਤੇ ਪਹੁੰਚੇ।ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਲੋਕਤੰਤਰ ਦਾ ਘਾਣ ਕੀਤਾ ਹੈ ਤੇ ਪਹਿਲਾਂ ਅਜਿਹਾ ਕਦੇ ਨਹੀਂ ਹੋਇਆ ਸੀ।ਉਨ੍ਹਾਂ ਕਿਹਾ ਕਿ ਜਿਨ੍ਹਾਂ ਅਫ਼ਸਰਾਂ ਨੇ ਅਜਿਹਾ ਕੀਤਾ ਹੈ ਉਹਨਾਂ ਨੂੰ ਬਖਸ਼ਿਆ ਨਹੀਂ ਜਾਵੇਗਾ।
ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਸ ਧੱਕੇਸ਼ਾਹੀ ਦੇ ਖਿਲਾਫ ਉਹ ਮਾਨਯੋਗ ਹਾਈਕੋਰਟ ਵਿਚ ਜਾ ਰਹੇ ਹਨ। 10 ਅਕਤੂਬਰ ਨੂੰ ਐਸ ਡੀ ਐਮ ਦਫਤਰ ਗਿੱਦੜਬਾਹਾ ਵਿਖੇ ਧਰਨਾ ਲਾਇਆ ਜਾਵੇਗਾ।'ਆਪ' ਸਰਕਾਰ ਆਪਣੀ ਹਾਰ ਵੇਖ ਕੇ ਬੁਖਲਾਹਟ ਵਿੱਚ ਆ ਗਈ ਹੈ।ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਮਨਤਾਰ ਸਿੰਘ ਬਰਾੜ, ਪ੍ਰੀਤਇੰਦਰ ਸਿੰਘ ਸੰਮੇਂਵਾਲੀ, ਰਾਜਵਿੰਦਰ ਸਿੰਘ ਧਰਮਕੋਟ, ਗੁਰਮੇਲ ਸਿੰਘ ਲੱਖੇਵਾਲੀ, ਮਨਜੀਤ ਸਿੰਘ ਬਰਾੜ ਫੱਤਣਵਾਲਾ, ਬਿੰਦਰ ਗੋਨੇਆਣਾ ਅਤੇ ਹੋਰ ਆਗੂਆਂ ਨੇ ਸੰਬੋਧਨ ਕੀਤਾ।ਆਗੂਆਂ ਨੇ ਦੋਸ਼ ਲਾਇਆ ਕਿ ਬਦਲਾਅ ਵਾਲੀ ਸਰਕਾਰ ਨੇ ਪੰਚਾਇਤੀ ਚੋਣਾਂ ਦੌਰਾਨ ਸਭ ਹੱਦਾਂ ਬੰਨ੍ਹੇ ਪਾਰ ਕਰ ਦਿੱਤੀਆਂ ਹਨ ।

# ਪੀ ਐੱਸ ਈ ਬੀ ਪੈਨਸ਼ਨਰ ਯੂਨੀਅਨ ਦੀ ਮੀਟਿੰਗ



ਰਾਜਪੁਰਾ (ਰਮੇਸ਼ ਕਟਾਰੀਆ)
ਪੀ ਐਸ ਈ ਬੀ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਰਾਜਪੁਰਾ ਡਵੀਜ਼ਨ ਦੀ ਮਹੀਨਾਵਾਰ ਮੀਟਿੰਗ ਸਾਥੀ ਰਾਮ ਰਤਨ ਰਾਜ ਗਾਇਕ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਪਟਿਆਲਾ ਸਰਕਲ ਦੇ ਪ੍ਰਧਾਨ ਸਾਥੀ ਗੁਰਦਿਆਲ ਸਿੰਘ ਬੱਬੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਤੇ ਸੈਂਕੜੇ ਰਿਟਾਇਰਡ ਸਾਥੀਆਂ ਨੇ ਭਾਗ ਲਿਆ।
ਪ੍ਰਧਾਨ ਗੁਰਦਿਆਲ ਸਿੰਘ ਬੱਬੂ ਨੇ ਦੱਸਿਆ ਕਿ ਪੰਜਾਬ ਸਰਕਾਰ ਤੇ ਮੈਨੇਜਮੈਂਟ ਵਾਰ ਵਾਰ ਮੀਟਿੰਗਾਂ ਕਰਕੇ ਮੰਗਾਂ ਤੋਂ ਭੱਜ ਰਹੀ ਹੈ ਤੇ ਮੰਨੀਆਂ ਗਈਆਂ ਮੰਗਾਂ ਲਾਗੂ ਨਹੀਂ ਕੀਤੀਆਂ ਜਾ ਰਹੀਆਂ। ਬੁਲਾਰੇ ਸਾਥੀਆਂ ਨੇ ਦੱਸਿਆ ਕਿ ਮੈਨੇਜਮੈਂਟ ਤੇ ਪੰਜਾਬ ਸਰਕਾਰ ਨੇ ਮੰਗਾ ਨਾਂ ਮੰਨੀਆਂ ਤਾਂ ਆਉਣ ਵਾਲੇ ਸਮੇਂ ਵਿੱਚ ਪੀ ਐੱਸ ਈ ਬੀ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਜਲਦੀ ਹੀ ਤਿੱਖਾ ਸੰਘਰਸ਼ ਦੇ ਕੇ ਆਪਣੀਆ ਹੱਕੀ ਅਤੇ ਜਾਇਜ਼ ਮੰਗਾਂ ਮੰਨਵਾਉਣ ਲਈ ਮਜਬੂਰ ਹੋਣਗੇ।
ਮੀਟਿੰਗ ਵਿੱਚ ਡਵੀਜ਼ਨ ਰਾਜਪੁਰਾ ਤੋਂ ਸਾਥੀ ਹਰਦੀਪ ਸਿੰਘ, ਸਾਥੀ ਜਗਵਿੰਦਰ ਸਿੰਘ, ਸਾਥੀ ਜੈ ਨਰਾਇਣ, ਸਾਥੀ ਰਘਬੀਰ ਸਿੰਘ ਰੋਪੜ, ਸਾਥੀ ਜਗਤਾਰ ਸਿੰਘ ਮੁਹਾਲੀ ਤੇ ਸਾਥੀ ਕੁਲਵੰਤ ਸਿੰਘ ਸਾਹਲ ਅਤੇ ਸਾਥੀ ਅਵਤਾਰ ਸਿੰਘ ਬੂਹਾ ਨੇ ਆਪਣੇ ਪੋਤਰਿਆਂ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹੋਏ ਸਾਥੀਆਂ ਨੂੰ ਬਰਫ਼ੀ ਅਤੇ ਗੁਲਾਬ ਜਾਮਣ ਖਵਾਏ ।

## ਕਾਤਰਾਂ

### ਗ਼ੈਰ ਹਾਜ਼ਰ ਰਹਿਣ ਵਾਲੇ ਕ੍ਰਮਚਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ

ਮੂਣਕ (ਰਾਜਪਾਲ ਸਿੰਗਲਾ)-ਜ਼ਿਲ੍ਹਾ ਚੋਣਕਾਰ ਅਫ਼ਸਰ ਸੰਦੀਪ ਰਿਸ਼ੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਧੀਕ ਜ਼ਿਲ੍ਹਾ ਚੋਣਕਾਰ ਅਫ਼ਸਰ ਸੁਖਚੈਨ ਸਿੰਘ ਪਾਪੜਾ ਨੇ ਦੱਸਿਆ ਕਿ 5 ਅਕਤੂਬਰ ਨੂੰ ਗ੍ਰਾਮ ਪੰਚਾਇਤ ਚੋਣਾਂ ਸਬੰਧੀ ਹੋਈ ਪਹਿਲੀ ਰੀਹਰਸਲ ਦੌਰਾਨ ਗੈਰ ਹਾਜ਼ਰ ਰਹਿਣ ਵਾਲੇ 162 ਮੁਲਾਜ਼ਮਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਗਿਆ ਹੈ।ਵਧੀਕ ਜ਼ਿਲ੍ਹਾ ਚੋਣਕਾਰ ਅਫ਼ਸਰ ਨੇ ਕਿਹਾ ਕਿ ਇਹ ਇੱਕ ਗੰਭੀਰ ਮਸਲਾ ਹੈ, ਕਿਉਂਕਿ ਚੋਣਾਂ ਸਬੰਧੀ ਡਿਊਟੀ ਵਿੱਚ ਅਜਿਹੀ ਲਾਪ੍ਰਵਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਡੇਢ ਦਰਜਨ ਤੋਂ ਵਧੇਰੇ ਵਿਭਾਗਾਂ ਨਾਲ ਸਬੰਧਤ ਇਨ੍ਹਾਂ ਗੈਰਹਾਜ਼ਰ ਕ੍ਰਮਚਾਰੀਆਂ ਨੂੰ ਵਿਭਾਗੀ ਮੁਖੀਆਂ ਰਾਹੀਂ ਨੋਟਿਸ ਭੇਜਿਆ ਗਿਆ ਹੈ ਤੇ ਜਿਹੜੇ ਮੁਲਾਜ਼ਮ 10 ਅਕਤੂਬਰ ਨੂੰ ਹੋਣ ਵਾਲੀ ਦੂਜੀ ਰਿਹਰਸਲ ਦੌਰਾਨ ਵੀ ਅਜਿਹੀ ਅਣਗਹਿਲੀ ਕਰਨਗੇ।

### ਨਥਾਣਾ ਦੇ ਸੀਵਰੇਜ ਸਿਸਟਮ ਦਾ ਜਲਦ ਹੋਵੇਗਾ ਹੱਲ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਉਪ ਮੰਡਲ ਇੰਜਨੀਅਰ ਵਾਟਰ ਸਪਲਾਈ ਅਤੇ ਸੀਵਰੇਜ ਉਪ ਮੰਡਲ ਨੰਬਰ 4 ਸ਼੍ਰੀ ਪਾਰਸ ਵਰਮਾ ਨੇ ਦੱਸਿਆ ਕਿ ਜ਼ਿਲ੍ਹੇ ਅਧੀਨ ਆਉਂਦੀ ਨਗਰ ਪੰਚਾਇਤ ਨਥਾਣਾ ਵਿਖੇ ਨਾਲੀਆਂ ਤੇ ਛੱਪੜਾਂ ਆਦਿ ਦੇ ਪਾਣੀ ਨੂੰ ਪਾਇਪ ਸੀਵਰੇਜ ਰਾਹੀਂ ਮੇਨ ਪੰਪਿੰਗ ਸਟੇਸ਼ਨ/ਸੀਵਰੇਜ ਟਰੀਟਮੈਂਟ ਪਲਾਂਟ ਤੱਕ ਪੁਚਾਇਆ ਜਾਣਾ ਹੈ।ਉਨ੍ਹਾਂ ਦੱਸਿਆ ਕਿ ਨਾਲੀਆਂ/ਛੱਪੜਾਂ ਦੇ ਪਾਣੀ ਨੂੰ ਐਸ.ਟੀ.ਪੀ ਨਾਲ ਟਰੀਟ/ਸਾਫ ਕਰਕੇ ਦਿਆਲਪੁਰਾ ਡਰੇਨ ਵਿੱਚ ਪਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਇਸ ਦੇ ਸਬੰਧ ਵਿੱਚ ਵਿਭਾਗ ਵੱਲੋਂ ਟੈਂਡਰ ਲਾਇਆ ਗਿਆ ਸੀ, ਟੈਂਡਰ ਦੀ ਪ੍ਰਾਪਤ ਹੋਈ ਬਿੱਡ ਦੇ ਟੈਕਨੀਕਲ ਪਾਰਟ ਦੀ ਚੈਕਿੰਗ ਪ੍ਰਗਤੀ ਅਧੀਨ ਹੈ।ਉਨ੍ਹਾਂ ਕਿਹਾ ਕਿ ਨਿਯਮਾਂ ਅਨੁਸਾਰ ਉਕਤ ਬਿੱਡ ਦੀਆਂ ਸ਼ਰਤਾਂ ਸਹੀ ਪਾਈਆਂ ਜਾਣ ਉਪਰੰਤ ਇਸ ਕੰਮ ਨੂੰ ਜਲਦ ਤੋਂ ਜਲਦ ਸ਼ੁਰੂ ਕਰ ਦਿੱਤਾ ਜਾਵੇਗਾ।

### ਦੰਦਾਂ ਦਾ ਚੈੱਕਅੱਪ ਕੈਂਪ ਲਾਇਆ

ਜੈਤੋ (ਸਤੀਸ਼ ਕੁਮਾਰ ਭੀਗੀ)-ਸਮੇਂ-ਸਮੇਂ 'ਤੇ ਬੱਚਿਆਂ ਦੀਆਂ ਸਮੱਸਿਆਵਾਂ ਦਾ ਹੱਲ ਕੱਢਣ ਤੇ ਉਨ੍ਹਾਂ ਦੀ ਸਿਹਤ ਦੀ ਸੁਰੱਖਿਆ ਲਈ ਸਕੂਲ ਦੇ ਸਮੂਹ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ ਗਈ, ਜਿਸ ਵਿੱਚ ਡਾ: ਮਿਸ਼ਿਕਾ ਗੋਇਲ ਵੱਲੋਂ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ ਗਿਆ।ਉਨ੍ਹਾਂ ਸਮੂਹ ਮਾਪਿਆਂ ਨੂੰ ਸਲਾਹ ਦਿੱਤੀ ਕਿ ਸਮੇਂ-ਸਮੇਂ 'ਤੇ ਆਪਣੇ ਦੰਦਾਂ ਦੀ ਜਾਂਚ ਕਰਾਉਣੀ ਜ਼ਰੂਰੀ ਹੈ, ਅਸੀਂ ਦਿਨ 'ਚ ਸਿਰਫ਼ ਇੱਕ ਵਾਰ ਸਵੇਰੇ ਹੀ ਬੁਰਸ਼ ਕਰਦੇ ਹਾਂ, ਜਦਕਿ ਖਾਣਾ ਖਾਣ ਤੋਂ ਬਾਅਦ ਸਾਨੂੰ ਵੀ ਬੁਰਸ਼ ਕਰਨਾ ਚਾਹੀਦਾ ਹੈ।ਸਕੂਲ ਦੇ ਪ੍ਰਿੰਸੀਪਲ ਮੈਡਮ ਗੁਰਸੇਵਕ ਮਾਨ ਨੇ ਪ੍ਰਬੰਧਕ ਕਮੇਟੀ ਦੀ ਤਰਫੋਂ ਡਾਕਟਰਾਂ ਦੀ ਟੀਮ ਦਾ ਸਨਮਾਨ ਵੀ ਕੀਤਾ।

### ਡੇਂਗੂ ਦਾ ਲਾਰਵਾ ਮਿਲਣ 'ਤੇ ਚਲਾਨ ਕੱਟੇ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ)-ਮੁੱਖ ਮੰਤਰੀ ਭਗਵੰਤ ਮਾਨ ਤੇ ਸਿਹਤ ਮੰਤਰੀ ਬਲਬੀਰ ਸਿੰਘ ਵੱਲੋਂ ਡੇਂਗੂ ਬਿਮਾਰੀ ਖਿਲਾਫ ਸ਼ੁਰੂ ਕੀਤੀ ਮੁਹਿੰਮ ਤਹਿਤ ਅਬੋਹਰ ਸਿਵਿਲ ਹਸਪਤਾਲ ਦੀ ਐਂਟੀ ਡੇਂਗੂ ਲਾਰਵਾ ਟੀਮਾਂ ਡੇਂਗੂ ਦੇ ਪਿਛਲੇ ਸਾਲਾ ਦੌਰਾਨ ਹੌਟ ਸਪੋਟ ਖੇਤਰ ਵਿਚ ਪੂਰੀ ਤਰ੍ਹਾਂ ਸਰਗਰਮੀ ਨਾਲ ਕੰਮ ਕਰ ਰਹੀ ਹੈ। ਇਸ ਦੇ ਨਾਲ ਉਨ੍ਹਾਂ ਨੇ ਪਾਣੀ ਦੇ ਸਰੋਤਾਂ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਵੈਕਟਰ ਬੋਰਨ ਟੀਮਾਂ ਲਗਾਤਾਰ ਲੋਕਾਂ ਨੂੰ ਡੇਂਗੂ ਬੀਮਾਰੀ ਦੇ ਲੱਛਣਾਂ ਬਾਰੇ ਜਾਗਰੂਕ ਕਰ ਰਹੀਂ ਹੈ, ਜਿਸ ਨਾਲ ਕਰੀਬ 300 ਲੋਕਾਂ ਨੇ ਅਬੋਹਰ ਸਿਵਿਲ ਹਸਪਤਾਲ ਵਿਖੇ ਆਪਣਾ ਡੇਂਗੂ ਟੈਸਟ ਕਰਾਇਆ ਹੈ, ਜਿਸ ਵਿੱਚ 17 ਡੇਂਗੂ ਬਿਮਾਰੀ ਨਾਲ ਪਾਜ਼ੇਟਿਵ ਪਾਏ ਗਏ ਹੈ।

# ਪੰਜਾਬੀ ਯੂਨੀਵਰਸਿਟੀ ਦਾ ਤਿੰਨ ਰੋਜ਼ਾ ਖੇਤਰੀ ਯੁਵਕ ਮੇਲਾ ਅੱਜ ਤੋਂ

ਲੌਂਗੋਵਾਲ/ਸੰਗਰੂਰ (ਪ੍ਰਦੀਪ ਸਿੰਘ ਸੱਪਲ)-ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਵਿਖੇ ਤਿੰਨ ਰੋਜ਼ਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਖੇਤਰੀ ਯੁਵਕ ਮੇਲਾ (ਸੰਗਰੂਰ ਜ਼ੋਨ) 9, 10 ਤੇ 11 ਅਕਤੂਬਰ ਨੂੰ ਪ੍ਰਿੰਸੀਪਲ ਡਾਕਟਰ ਅਮਨਦੀਪ ਕੌਰ ਦੀ ਨਿਗਰਾਨੀ ਹੇਠ ਅਕਾਲ ਕਾਲਜ ਕੌਂਸਲ ਦੇ ਸਹਿਯੋਗ ਸਦਕਾ ਬੜੇ ਉਤਸ਼ਾਹ ਨਾਲ ਕਰਾਇਆ ਜਾ ਰਿਹਾ ਹੈ। ਇਸ ਖੇਤਰੀ ਯੁਵਕ ਮੇਲੇ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਵਿਸ਼ੇਸ਼ ਮੀਟਿੰਗ ਸੰਤ ਅਤਰ ਸਿੰਘ ਗੁਰਸਾਗਰ ਮਸਤੂਆਣਾ ਟਰੱਸਟ ਦੇ ਚੇਅਰਮੈਨ ਸੁਖਦੇਵ ਸਿੰਘ ਢੀਂਡਸਾ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਮੌਕੇ ਸੁਖਦੇਵ ਸਿੰਘ ਢੀਂਡਸਾ ਦੀ ਪ੍ਰਧਾਨਗੀ ਹੇਠ ਮੀਟਿੰਗ ਕਰਨ ਉਪਰੰਤ ਖੇਤਰੀ ਯੁਵਕ ਮੇਲੇ ਦਾ ਸੱਦਾ ਪੱਤਰ ਜਾਰੀ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਕੌਂਸਲ ਦੇ ਮੁੱਖ ਪ੍ਰਬੰਧਕ ਕੈਪਟਨ ਭੁਪਿੰਦਰ ਸਿੰਘ ਪੂਨੀਆ, ਸਕੱਤਰ ਜਸਵੰਤ ਸਿੰਘ ਖਹਿਰਾ, ਗੁਰਜੰਟ ਸਿੰਘ ਦੁੱਗਾਂ, ਡਾਕਟਰ ਵਰਿੰਦਰ ਵਾਲੀਆ, ਡਾਕਟਰ ਖਾਨ, ਐਡਵੋਕੇਟ ਮੌੜ ਸੰਗਰੂਰ, ਪ੍ਰਿੰਸੀਪਲ ਡਾਕਟਰ ਅਮਨਦੀਪ ਕੌਰ ਤੋਂ ਇਲਾਵਾ ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਮੇਜਰ ਸਿੰਘ ਚੱਠਾ, ਡਾਇਰੈਕਟਰ ਡਾਕਟਰ ਗੁਰਵੀਰ ਸਿੰਘ, ਕੋਆਰਡੀਨੇਟਰ ਨਿਰਪਜੀਤ ਸਿੰਘ, ਯੂਥ ਕੋਆਰਡੀਨੇਟਰ ਹਰਜਿੰਦਰ ਸਿੰਘ, ਜਸਵਿੰਦਰ ਸਿੰਘ ਖਾਲਸਾ, ਸਤਨਾਮ ਸਿੰਘ ਦਮਦਮੀ ਸਮੇਤ ਹੋਰ ਮੋਹਤਵਰ ਸ਼ਖ਼ਸੀਅਤਾਂ ਮੌਜੂਦ ਸਨ।ਕੌਂਸਲ ਸਕੱਤਰ ਜਸਵੰਤ ਸਿੰਘ ਖਹਿਰਾ ਨੇ ਦੱਸਿਆ ਕਿ 9 ਅਕਤੂਬਰ ਨੂੰ ਸਵੇਰ ਦੇ ਉਦਘਾਟਨੀ ਸੈਸ਼ਨ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ, ਜਦੋਂਕਿ ਸ਼ਾਮ ਦੇ ਸੈਸ਼ਨ ਵਿੱਚ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਹਾਜ਼ਰੀ ਭਰਨਗੇ ਤੇ ਪ੍ਰਧਾਨਗੀ ਸ੍ਰੀਮਤੀ ਨਰਿੰਦਰ ਕੌਰ ਭਰਾਜ ਵਿਧਾਇਕ ਸੰਗਰੂਰ ਕਰਨਗੇ।ਇਸੇ ਤਰ੍ਹਾਂ 10 ਅਕਤੂਬਰ ਨੂੰ ਸਵੇਰ ਦੇ ਸੈਸ਼ਨ ਦੀ ਆਰੰਭਤਾ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਕਰਨਗੇ ਤੇ ਸ਼ਾਮ ਦੇ ਸੈਸ਼ਨ ਦੌਰਾਨ ਹਰਚਰਨ ਸਿੰਘ ਭੁੱਲਰ ਆਈਪੀਐਸ ਡੀ ਆਈ ਜੀ ਬਠਿੰਡਾ ਰੇਂਜ ਹਾਜ਼ਰੀ ਭਰਨਗੇ। 11 ਅਕਤੂਬਰ ਨੂੰ ਇਨਾਮਾਂ ਦੀ ਵੰਡ ਮੁੱਖ ਮਹਿਮਾਨ ਵਜੋਂ ਸ੍ਰੀ ਅਮਨ ਅਰੋੜਾ ਕੈਬਨਿਟ ਮੰਤਰੀ ਕਰਨਗੇ।

# ਟੂਟੀਆਂ ਦਾ ਘਰਾਂ 'ਚ ਪਾਣੀ ਨਾ ਆਉਣ ਕਾਰਨ ਲੋਕਾਂ ਵੱਲੋਂ ਮੁੱਖ ਮੰਤਰੀ ਖਿਲਾਫ਼ ਨਾਅਰੇਬਾਜ਼ੀ



ਧੂਰੀ (ਸੁਖਦੇਵ ਧੂਰੀ)-ਵੱਖ-ਵੱਖ ਵਾਰਡਾਂ ਵਿੱਚ ਪਿਛਲੇ ਤਿੰਨ ਦਿਨਾਂ ਤੋਂ ਟੂਟੀਆਂ ਵਿੱਚ ਪਾਣੀ ਨਾ ਆਉਣ ਕਾਰਨ ਲੋਕਾਂ ਵੱਲੋਂ ਕੌਂਸਲਰ ਅਜੇ ਪਰੋਚਾ ਦੀ ਅਗਵਾਈ ਹੇਠ ਮੁੱਖ ਮੰਤਰੀ ਖਿਲਾਫ ਨਾਅਰੇਬਾਜ਼ੀ ਕੀਤੀ ਗਈ। ਕੌਂਸਲਰ ਅਜੇ ਪਰੋਚਾ ਨੇ ਦੱਸਿਆ ਕਿ ਪਿਛਲੇ ਤਿੰਨ ਦਿਨਾਂ ਤੋਂ ਸ਼ਹਿਰ ਦੇ ਵਾਰਡ ਨੰਬਰ 6, 7 ਅਤੇ ਵਾਰਡ ਨੰਬਰ 8 ਦੇ ਘਰਾਂ ਵਿੱਚ ਟੂਟੀਆਂ ਵਿੱਚ ਪਾਣੀ ਨਾ ਆਉਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਮਾਮਲਾ ਕਾਰਜ ਸਾਧਕ ਅਫ਼ਸਰ ਧੂਰੀ, ਐਸ ਡੀ ਐਮ, ਪ੍ਰਿੰਸੀਪਲ ਸਕੱਤਰ ਲੋਕਲ ਬਾਡੀ ਦੇ ਧਿਆਨ ਵਿੱਚ ਲਿਆਉਣ ਤੋਂ ਬਾਅਦ ਵੀ ਘਰਾਂ ਵਿੱਚ ਟੂਟੀਆਂ ਦਾ ਪਾਣੀ ਨਹੀਂ ਆਇਆ।ਇਸ ਮਾਮਲੇ ਸਬੰਧੀ ਕਿਸੇ ਵੀ ਤਰ੍ਹਾਂ ਗੰਭੀਰਤਾ ਨਹੀਂ ਦਿਖਾਈ ਜਾ ਰਹੀ ਹੈ।
ਉਨ੍ਹਾਂ ਅੱਗੇ ਕਿਹਾ ਸੀ ਐਮ ਸਿਟੀ ਧੂਰੀ ਵਿੱਚ ਲੋਕਾਂ ਨੂੰ ਪੀਣ ਵਾਲਾ ਪਾਣੀ ਨਹੀਂ ਮੁਹੱਈਆ ਹੋ ਰਿਹਾ, ਜਿਸ ਕਾਰਨ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਕਾਂਗਰਸ ਦੇ ਆਗੂ ਸਰਪੰਚ ਹਰਦੀਪ ਸਿੰਘ ਦੌਲਤਪੁਰ ਨੇ ਵੀ ਸ਼ਹਿਰ ਅੰਦਰ ਪਾਣੀ ਦੀ ਘਾਟ ਦੀ ਗੰਭੀਰ ਸਥਿਤੀ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਘੇਰਿਆ।

# ਜ਼ਿਲ੍ਹੇ 'ਚ 47 ਸਰਪੰਚ ਤੇ 1107 ਪੰਚ ਨਿਰਵਿਰੋਧ ਚੁਣੇ ਗਏ

ਜਲਾਲਾਬਾਦ/ਫ਼ਾਜ਼ਿਲਕਾ (ਜੀਤ ਕੁਮਾਰ, ਜੰਗੀਰ ਕੌਰ/ਨਿਸ਼ਾ ਸਰਮਾ)-ਵਧੀਕ ਜ਼ਿਲ੍ਹਾ ਚੋਣਕਾਰ ਅਫ਼ਸਰ ਕਮ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਸੁਭਾਸ਼ ਚੰਦਰ ਨੇ ਦੱਸਿਆ ਹੈ ਕਿ ਨਾਂਅ ਵਾਪਸੀ ਦੀ ਪ੍ਰਕਿਆ ਮੁਕੰਮਲ ਹੋਣ ਤੋਂ ਬਾਅਦ ਪੰਚਾਇਤ ਚੋਣਾਂ ਲੜ ਰਹੇ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਵੰਡ ਦਿੱਤੇ ਗਏ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ 47 ਸਰਪੰਚ ਅਤੇ 1107 ਪੰਚ ਨਿਰਵਿਰੋਧ ਚੁਣੇ ਗਏ ਹਨ। ਇਸ ਤੋਂ ਬਿਨਾਂ ਹੁਣ ਨਾਮਜ਼ਦਗੀਆਂ ਵਾਪਸ ਲੈਣ ਤੋਂ ਬਾਅਦ ਜ਼ਿਲ੍ਹੇ ਵਿਚ 1519 ਸਰਪੰਚ ਉਮੀਦਵਾਰ ਮੈਦਾਨ ਵਿਚ ਹਨ, ਜਦਕਿ ਸਰਪੰਚੀ ਲਈ ਨਾਮਜਦਗੀਆਂ ਭਰਨ ਵਾਲੇ 984 ਉਮੀਦਵਾਰਾਂ ਨੇ ਆਪਣੀ ਨਾਮਜ਼ਦਗੀ ਵਾਪਸ ਲਈ ਹੈ।ਇਸੇ ਤਰਾਂ ਪੰਚ ਦੇ ਅਹੁਦੇ ਲਈ 1191 ਨਾਮਜ਼ਦਗੀਆਂ ਵਾਪਸ ਲਈਆਂ ਗਈਆਂ ਹਨ ਤੇ ਹੁਣ 4286 ਪੰਚ ਉਮੀਦਵਾਰ ਚੋਣ ਮੈਦਾਨ ਵਿਚ ਹਨ।ਬਲਾਕ ਅਬੋਹਰ ਵਿਚ 8, ਬਲਾਕ ਖੂਈਆਂ ਸਰਵਰ ' 3, ਬਲਾਕ ਅਰਨੀਵਾਲਾ ਤੇ ਫ਼ਾਜ਼ਿਲਕਾ ਵਿਚ 5-5 ਅਤੇ ਜਲਾਲਾਬਾਦ ਬਲਾਕ ਵਿਚ 26 ਸਰਪੰਚ ਨਿਰਵਿਰੋਧ ਚੁਣੇ ਗਏ ਹਨ।ਬਲਾਕ ਅਬੋਹਰ ਵਿਚ 305 ਪੰਚ, ਬਲਾਕ ਖੂਈਆਂ ਸਰਵਰ 'ਚ 170, ਬਲਾਕ ਅਰਨੀਵਾਲਾ 'ਚ 145, ਬਲਾਕ ਫਾਜ਼ਿਲਕਾ 'ਚ 170 ਤੇ ਬਲਾਕ ਜਲਾਲਾਬਾਦ ਵਿਚ 317 ਪੰਚ ਨਿਰਵਿਰੋਧ ਚੁਣੇ ਗਏ ਹਨ।ਹੁਣ ਅਬੋਹਰ ਬਲਾਕ ਵਿਚ ਸਰਪੰਚ ਦੇ ਅਹੁਦੇ ਲਈ 265, ਖੂਈਆਂ ਸਰਵਰ ਬਲਾਕ ਵਿਚ 208, ਅਰਨੀਵਾਲਾ ਬਲਾਕ 'ਚ 132, ਫ਼ਾਜ਼ਿਲਕਾ ਬਲਾਕ ਵਿਚ 363 ਅਤੇ ਜਲਾਲਾਬਾਦ ਬਲਾਕ 'ਚ 551 ਉਮੀਦਵਾਰ ਮੈਦਾਨ ਵਿਚ ਹਨ, ਜਦਕਿ ਪੰਚ ਦੇ ਅਹੁਦੇ ਲਈ ਅਬੋਹਰ ਬਲਾਕ ਵਿਚ 797, ਖੂਈਆਂ ਸਰਵਰ ਬਲਾਕ ਵਿਚ 727, ਅਰਨੀਵਾਲਾ ਬਲਾਕ 'ਚ 370, ਫ਼ਾਜ਼ਿਲਕਾ ਬਲਾਕ ਵਿਚ 927 ਅਤੇ ਜਲਾਲਾਬਾਦ ਬਲਾਕ ਵਿਚ 1465 ਉਮੀਦਵਾਰ ਮੈਦਾਨ ਵਿਚ ਹਨ।

# ਡੇਰਾ ਉਦਾਸੀਨ ਵੱਲੋਂ ਬੱਚਿਆਂ ਦੇ ਪਾਰਕ 'ਤੇ ਮੁੜ ਕਬਜ਼ੇ ਦੀ ਕੋਸ਼ਿਸ਼



ਪਟਿਆਲਾ (ਰਾਜਿੰਦਰ ਸਿੰਘ)
ਸ਼ਿੰਦਮਾਨਯੋਗ ਸੁਪਰੀਮ ਕੋਰਟ ਵੱਲੋਂ 20.7.2015 ਵੱਲੋਂ ਪਾਸ ਸਟੇਟਸ ਕੋ ਦੇ ਆਦੇਸ਼ਾਂ ਦੇ ਬਾਵਜੂਦ ਡੇਰਾ ਉਦਾਸੀਨ ਬੀਰ ਖੇੜੀ ਗੁਜਰਾਂ ਦੇ ਬੰਦਿਆਂ ਵੱਲੋਂ ਕੁਝ ਰਾਜਨੀਤਕ ਆਗੂਆਂ ਅਤੇ ਕੁਝ ਪ੍ਰੋਪਰਟੀ ਡੀਲਰਾਂ ਦੀ ਮਿਲੀਭੁਗਤ ਨਾਲ ਸੰਤ ਇਨਕਲੇਵ ਪਟਿਆਲਾ ਵਿਖੇ ਬੱਚਿਆਂ ਦੇ ਪਾਰਕ 'ਤੇ ਮੁੜ ਕਬਜ਼ੇ ਦੀ ਕੋਸ਼ਿਸ਼ ਕੀਤੀ ਗਈ ਹੈ।ਇਸ ਮੌਕੇ ਸੰਤ ਇਨਕਲੇਵ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਮਦਨ ਖਰਬੰਦਾ, ਵਿਜੇ ਤੁਲੀ ਸੈਕਟਰੀ, ਐਡਵੋਕੇਟ ਪੂੰਨੀਆ ਤੇ ਹੋਰ ਮੈਂਬਰਾਂ ਨੇ ਕਿਹਾ ਕਿ ਡੇਰਾ ਉਦਾਸੀਨ ਵੱਲੋਂ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਘੋਰ ਅਣਦੇਖੀ ਕੀਤੀ ਜਾ ਰਹੀ ਹੈ।ਉਨ੍ਹਾਂ ਨੇ 27.9.2024 ਨੂੰ ਡੀ.ਸੀ ਪਟਿਆਲਾ ਅਤੇ ਧਰਮ ਅਰਥ ਬੋਰਡ ਦੀ ਚੇਅਰਪਰਸਨ ਮੈਡਮ ਪ੍ਰੀਤੀ ਯਾਦਵ ਨੂੰ ਦਰਖਾਸਤ ਦੇ ਕੇ ਇਸ ਕਬਜ਼ੇ ਨੂੰ ਰੋਕਣ ਦੀ ਗੁਹਾਰ ਲਾਈ। ਜਿਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਡੀ.ਸੀ ਪਟਿਆਲਾ ਨੇ ਐਸ.ਐਸ.ਪੀ ਪਟਿਆਲਾ ਨੂੰ ਪੱਤਰ ਜਾਰੀ ਕਰਕੇ ਇਸ ਕਬਜ਼ੇ ਨੂੰ ਰੋਕਣ ਲਈ ਚਿੱਠੀ ਲਿਖੀ।ਐਸ.ਐਸ.ਪੀ ਦੇ ਆਦੇਸ਼ਾਂ ਅਤੇ ਸਖ਼ਤੀ ਤੋਂ ਬਾਅਦ ਇਸ ਨਜਾਇਜ਼ ਕਬਜ਼ੇ ਨੂੰ ਰੁਕਵਾਇਆ ਗਿਆ, ਪਰ ਕੁਝ ਦਿਨ ਬੀਤ ਜਾਣ ਤੋਂ ਬਾਅਦ ਡੇਰੇ ਦੇ ਕੁਝ ਕਥਿਤ ਬੰਦਿਆਂ ਵੱਲੋਂ ਬੱਚਿਆਂ ਦੇ ਪਾਰਕ 'ਤੇ ਜੇਸੀਬੀ ਮਸ਼ੀਨਾਂ ਲਿਆ ਕੇ ਮੁੜ ਤੋਂ ਨਜਾਇਜ਼ ਉਸਾਰੀ ਸ਼ੁਰੂ ਅਤੇ ਪਾਰਕ ਵਿੱਚ ਪਾਣੀ ਛੱਡ ਕੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਬੱਚਿਆਂ ਦੇ ਖੇਡਣ ਵਾਲੇ ਪਾਰਕ ਉੱਪਰ ਕਬਜ਼ਾ ਹੋਣ ਤੋਂ ਰੋਕਿਆ ਜਾਵੇ ਤੇ ਸੰਤ ਇਨਕਲੇਵ ਵਾਸੀਆਂ ਨੂੰ ਬਣਦਾ ਇਨਸਾਫ਼ ਦਿਵਾਇਆ ਜਾਵੇ।

# ਲਾਅ ਯੂਨੀਵਰਸਿਟੀ ਦਾ ਮਾਮਲਾ ਭਖਿਆ, ਵਿਦਿਆਰਥੀਆਂ ਵੱਲੋਂ ਭੁੱਖ ਹੜਤਾਲ ਸ਼ੁਰੂ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਵਿਖੇ ਉਪ ਕੁਲਪਤੀ ਤੇ ਵਿਦਿਆਰਥੀਆਂ ਵਿਚਕਾਰ ਚੱਲ ਰਿਹਾ ਰੇੜਕਾ ਰੁਕਣ ਦਾ ਨਾਂਅ ਨਹੀਂ ਲੈ ਰਿਹਾ। ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਵਿਦਿਆਰਥੀਆਂ ਦੀਆਂ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤੇ ਜਾਣ ਦੇ ਰੋਸ ਵਜੋਂ ਵਿਦਿਆਰਥੀਆਂ ਨੇ ਬੀਤੀ ਰਾਤ ਤੋਂ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਵਿਦਿਆਰਥੀਆਂ ਦਾ ਦੋਸ਼ ਹੈ ਕਿ ਐਕਸਟਰਨਲ ਕਮੇਟੀ ਗਠਿਤ ਕਰਨ ਅਤੇ ਕਮੇਟੀ ਵੱਲੋਂ ਹਾਇਰ ਅਥਾਰਿਟੀ ਨੂੰ ਰਿਪੋਰਟ ਸੌਂਪੇ ਜਾਣ ਦੇ ਬਾਵਜੂਦ ਉਪ ਕੁਲਪਤੀ ਜੈ ਸ਼ੰਕਰ ਸਿੰਘ ਖਿਲਾਫ ਬਣਦੀ ਕਾਰਵਾਈ ਨਹੀਂ ਕੀਤੀ ਜਾ ਰਹੀ, ਜੋ ਵਿਦਿਆਰਥੀਆਂ ਨਾਲ ਸ਼ਰੇਆਮ ਬੇਇਨਸਾਫੀ ਤੇ ਧੱਕਾ ਹੈ
ਭੁੱਖ ਹੜਤਾਲ 'ਤੇ ਬੈਠੇ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਐਕਸਟਰਨਲ ਕਮੇਟੀ ਵੱਲੋਂ ਵੀ ਆਪਣੀ ਰਿਪੋਰਟ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਮੁੱਖ ਜੱਜ ਤੇ ਯੂਨੀਵਰਸਿਟੀ ਦੇ ਚਾਂਸਲਰ ਨੂੰ ਸੌਂਪੀ ਜਾ ਚੁੱਕੀ ਹੈ, ਪ੍ਰੰਤੂ ਇਸ ਦੇ ਬਾਵਜੂਦ ਉਪ ਕੁਲਪਤੀ ਖਿਲਾਫ ਕੋਈ ਵੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ।ਉਨ੍ਹਾਂ ਦੀਆਂ ਹੱਕੀ ਮੰਗਾਂ ਨੂੰ ਲਗਾਤਾਰ ਨਜਰ ਅੰਦਜ ਕੀਤਾ ਜਾ ਰਿਹਾ ਹੈ। ਮਿਲੀ ਜਾਣਕਾਰੀ ਮੁਤਾਬਕ ਉਕਤ ਮਾਮਲੇ ਨੂੰ ਲੈ ਕੇ ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਵਿਦਿਆਰਥੀਆਂ ਵਿਚਕਾਰ ਕਰੀਬ 20 ਤੋਂ ਵੱਧ ਮੀਟਿੰਗਾਂ ਹੋ ਚੁੱਕੀਆਂ ਹਨ, ਜੋ ਬੇਸਿੱਟਾ ਰਹੀਆਂ ਹਨ।

# ਸਰਪੰਚੀ ਲਈ ਹੋਵੇਗੀ ਸਿੱਧੀ ਟੱਕਰ, ਉਮੀਦਵਾਰਾਂ ਦਾ ਲੱਗਾ ਪੂਰਾ ਜ਼ੋਰ



ਦਿੜ੍ਹਬਾ (ਜਸਵੀਰ ਲਾਡੀ)
ਹਲਕਾ ਦਿੜ੍ਹਬਾ ਦਾ ਸਭ ਤੋਂ ਵੱਡਾ ਪਿੰਡ ਛਾਜਲੀ, ਜਿਸ ਦੀ 12000 ਤੋਂ ਉੱਪਰ ਵੋਟ ਹੈ ਅਤੇ ਪਿੰਡ 13 ਵਾਰਡਾਂ ਵਿੱਚ ਵੰਡਿਆ ਹੈ।ਸਰਪੰਚੀ ਲਈ ਤਿੰਨ ਉਮੀਦਵਾਰ ਚੋਣ ਮੈਦਾਨ ਵਿੱਚ ਉਤਰੇ ਹੋਏ ਹਨ ਤੇ ਤਿਕੋਣੀ ਟੱਕਰ ਹੋਵੇਗੀ।ਆਮ ਆਦਮੀ ਦਾ ਇਕਾਈ ਪ੍ਰਧਾਨ ਰਹਿ ਚੁੱਕੇ ਅਤੇ ਪੰਜਾਬ ਦੇ ਖ਼ਜ਼ਾਨਾ ਮੰਤਰੀ ਅਤੇ ਹਲਕਾ ਵਿਧਾਇਕ ਹਰਪਾਲ ਸਿੰਘ ਚੀਮਾ ਦੀ ਖੱਬੀ ਬਾਂਹ ਵੱਜੋ ਜਾਣੇ ਜਾਂਦੇ ਗੁਰਬਿਆਸ ਸਿੰਘ 'ਬਿਆਸੀ', ਜੋ ਜਦੋਂ ਦੀ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਸ ਵੇਲੇ ਤੋਂ ਹੀ ਸਪੋਰਟਸ ਕਲੱਬਾਂ, ਪਿੰਡ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਪ੍ਰੋਗਰਾਮ ਤੇ ਖੁੱਲ੍ਹੇ ਦਿਲ ਫੰਡ ਦੇਣਾ ਅਤੇ ਲੋਕਾਂ ਦੇ ਦੁੱਖ-ਸੁੱਖ ਵਿੱਚ ਵਿਚਰਦਾ ਆ ਰਿਹਾ ਹੈ।ਉਹ ਆਪਣੀ ਪੂਰੀ ਤਿਆਰੀ ਨਾਲ ਆਪਣੇ ਰੋਡ ਰੂਲਰ (ਰੋੜੀ ਕੁੱਟਣਾ) ਚੋਣ ਨਿਸ਼ਾਨ ਨਾਲ ਆਪਣੇ ਵਿਰੋਧੀਆਂ ਨੂੰ ਦੱਬਦਾ ਹੋਇਆ ਵੋਟਰਾਂ ਨਾਲ ਬਣਾਈ ਸਾਂਝ ਦੇ ਅਧਾਰ 'ਤੇ ਵੋਟ ਮੰਗ ਕਰਦਾ ਹੈ।ਨਿਰਮਲ ਸਿੰਘ ਨਿੰਮਾ ਖੰਗੂੜਾ (ਕਾਲਾ) ਇੱਕ ਆਮ ਕਿਸਾਨ ਪਰਿਵਾਰ ਵਿੱਚੋਂ ਹੈ।ਸ਼੍ਰੋਮਣੀ ਅਕਾਲੀ ਦਲ ਨਾਲ ਸਾਂਝ ਬਣੀ ਹੋਈ ਹੈ, ਪਰ ਜਦੋਂ ਦਾ ਅਕਾਲੀ ਦਲ ਪੰਜਾਬ ਦੇ ਲੋਕਾਂ ਦੀਆ ਨਜ਼ਰਾਂ ਵਿੱਚ ਗਿਰਿਆ ਹੈ।ਉਸ ਵੇਲੇ ਤੋਂ ਪੰਜਾਬ ਦੇ ਨੌਜਵਾਨਾਂ ਨੇ ਆਪਣੇ ਹੱਥ ਪਿੱਛੇ ਖਿੱਚ ਲਏ ਹਨ।ਨਿਰਮਲ ਸਿੰਘ ਅਜੇ ਤੱਕ ਵੋਟ ਪਰਚੀ ਵਾਲੀ ਚੋਣ ਤੋਂ ਨਿਰੋਲ ਸੀ।ਸਰਪੰਚੀ ਦੀ ਚੋਣ ਪਹਿਲੀ ਚੋਣ ਹੈ।ਨਿਰਮਲ ਸਿੰਘ ਇੱਕ ਸੋਸ਼ਲ ਵਰਕਰ ਦੇ ਤੌਰ 'ਤੇ ਲੋਕਾਂ ਵਿੱਚ ਵਿਚਰ ਰਿਹਾ ਹੈ, ਜੋ ਪੀਰ ਬਾਬਾ ਕੌਲੀ ਸ਼ਾਹ ਸਪੋਰਟਸ ਐਂਡ ਵੈਲਫੇਅਰ ਕਲੱਬ ਛਾਜਲੀ ਦਾ ਪ੍ਰਧਾਨ ਹੈ, ਜਿਸ ਦੀ ਉਸ ਨੂੰ ਪੂਰੀ ਸਪੋਟ ਹੈ।ਉਹ ਆਪਣੇ ਚੋਣ ਨਿਸ਼ਾਨ ਟਰੈਕਟਰ ਲਈ ਘਰ ਘਰ ਜਾ ਕੇ ਆਪਣੇ ਵੋਟਰਾਂ ਕੋਲੋਂ ਵੋਟ ਮੰਗ ਰਿਹਾ ਹੈ ।ਡਾਕਟਰ ਸਤਗੁਰ ਸਿੰਘ ਸੱਤੂ ਜੋ ਐਸ.ਸੀ. ਭਾਈਚਾਰੇ ਨਾਲ ਸੰਬੰਧ ਰੱਖਦਾ ਹੈ।ਪੜ੍ਹਿਆ ਲਿਖਿਆ ਸੂਝਵਾਨ ਨੌਜਵਾਨ ਹੈ, ਜੋ ਲੰਮੇ ਸਮੇਂ ਤੋ ਪੰਜਾਬ ਦੀ ਰਾਜਨੀਤੀ ਵਿੱਚ ਸਰਗਰਮ ਹੈ।ਪਿਛਲੇ ਪਲਾਨ ਵਿੱਚ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਰਿਹਾ ਹੈ, ਜਿਸ ਨੇ ਆਪਣੇ ਭਾਈਚਾਰੇ ਦੀ ਧਰਮਸ਼ਾਲਾਵਾਂ ਲਈ, ਪਾਰਕ ਲਈ, ਗਲੀਆਂ ਨਾਲੀਆਂ ਤੇ ਹੋਰ ਪਿੰਡ ਦੇ ਸਾਂਝੇ ਕੰਮਾਂ ਲਈ ਗ੍ਰਾਂਟਾ ਦੇ ਪੈਸਾ ਦੀ ਬਹੁਤ ਹੀ ਯੋਗ ਤਰੀਕੇ ਨਾਲ ਵਰਤੋਂ ਕੀਤੀ ਹੈ।
ਪਿੰਡ ਵਿੱਚ ਡਾਕਟਰ ਸਤਗੁਰ ਸਿੰਘ ਦਾ ਜਿੱਥੇ ਆਪਣੇ ਮਜ਼ਦੂਰ ਵਰਗ ਵਿੱਚ ਕਾਫ਼ੀ ਚੰਗਾ ਅਸਰ-ਰਸੂਖ ਹੈ, ਉੱਥੇ ਕਿਸਾਨੀ ਤੇ ਹੋਰ ਵਰਗਾਂ ਵਿੱਚ ਵੀ ਆਪਣਾ ਵੋਟ ਬੈਂਕ ਹੈ।ਗੱਲ ਤਾਂ ਇਹ ਦੇਖਣ ਵਾਲੀ ਹੈ ਕਿ ਜ਼ਮੀਨਾਂ ਜਾਇਦਾਦਾਂ ਵਾਲਿਆਂ ਨਾਲ ਇੱਕ ਬੇਜ਼ਮੀਨਾਂ ਮਜ਼ਦੂਰ ਵਰਗ 'ਚ ਉੱਠ ਕੇ ਟੱਕਰ ਲੈਣੀ ਜਵਾਨ ਦੇ ਹੌਸਲੇ ਨੂੰ ਦਾਦ ਦੇਣੀ ਬਣਦੀ ਹੈ।ਉਹ ਆਪਣੇ ਚੋਣ ਨਿਸ਼ਾਨ ਬਾਲਟੀ ਨੂੰ ਵੋਟਾਂ ਨਾਲ ਨੱਕੋ ਨੱਕ ਭਰਨ ਦੀ ਅਪੀਲ ਕਰਦਾ ਹੋਇਆ ਘਰ ਘਰ ਜਾ ਰਿਹਾ ਹੈ, ਪਰ ਇਸ ਪਿੰਡ ਦੀ ਸਰਪੰਚੀ ਐਮ.ਐਲ.ਏ.ਦੀ ਚੋਣ ਵਰਗੀ ਹੁੰਦੀ ਹੈ । ਕਰੋੜਾਂ ਰੁਪਏ ਖਰਚ ਕਰਕੇ ਸਰਪੰਚੀ ਪ੍ਰਾਪਤ ਕੀਤੀ ਜਾਣੀ ਹੈ।

# ਵੈਟਰਨਰੀ ਅਫ਼ਸਰਾਂ ਨੇ ਓ ਪੀ ਡੀ ਕੀਤੀ ਠੱਪ, ਪੋਲੀ ਕਲੀਨਿਕਾਂ 'ਚ ਕੀਤੇ ਰੋਸ ਮੁਜ਼ਾਹਰੇ

ਸਮਾਣਾ (ਗੁਰਪਿਆਰ ਸਿੰਘ ਬੱਲ)
ਵੈਟਰਨਰੀ ਡਾਕਟਰਾਂ ਵੱਲੋਂ ਮੈਡੀਕਲ ਅਫਸਰਾਂ ਦੀ ਤਨਖਾਹ ਬਰਾਬਰੀ ਬਹਾਲ ਕਰਨ ਦੀ ਮੰਗ ਨੂੰ ਲੈ ਕੇ ਪੰਜਾਬ ਸਰਕਾਰ ਦੇ ਅਵੇਸਲੇ ਰਵੱਈਏ ਤੋਂ ਦੁਖੀ ਵੈਟਰਨਰੀ ਡਾਕਟਰਾਂ ਨੇ 'ਜੁਆਇੰਟ ਐਕਸ਼ਨ ਕਮੇਟੀ ਫਾਰ ਪੇਅ ਪੈਰਿਟੀ' ਦੀ ਅਗਵਾਈ ਹੇਠ ਸੂਬੇ ਭਰ ਦੇ ਸਾਰੇ ਜ਼ਿਲ੍ਹਿਆਂ ਦੇ ਵੈਟਰਨਰੀ ਪੌਲੀਕਲੀਨਿਕਾਂ ਵਿੱਚ ਧਰਨੇ ਦਿੱਤੇ।ਪਸ਼ੂ ਹਸਪਤਾਲਾਂ ਵਿਚ ਸਾਰੇ ਇਲਾਜ, ਸਰਜਰੀਆਂ ਤੇ ਟੈਸਟਿੰਗ/ਖੂਨ ਅਤੇ ਹੋਰ ਨਮੂਨਿਆਂ ਦਾ ਕੰਮ ਦਿਨ ਲਈ ਮੁਅੱਤਲ ਕਰ ਦਿੱਤਾ ਗਿਆ ਸੀ। ਹਾਲਾਂਕਿ, ਐਮਰਜੈਂਸੀ ਤੇ ਵੈਟਰੋ ਲੀਗਲ ਕੇਸ ਅਟੈਂਡ ਕੀਤੇ ਗਏ।ਜ਼ਿਲ੍ਹੇ ਦੇ ਸਮੂਹ ਵੈਟਰਨਰੀ ਅਫਸਰ, ਸੀਨੀਅਰ ਵੈਟਰਨਰੀ ਅਫਸਰ, ਸਹਾਇਕ ਡਾਇਰੈਕਟਰ, ਡਿਪਟੀ ਡਾਇਰੈਕਟਰ ਅਤੇ ਸੇਵਾਮੁਕਤ ਪਸ਼ੂ ਪਾਲਣ ਅਫਸਰ ਇਸ 'ਇਕ ਦਿਨਾਂ ਮੁਜ਼ਾਹਰਿਆਂ' ਵਿੱਚ ਸ਼ਾਮਲ ਹੋਏ।ਇਕੱਠ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਸਰਕਾਰ ਵੱਲੋਂ ਢਿੱਲ-ਮੱਠ ਕਰਨ ਦੀਆਂ ਕੋਝੀਆਂ ਚਾਲਾਂ ਚੱਲਣ ਦੀ ਸਖ਼ਤ ਨਿਖੇਧੀ ਕੀਤੀ, ਜਿਸ ਕਾਰਨ ਵੈਟਰਨਰੀ ਅਫ਼ਸਰਾਂ ਦਾ ਸਮੁੱਚਾ ਕਾਡਰ ਡੂੰਘਾ ਦੁਖੀ ਹੈ ਤੇ ਮੰਗ ਕੀਤੀ ਕਿ ਡਾਕਟਰਾਂ ਨਾਲ ਉਨ੍ਹਾਂ ਦੀ ਚਾਰ ਦਹਾਕਿਆਂ ਤੋਂ ਪੁਰਾਣੀ ਸਮਾਨਤਾ ਨੂੰ ਤੁਰੰਤ ਬਹਾਲ ਕੀਤਾ ਜਾਵੇ।
ਉਨ੍ਹਾਂ ਨੇ ਯਾਦ ਦਿਵਾਇਆ ਕਿ ਸਰਕਾਰ ਨੇ ਪਹਿਲਾਂ ਵਿੱਤ ਮੰਤਰੀ ਨਾਲ ਜਥੇਬੰਦੀ ਦੀ ਮੀਟਿੰਗ 17 ਸਤੰਬਰ ਨੂੰ ਤੈਅ ਕੀਤੀ ਸੀ, ਪਰ ਐਨ ਮੌਕੇ 'ਤੇ ਅੱਗੇ ਪਾ ਦਿੱਤੀ ਗਈ, ਫਿਰ 27 ਸਤੰਬਰ ਨੂੰ ਮੰਤਰੀਆਂ ਦੀ ਸਬ ਕਮੇਟੀ ਨਾਲ ਮੀਟਿੰਗ ਤੈਅ ਕੀਤੀ ਗਈ, ਜਿਸ ਨੂੰ ਮੁੜ 22 ਅਕਤੂਬਰ 2024 ਤੱਕ ਮੁਲਤਵੀ ਕਰ ਦਿੱਤਾ ਗਿਆ।ਕਨਵੀਨਰ ਜੇਏਸੀ, ਡਾ. ਗੁਰਚਰਨ ਸਿੰਘ ਅਤੇ ਕੋ-ਕਨਵੀਨਰ ਡਾ. ਪੁਨੀਤ ਮਲਹੋਤਰਾ, ਡਾ. ਅਬਦੁਲ ਮਜੀਦ, ਡਾ: ਗੁਰਦੀਪ ਸਿੰਘ ਤੇ ਡਾ. ਹਰਮਨਦੀਪ ਸਿੰਘ ਨੇ ਮੀਟਿੰਗਾਂ ਨੂੰ ਵਾਰ-ਵਾਰ ਮੁਲਤਵੀ ਕਰਨ ਤੇ ਆਪਣੇ ਵਾਅਦਿਆਂ/ਵਾਅਦਿਆਂ 'ਤੇ ਕਾਇਮ ਨਾ ਰਹਿਣ ਲਈ ਮੌਜੂਦਾ ਸਰਕਾਰ ਦੀ ਆਲੋਚਨਾ ਕੀਤੀ।
ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਪੰਜਾਬ ਦੇ ਵੈਟਰਨਰੀ ਅਫ਼ਸਰਾਂ ਦੀਆਂ ਹੱਕੀ ਮੰਗਾਂ ਨੂੰ ਨਜ਼ਰਅੰਦਾਜ਼ ਕਰਨਾ ਬਹੁਤ ਹੀ ਮੰਦਭਾਗਾ ਹੈ। ਮੌਜੂਦਾ ਸਰਕਾਰ ਤੋਂ ਸਾਡਾ ਵਿਸ਼ਵਾਸ ਟੁੱਟਣ ਲੱਗਾ ਕਿਉਂਕਿ ਇਹ ਸਰਕਾਰ ਪਿਛਲੀ ਕਾਂਗਰਸ ਸਰਕਾਰ ਦੇ ਨਾਜਾਇਜ਼ ਕੀਤੇ ਕੰਮਾਂ ਨੂੰ ਠੀਕ ਕਰਨ ਵਿੱਚ ਵੀ ਦੇਰੀ ਕਰ ਰਹੀ ਹੈ।ਇਹ ਵੀ ਫੈਸਲਾ ਕੀਤਾ ਗਿਆ ਕਿ 21 ਅਕਤੂਬਰ ਨੂੰ ਵੀ ਇਸੇ ਤਰ੍ਹਾਂ ਇੱਕ ਹੋਰ ਰੋਸ ਧਰਨਾ ਦਿੱਤਾ ਜਾਵੇਗਾ ਤੇ ਉਸ ਦਿਨ ਪੰਜਾਬ ਵਿੱਚ ਐਮਰਜੈਂਸੀ ਕੇਸਾਂ ਨੂੰ ਛੱਡ ਕੇ ਓਪੀਡੀ ਸਮੇਤ ਸਾਰੇ ਕੰਮ ਬੰਦ ਰੱਖੇ ਜਾਣਗੇ ਅਤੇ ਰੋਸ ਮਾਰਚ ਵੀ ਕੀਤੇ ਜਾਣਗੇ।

# ਭਗਵਾਨ ਸ਼੍ਰੀ ਰਾਮ ਚੰਦਰ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ : ਪ੍ਰਧਾਨ ਨਰਿੰਦਰ, ਜੀਵਨ ਮਿੱਤਲ



ਸਮਾਣਾ (ਇਕਬਾਲ ਸਿੰਘ ਬੱਲ)-ਸ੍ਰੀ ਦੁਰਗਾ ਦਲ ਸੇਵਾ ਸਮਿਤੀ ਮੰਦਰ ਰਾਮ ਲੀਲਾ ਤੇ ਧਰਮਸ਼ਾਲਾ ਕਮੇਟੀ ਵੱਲੋਂ ਵੇਦ ਪ੍ਰਕਾਸ਼ ਕਾਂਸਲ ਦੀ ਪ੍ਰਧਾਨਗੀ ਵਿੱਚ ਮੰਦਰ ਰਾਮ ਲੀਲਾ ਵਿਖੇ ਸ੍ਰੀ ਦੁਰਗਾ ਰਾਮਾ ਡਰਾਮੈਟਿਕ ਕਲੱਬ ਦੇ ਕਲਾਕਾਰਾਂ ਵੱਲੋਂ ਡਾਇਰੈਕਟਰ ਰਿੰਕੂ ਚੋਪੜਾ ਦੀ ਅਗਵਾਈ ਹੋ ਰਹੀ ਰਾਮ ਲੀਲਾ ਦੇ ਮੰਚਨ ਦੇ ਪੰਜਵੇ ਦਿਨ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਨਰਿੰਦਰ ਗਰਗ, ਉਪ ਪ੍ਰਧਾਨ ਜੀਵਨ ਮਿੱਤਲ ਬਘਰੋਲ ਵਾਲੇ, ਪਵਨ ਕੁਮਾਰ ਧੂਰੀ ਜਨਰਲ ਸਕੱਤਰ, ਪਵਨ ਕੁਮਾਰ ਖਜਾਨਚੀ, ਸ਼ਿਵ ਕੁਮਾਰ ਮੰਗਾਂ ਨੇ ਕੀਤਾ।ਉਨ੍ਹਾਂ ਕਿਹਾ ਕਿ ਭਗਵਾਨ ਸ੍ਰੀ ਰਾਮ ਚੰਦਰ ਜੀ ਮਹਾਨ ਦੇਵਤਾ ਹਨ, ਜਿਨ੍ਹਾਂ ਨੇ ਮਰਿਆਦਾ 'ਤੇ ਚੱਲਦੇ ਹੋਏ ਲੋਕਾਂ ਨੂੰ ਸਾਦਗੀ ਨਾਲ ਜੀਵਨ ਜਿਊਣ ਲਈ ਜਾਣੂ ਕਰਾਇਆ।ਸਾਨੂੰ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ।ਰਾਮ ਲੀਲਾ ਦੇ ਪੰਜਵੇਂ ਦਿਨ ਦੁਰਗਾ ਰਾਮਾ ਡਰਾਮਾਟਿਕ ਕਲੱਬ ਦੇ ਕਲਾਕਾਰਾਂ ਦੁਆਰਾ ਰਾਵਣ ਦਰਬਾਰ ਤੇ ਰਾਵਣ ਮਾਰੀਚ ਦਾ ਸੀਨ ਕਲਾਕਾਰਾਂ ਵੱਲੋਂ ਬਾਖ਼ੂਬੀ ਪੇਸ਼ ਕੀਤਾ ਗਿਆ।'ਆਪ' ਆਗੂ ਸੁਨੈਨਾ ਮਿੱਤਲ, ਡਾ. ਸੁਰਜੀਤ ਦਈਆ, ਸੰਸਥਾ ਦੇ ਸੈਕਟਰੀ ਰਮਨ ਮਹਿੰਦਰਾ, ਰਵੀ ਗਰਗ ਟਿੰਮਾ, ਉਪ ਪ੍ਰਧਾਨ, ਪ੍ਰਦੀਪ ਸ਼ਰਮਾ, ਵਿਜੇ ਗਰਗ, ਰਮੇਸ਼ ਅਨੇਜਾ, ਹੈਪੀ ਸ਼ਰਮਾ, ਪ੍ਰਵੀਨ ਗਰਗ ਟੀਟੂ, ਨੀਟਾ ਸ਼ਰਮਾ, ਸੋਮਨਾਥ ਸੱਗੂ, ਮਨਜੀਤ ਸਿੰਘ ਜੇ ਈ ਸੁਨੀਲ ਸਿੰਗਲਾ, ਦੇਸ ਰਾਜ ਕੋਚ, ਸੰਜੇ ਬਾਂਸਲ, ਸੁਰਿੰਦਰ ਸ਼ਰਮਾ ਤੇ ਇੰਦਰਜੀਤ ਸੱਗੂ ਆਦਿ ਮੌਜੂਦ ਸਨ।ਸਟੇਜ ਸੈਕਟਰੀ ਦੀ ਭੂਮਿਕਾ ਸਤਿੰਦਰ ਲਾਲ ਨੇ ਨਿਭਾਈ।

# ਵਪਾਰੀਆਂ ਨੂੰ ਆਤਮਹੱਤਿਆ ਕਰਨ ਦੇ ਰਾਹ ਤੁਰਨ ਲਈ ਮਜਬੂਰ ਨਾ ਕਰੇ ਆਮਦਨ ਕਰ ਵਿਭਾਗ : ਵਪਾਰ ਮੰਡਲ



ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)
ਵਪਾਰ ਮੰਡਲ ਪੰਜਾਬ ਨੇ ਮੁੱਖ ਮੰਤਰੀ ਕੈਂਪ ਦਫ਼ਤਰ ਦੇ ਇੰਚਾਰਜ ਅਤੇ ਮਾਰਕਿਟ ਕਮੇਟੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੂੰ ਪੰਜਾਬ ਦੇ ਮੁੱਖ ਮੰਤਰੀ ਤੇ ਹਲਕਾ ਧੂਰੀ ਦੇ ਬਤੌਰ ਵਿਧਾਇਕ ਨੁਮਾਇੰਦਗੀ ਕਰ ਰਹੇ ਭਗਵੰਤ ਮਾਨ ਨੂੰ ਮੰਗ ਪੱਤਰ ਸੌਂਪ ਕੇ ਆਮਦਨ ਕਰ ਵਿਭਾਗ ਵੱਲੋਂ ਦੁਕਾਨਦਾਰਾਂ ਦੇ ਬਿਲਾਂ ਦੀ ਚੈਕਿੰਗ ਦੇ ਆੜ ਹੇਠ ਕੀਤੀ ਜਾ ਰਹੀ ਖੱਜਲ ਖੁਆਰੀ ਨੂੰ ਬੰਦ ਕਰਨ ਦੀ ਮੰਗ ਕੀਤੀ ਹੈ। ਵਪਾਰ ਮੰਡਲ ਪੰਜਾਬ ਦੇ ਪ੍ਰਧਾਨ ਅਮਨ ਗਰਗ, ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੇ ਜ਼ਿਲ੍ਹਾ ਜਨਰਲ ਸਕੱਤਰ ਹੰਸ ਰਾਜ ਬਜਾਜ ਨੇ ਕਿਹਾ ਕਿ ਆਮਦਨ ਕਰ ਵਿਭਾਗ ਵੱਲੋਂ ਇਨ੍ਹੀਂ ਦਿਨੀਂ ਵਪਾਰੀਆਂ ਦੀ ਚੈਕਿੰਗ ਦੀ ਆੜ ਹੇਠ ਮੋਟੇ ਜੁਰਮਾਨੇ ਕੀਤੇ ਜਾ ਰਹੇ ਹਨ, ਜਿਸ ਕਾਰਨ ਸਮੂਹ ਵਪਾਰੀਆਂ ਵਿੱਚ ਰੋਸ ਦੀ ਲਹਿਰ ਹੈ।ਦੀਵਾਲੀ ਦਾ ਤਿਉਹਾਰ ਸ਼ੁਰੂ ਹੋਣ ਵਾਲਾ ਹੈ।ਹਰੇਕ ਵਪਾਰੀ ਪੜ੍ਹਿਆ ਲਿਖਿਆ ਨਹੀਂ ਹੈ ਅਤੇ ਨਾ ਹੀ ਹਰੇਕ ਵਪਾਰੀ ਦਾ ਕੰਮਕਾਜ ਸਹੀ ਚੱਲ ਰਿਹਾ ਹੈ।ਦੁਕਾਨਦਾਰੀਆਂ ਸਿਰਫ਼ ਗੁਜ਼ਾਰੇ ਦਾ ਸਾਧਨ ਬਣ ਕੇ ਰਹਿ ਗਈਆਂ ਹਨ, ਕਿਉਂਕਿ ਆਰਥਿਕ ਮੰਦਹਾਲੀ ਤੇ ਮਹਿੰਗਾਈ ਨੇ ਵਪਾਰੀਆਂ ਦਾ ਲੱਕ ਤੋੜਕੇ ਰੱਖ ਦਿੱਤਾ ਹੈ।ਉਨ੍ਹਾਂ ਕਿਹਾ ਕਿ ਵਪਾਰੀ ਵਰਗ ਤੋਂ ਤਾਂ ਬੈਂਕਾਂ ਦਾ ਵਿਆਜ ਹੀ ਨਹੀਂ ਉੱਤਰ ਰਿਹਾ, ਕਿਉਂਕਿ ਹਰੇਕ ਵਪਾਰੀ ਨੇ ਆਪਣਾ ਕੰਮਕਾਰ ਚਲਾਉਣ ਲਈ ਬੈਂਕਾ ਤੋਂ ਕਰਜ਼ੇ ਲਏ ਹੋਏ ਹਨ।ਉਨ੍ਹਾਂ ਮੰਗ ਕੀਤੀ ਕਿ ਆਬਕਾਰੀ ਤੇ ਕਰ ਵਿਭਾਗ ਨੂੰ ਵਪਾਰੀਆਂ ਨੂੰ ਤੰਗ ਪ੍ਰੇਸ਼ਾਨ ਕਰਨ ਤੋਂ ਰੋਕਿਆ ਜਾਵੇ ਤਾਂ ਜੁ ਆਰਥਿਕ ਮੰਦਹਾਲੀ ਅਤੇ ਮਹਿੰਗਾਈ ਦਾ ਝੰਬਿਆ ਤੇ ਕਰਜ਼ਿਆਂ ਦੀ ਪੰਡ ਦਾ ਵਜ਼ਨ ਆਪਣੇ ਸਿਰ 'ਤੇ ਲੈ ਸਰਕਾਰ ਦੇ ਟੈਕਸ ਕੁਲੈਕਟਰ ਵਜੋਂ ਕੰਮ ਕਰ ਰਿਹਾ ਵਪਾਰੀ ਕਿਸਾਨ ਵਰਗ ਦੀ ਤਰ੍ਹਾ ਖੁਦਕਸ਼ੀਆਂ ਦੇ ਰਾਹ ਨਾ ਤੁਰੇ।ਇਸ ਮੌਕੇ ਰਜਨੀਸ਼ ਗਰਗ ਤੇ ਜੋਨੀ ਕੁਮਾਰ ਵੀ ਹਾਜਰ ਸਨ।

# ਪੀ ਜੀ ਆਈ 'ਚ ਮਹਿਲਾ ਡਾਕਟਰ ਨਾਲ ਕੁੱਟਮਾਰ, ਐਮਰਜੈਂਸੀ ਸੇਵਾਵਾਂ ਠੱਪ, ਮਰੀਜ਼ ਦੀ ਮੌਤ

ਸਮਰਾਲਾ (ਸੁਰਜੀਤ ਸਿੰਘ)-ਪੀਜੀਆਈ ਚੰਡੀਗੜ੍ਹ 'ਚ ਉਸ ਸਮੇਂ ਹੰਗਾਮਾ ਹੋ ਗਿਆ, ਜਦੋਂ ਇਕ ਮਰੀਜ਼ ਦੇ ਨਾਲ ਆਏ ਪਰਵਾਰਕ ਮੈਂਬਰਾਂ ਨੇ ਪੀਜੀਆਈ ਦੀ ਮਹਿਲਾ ਡਾਕਟਰ ਦੀ ਕੁੱਟਮਾਰ ਕਰ ਦਿੱਤੀ।ਪੀਜੀਆਈ ਵਿੱਚ ਐਮਰਜੈਂਸੀ ਡਿਊਟੀ ਦੌਰਾਨ ਇੱਕ ਮਹਿਲਾ ਡਾਕਟਰ ਨਾਲ ਕੁੱਟਮਾਰ ਕੀਤੇ ਜਾਣ ਤੋਂ ਬਾਅਦ ਮਾਮਲਾ ਭਖ ਗਿਆ ਹੈ।ਇਸ ਘਟਨਾ ਤੋਂ ਬਾਅਦ ਐਮਰਜੈਂਸੀ 'ਚ ਡਾਕਟਰਾਂ ਨੇ ਕੰਮ ਬੰਦ ਕਰ ਦਿੱਤਾ ਹੈ।ਮਾਮਲਾ ਏਨਾ ਭਖ ਗਿਆ ਕਿ ਡਾਕਟਰਾਂ ਨੇ ਮਰੀਜ਼ਾਂ ਦਾ ਇਲਾਜ ਕਰਨ ਤੋਂ ਇਨਕਾਰ ਕਰ ਦਿੱਤਾ।ਐਮਰਜੈਂਸੀ ਵਿੱਚ ਦਾਖ਼ਲ ਮਰੀਜ਼ਾਂ ਨੂੰ ਰਾਤ 8 ਵਜੇ ਤੋਂ ਬਾਅਦ ਇਲਾਜ ਨਹੀਂ ਮਿਲ ਰਿਹਾ।ਦੇਰ ਰਾਤ ਤੱਕ ਡਾਕਟਰਾਂ ਦਾ ਧਰਨਾ ਜਾਰੀ ਰਿਹਾ।ਕਰੀਬ ਤਿੰਨ ਘੰਟਿਆਂ ਤੋਂ ਐਮਰਜੈਂਸੀ ਵਿੱਚ ਨਵੇਂ ਮਰੀਜ਼ ਦਾਖ਼ਲ ਨਹੀਂ ਹੋ ਰਹੇ।ਐਮਰਜੈਂਸੀ ਦੇ ਮੁੱਖ ਗੇਟ 'ਤੇ ਤਾਇਨਾਤ ਸੁਰੱਖਿਆ ਕ੍ਰਮਚਾਰੀ ਕਿਸੇ ਨੂੰ ਵੀ ਅੰਦਰ ਨਹੀਂ ਜਾਣ ਦੇ ਰਹੇ।ਐਮਰਜੈਂਸੀ ਦੇ ਬਾਹਰ ਮਰੀਜ਼ਾਂ ਦੀ ਕਤਾਰ ਲੱਗੀ ਹੋਈ ਹੈ।ਮਰੀਜ਼ ਸਟਰੈਚਰ 'ਤੇ ਰੁਲ ਰਹੇ ਹਨ।ਸਥਿਤੀ ਵਿਗੜਦੀ ਜਾ ਰਹੀ ਹੈ।ਇਲਾਜ ਨਾ ਮਿਲਣ ਕਾਰਨ ਇੱਕ ਮਰੀਜ਼ ਦੀ ਮੌਤ ਹੋਣ ਦੀ ਸੂਚਨਾ ਹੈ।ਡਾਕਟਰਾਂ ਦੀ ਮੰਗ ਹੈ ਕਿ ਜਦੋਂ ਤੱਕ ਡਾਕਟਰ ਨਾਲ ਕੁੱਟਮਾਰ ਕਰਨ ਵਾਲੀ ਔਰਤ ਖਿਲਾਫ ਪੁਲਸ ਸ਼ਿਕਾਇਤ ਦਰਜ ਨਹੀਂ ਕੀਤੀ ਜਾਂਦੀ, ਉਦੋਂ ਤੱਕ ਉਹ ਕੰਮ 'ਤੇ ਨਹੀਂ ਪਰਤਣਗੇ।



# ਦੇਸ਼ ਭਗਤ ਗਲੋਬਲ ਸਕੂਲ 'ਚ ਦੋ ਰੋਜ਼ਾ ਸੀ ਬੀ ਐੱਸ ਈ ਇੰਡਕਸ਼ਨ ਪ੍ਰੋਗਰਾਮ




ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)
ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਦੇਸ਼ ਭਗਤ ਯੂਨਾਈਟਡ ਗਰੁੱਪ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਚੱਲ ਰਹੇ ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਅਤੇ ਵਾਈਸ ਪ੍ਰਿੰਸੀਪਲ ਪਰਮਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਦੇਸ਼ ਭਗਤ ਗਲੋਬਲ ਸਕੂਲ ਵਿਖੇ 2 ਦਿਨਾ ਫੈਕਲਟੀ ਇੰਡਕਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ ਤਾਂ ਜੁ ਫੈਕਲਟੀ ਨੂੰ ਤਾਜ਼ਾ ਕੀਤਾ ਜਾ ਸਕੇ ਅਤੇ ਅਕਾਦਮਿਕ ਖੇਤਰ ਵਿੱਚ ਅਪਣਾਏ ਜਾਣ ਵਾਲੇ ਪ੍ਰਭਾਵਸ਼ਾਲੀ ਅਕਾਦਮਿਕ ਅਭਿਆਸਾਂ ਤੋਂ ਜਾਣੂ ਕਰਾਇਆ ਜਾ ਸਕੇ।ਪ੍ਰੋਗਰਾਮ ਦੀ ਸ਼ੁਰੂਆਤ (ਸੀ ਬੀ ਐਸ ਈ ਰਿਸੋਰਸ ਪਰਸਨਜ਼) ਪ੍ਰਿੰਸੀਪਲ ਡਾ. ਰਾਜਨ ਛਾਬੜਾ ਤੇ ਪ੍ਰਿੰਸੀਪਲ ਮਿਸਿਜ਼ ਗੌਰੀ ਛਾਬੜਾ ਵੱਲੋਂ ਅਧਿਆਪਕਾਂ ਦੀ ਹੌਸਲਾ ਅਫ਼ਜਾਈ ਕਰਨ ਲਈ ਮੁੱਢਲੀ ਜਾਣ ਪਛਾਣ ਨਾਲ ਕੀਤੀ ਗਈ, ਜਿਸ ਨੇ ਅਧਿਆਪਕਾਂ ਲਈ ਇੱਕ ਨਵੀਂ ਸਮਝ ਪ੍ਰਦਾਨ ਕੀਤੀ।ਉਨ੍ਹਾਂ ਸੀ ਬੀ ਐਸ ਈ ਦੇ ਸਾਰੇ ਨਿਯਮਾਂ ਤੇ ਉਪਨਿਯਮਾਂ ਬਾਰੇ ਅਧਿਆਪਕਾਂ ਨੂੰ ਜਾਗਰੂਕ ਕੀਤਾ।ਡਾਕਟਰ ਰਾਜਨ ਛਾਬੜਾ ਨੇ ਕਿਹਾ ਕਿ ਇੰਡਕਸ਼ਨ ਪ੍ਰੋਗਰਾਮ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸਕੂਲ ਦੇ ਮਾਹੌਲ 'ਚ ਅਨੁਕੂਲ ਹੋਣ ਤੇ ਅਰਾਮਦਾਇਕ ਮਹਿਸੂਸ ਕਰਨ ਵਿਚ ਮਦਦ ਕਰਦਾ ਹੈ।ਉਨ੍ਹਾਂ ਵਿਚ ਸੰਸਥਾ ਦੇ ਚਰਿੱਤਰ ਅਤੇ ਸੱਭਿਆਚਾਰ ਦਾ ਵਿਕਾਸ ਕਰਨਾ, ਉਨ੍ਹਾਂ ਨੂੰ ਦੂਜੇ ਵਿਦਿਆਰਥੀਆਂ ਅਤੇ ਫੈਕਲਟੀ ਨਾਲ ਸਬੰਧ ਬਣਾਉਣ 'ਚ ਮਦਦ ਕਰਨਾ ਤੇ ਉਨ੍ਹਾਂ ਨੂੰ ਵੱਡੇ ਉਦੇਸ਼ ਅਤੇ ਸਵੈ-ਪੜਚੋਲ ਦੀ ਭਾਵਨਾ ਨਾਲ ਜਾਣੂ ਕਰਾਉਣਾ ਸ਼ਾਮਲ ਹੈ।ਪ੍ਰਿੰਸੀਪਲ ਮਿਸਿਜ ਗੌਰੀ ਛਾਬੜਾ ਨੇ ਕਿਹਾ ਕਿ ਸਾਰੀ ਸਿੱਖਿਆ ਬੱਚੇ ਨੂੰ ਧਿਆਨ ਵਿੱਚ ਰੱਖ ਕੇ ਹੋਣੀ ਜ਼ਰੂਰੀ ਹੈ।ਸਕੂਲ ਪ੍ਰਿੰਸੀਪਲ ਡਾਕਟਰ ਜਿੰਦਲ ਨੇ ਕਿਹਾ ਕਿ ਪ੍ਰੋਗਰਾਮ ਦੇ ਉਦੇਸ਼ ਫੈਕਲਟੀ ਨੂੰ ਸਿੱਖਿਆ ਵਿੱਚ ਉਨ੍ਹਾਂ ਦੀਆਂ ਭੂਮਿਕਾਵਾਂ ਤੇ ਜ਼ਿੰਮੇਵਾਰੀਆਂ ਨੂੰ ਸਮਝਣ ਤੇ ਜ਼ਰੂਰੀ ਪੇਸ਼ੇਵਰ ਹੁਨਰ, ਯੋਗਤਾਵਾਂ ਤੇ ਰਵੱਈਏ ਪ੍ਰਦਾਨ ਕਰਨ ਦੇ ਯੋਗ ਬਣਾਉਣਾ ਸੀ।ਉਨ੍ਹਾਂ ਕਿਹਾ ਕਿ ਪ੍ਰੋਗਰਾਮ ਨੇ ਭਾਗੀਦਾਰਾਂ ਨੂੰ ਸਕੂਲ ਦੇ ਢਾਂਚੇ, ਕੰਮਕਾਜ, ਸ਼ਾਸਨ, ਨਿਯਮਾਂ ਨੂੰ ਸਮਝਣ ਵਿੱਚ ਮਦਦ ਕੀਤੀ ਅਤੇ ਉਨ੍ਹਾਂ ਨੂੰ ਸਕੂਲ ਦੇ ਸੰਭਾਵੀ ਭਾਈਵਾਲ ਬਣਨ ਲਈ ਤਿਆਰ ਕੀਤਾ।ਪ੍ਰੋਗਰਾਮ ਨੇ ਸਿੱਖਿਆ ਸ਼ਾਸਤਰੀ ਸਾਧਨਾਂ ਅਤੇ ਤਕਨੀਕਾਂ ਬਾਰੇ ਗੱਲ ਕੀਤੀ ਜਿਨ੍ਹਾਂ ਦੀ ਵਰਤੋਂ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਕੀਤੀ ਜਾ ਸਕਦੀ ਹੈ।

## ਜੋਗਿੰਦਰ ਸਿੰਘ ਪੋਲਾ ਦੂਜੀ ਵਾਰ ਸਰਬਸੰਮਤੀ ਨਾਲ ਸਰਪੰਚ ਬਣੇ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬੇਟ ਇਲਾਕੇ ਦੇ ਪਿੰਡ ਸ਼ੇਰਪੁਰ ਬਸਤੀ ਦੇ ਵਸਨੀਕਾਂ ਵੱਲੋਂ ਦੂਜੀ ਵਾਰ ਫਿਰ ਪੰਚਾਇਤ ਚੋਣਾਂ 'ਚ ਇਕਜੁਟਤਾ ਦਿਖਾਉਂਦਿਆਂ ਸਰਬਸੰਮਤੀ ਕਰਦਿਆਂ ਜੋਗਿੰਦਰ ਸਿੰਘ ਪੋਲਾ ਨੂੰ ਸਰਪੰਚ ਬਣਾ ਦਿੱਤਾ ਗਿਆ ਹੈ। ਪਿੰਡ ਵਿੱਚ ਰੱਖੇ ਇਕੱਠ ਦੌਰਾਨ ਜੋਗਿੰਦਰ ਸਿੰਘ ਪੋਲਾ ਦੀਆਂ ਪਿੰਡ ਪ੍ਰਤੀ ਵਧੀਆ ਸੇਵਾਵਾਂ ਨੂੰ ਦੇਖਦਿਆਂ ਮੁੜ ਤੋਂ ਸਰਪੰਚ ਚੁਣ ਲਿਆ ਗਿਆ। ਇਸ ਤੋਂ ਇਲਾਵਾ ਜਸਵੀਰ ਕੌਰ, ਸ਼ਿੰਗਾਰਾ ਰਾਮ, ਰਣਜੀਤ ਸਿੰਘ, ਬੂਟਾ ਕੁਮਾਰ, ਜਰਨੈਲ ਸਿੰਘ, ਗੁਰਨਾਮ ਕੌਰ, ਕੁਲਵਿੰਦਰ ਕੌਰ ਪੰਚਾਇਤ ਮੈਂਬਰ ਚੁਣੇ ਗਏ। ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਨਵੇਂ ਚੁਣੇ ਸਰਪੰਚ ਜੋਗਿੰਦਰ ਸਿੰਘ ਪੋਲਾ ਨੇ ਕਿਹਾ ਕਿ ਉਨ੍ਹਾਂ ਨੂੰ ਸਮੂਹ ਪਿੰਡ ਵਾਸੀਆਂ ਨੇ ਏਕਤਾ ਦਾ ਸਬੂਤ ਦਿੰਦਿਆਂ ਵੱਡਾ ਮਾਣ ਬਖ਼ਸ਼ਿਆ ਹੈ ਤੇ ਉਹ ਪਿੰਡ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ।

## ਸਰਬਸੰਮਤੀ ਨਾਲ ਅਕਬਰਪੁਰ ਖੁਡਾਲ ਦੀ ਪੰਚਾਇਤ ਚੁਣੀ



**ਬਰੇਟਾ (ਰੀਤਵਾਲ)**-ਹਲਕਾ ਬੁਢਲਾਡਾ ਦੇ ਪਿੰਡ ਅਕਬਰਪੁਰ ਖੁਡਾਲ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਰਬਸੰਮਤੀ ਨਾਲ ਪੂਰੀ ਪੰਚਾਇਤ ਚੁਣੀ ਗਈ।ਪੰਚਾਇਤੀ ਚੋਣਾਂ ਦੇ ਐਲਾਨ ਮਗਰੋਂ ਪਿੰਡ ਵਾਸੀਆਂ ਨੇ ਪ੍ਰਵੀਨ ਪਤਨੀ ਅਲੀਖਾਨ ਪ੍ਰਧਾਨ ਟਰੱਕ ਯੂਨੀਅਨ ਬਰੇਟਾ ਨੂੰ ਸਰਬਸੰਮਤੀ ਨਾਲ ਪਿੰਡ ਦੀ ਸਰਪੰਚ ਅਤੇ ਸਾਰੇ ਹੀ 9 ਵਾਰਡਾਂ ਵਿੱਚ ਪੰਚਾਂ ਨੂੰ ਚੁਣਿਆ ਜਾਵੇਗਾ। ਸਮਾਜ ਸੇਵੀ ਮਾਸਟਰ ਜਸਵੀਰ ਸਿੰਘ ਨੇ ਦੱਸਿਆ ਕਿ ਪਿੰਡ ਅੰਦਰ ਆਪਸੀ ਇਤਫ਼ਾਕ ਤੇ ਭਾਈਚਾਰਾ ਕਾਇਮ ਕਰਕੇ ਪਿੰਡ ਨੂੰ ਵਿਕਾਸ ਦੀ ਪਟੜੀ 'ਤੇ ਚਾੜ੍ਹਿਆ ਜਾਵੇਗਾ।ਇਸ ਮੌਕੇ ਪੰਚ ਸਤਿਗੁਰ ਸਿੰਘ, ਬਬਲੀ ਸਿੰਘ, ਬਿੱਟੂ ਸ਼ਰਮਾ, ਸੋਨੀਆ, ਬੇਅੰਤ ਕੌਰ, ਸੁਰਜੀਤ ਕੌਰ, ਪਰਮਜੀਤ ਕੌਰ, ਅਮਨਦੀਪ ਸ਼ਰਮਾ, ਸਾਬਕਾ ਪੰਚ ਹਜ਼ਾਰਾ ਸਿੰਘ ਆਦਿ ਹਾਜ਼ਰ ਸਨ।

## ਅਨਮੋਲ ਰੂੰਮੀ ਨੇ ਵਿਰੋਧੀ ਉਮੀਦਵਾਰਾਂ ਨੂੰ ਪਛਾੜਿਆ



**ਹਠੂਰ/ਜਗਰਾਉਂ (ਨਛੱਤਰ ਸੰਧੂ)**-ਪਿੰਡ ਰੂੰਮੀ ਵਿੱਚ ਆਜ਼ਾਦ ਉਮੀਦਵਾਰ ਅਨਮੋਲ ਰੂੰਮੀ ਦੇ ਹੱਕ ਚ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਭਰਮੀ ਮੀਟਿੰਗ ਕੀਤੀ।ਅਨਮੋਲ ਰੂੰਮੀ ਦੀਆਂ ਸਮਾਜ ਸੇਵੀ ਗਤੀਵਿਧੀਆਂ ਨੂੰ ਧਿਆਨ ਵਿੱਚ ਰੱਖਦਿਆਂ ਸਰਪੰਚ ਲਈ ਉਮੀਦਵਾਰ ਐਲਾਨ ਦਿੱਤਾ।ਪਿੰਡ ਵਾਸੀਆਂ ਨੇ ਕਿਹਾ ਕਿ ਅਨਮੋਲ ਰੂੰਮੀ ਹਰ ਪਿੰਡ ਵਾਸੀ ਦੇ ਦੁੱਖ-ਸੁੱਖ ਵਿੱਚ ਹਾਜ਼ਰੀ ਭਰਦੇ ਹਨ, ਪਿੰਡ ਦੇ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਹਨ ਤੇ ਇਲਾਕੇ ਵਿੱਚ ਵੀ ਚੰਗੀ ਪਛਾਣ ਰੱਖਦੇ ਹਨ, ਜਿਸ ਕਰਕੇ ਉਹ ਸਰਪੰਚੀ ਦੇ ਯੋਗ ਉਮੀਦਵਾਰ ਹਨ।ਪਿੰਡ ਵਾਸੀਆਂ ਨੇ ਸਿਰੋਪਾਓ ਦੀ ਬਖਸ਼ਿਸ਼ ਕਰਦਿਆਂ ਪਿੰਡ ਰੂੰਮੀ ਤੋਂ ਸਰਪੰਚ ਲਈ ਉਮੀਦਵਾਰ ਐਲਾਨ ਦਿੱਤਾ।

## ਗੁਰੂ ਨਾਨਕ ਨੈਸ਼ਨਲ ਕਾਲਜ 'ਚ ਲੇਖ ਰਚਨਾ ਮੁਕਾਬਲੇ ਕਰਾਏ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੇ ਪੋਸਟ ਗ੍ਰੈਜੂਏਟ ਕਾਮਰਸ ਤੇ ਬਿਜ਼ਨੈੱਸ ਐਡਮੀਨੀਸਟ੍ਰੇਸ਼ਨ ਵਿਭਾਗ ਵੱਲੋਂ ਵਿਭਾਗ ਮੁਖੀ ਪ੍ਰੋ. ਰਣਜੀਤ ਕੌਰ ਦੀ ਅਗਵਾਹੀ ਹੇਠ ਲੇਖ ਰਚਨਾ ਪ੍ਰਤੀਯੋਗਤਾ ਕਰਾਈ ਗਈ।ਪ੍ਰੋ. ਗੁਰਪ੍ਰੀਤ ਕੌਰ, ਪ੍ਰੋ, ਅਮਨਦੀਪ ਕੌਰ ਤੇ ਪ੍ਰੋ. ਹਿਨਾ ਰਾਣੀ ਵੱਲੋਂ ਆਰਟੀਫਿਸ਼ਿਅਲ ਇਟੈਲੀਜੈਂਸ ਦਾ ਸਾਡੇ ਜੀਵਨ ਉਤੇ ਪ੍ਰਭਾਵ, ਭਾਰਤ ਵਿੱਚ ਲਿੰਗ ਸਮਾਨਤਾ ਨੂੰ ਕਿਵੇਂ ਪ੍ਰਾਪਤ ਕੀਤਾ ਜਾਵੇ ਤੇ ਵਿਦਿਆਰਥੀ ਜੀਵਨ ਵਿੱਚ ਨੈਤਿਕ ਮੁੱਲਾਂ ਦੀ ਮਹੱਤਤਾ ਵਿਸ਼ਿਆਂ 'ਤੇ ਇਹ ਪ੍ਰਤੀਯੋਗਤਾ ਕਰਾਈ, ਜਿਸ ਵਿੱਚ ਬੀ.ਕਾਮ. ਬੀ.ਬੀ.ਏ. ਤੇ ਐੱਮ-ਕਾਮ ਦੇ ਕੁੱਲ 25 ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚ ਗੁਰਪ੍ਰੀਤ ਕੌਰ (ਬੀ.ਬੀ.ਏ. ਭਾਗ ਪਹਿਲਾ) ਤੇ ਸਿਮਰਨਜੋਤ ਕੌਰ (ਬੀ.ਕਾਮ ਭਾਗ ਪਹਿਲਾਂ) ਦੀਆਂ ਵਿਦਿਆਰਥਣਾਂ ਨੇ ਸਾਂਝੇ ਤੌਰ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ।ਨਿਸ਼ਾ ਕਪਿਲਾ (ਬੀ.ਕਾਮ ਭਾਗ ਦੂਜਾ) ਨੇ ਦੂਜਾ ਸਥਾਨ ਤੇ ਖੁਸ਼ਾਲ ਕੁਮਾਰ (ਬੀ.ਕਾਮ ਭਾਗ ਦੂਜਾ) ਨੇ ਤੀਜਾ ਸਥਾਨ ਹਾਸਿਲ ਕੀਤਾ।ਕਾਲਜ ਦੇ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਕਾਮਰਸ ਅਤੇ ਬਿਜਨਸ ਐਡਮੀਨੀਸਟ੍ਰੇਸ਼ਨ ਵਿਭਾਗ ਨੂੰ ਇਸ ਉਪਰਾਲੇ ਲਈ ਮੁਬਾਰਕਬਾਦ ਦਿੱਤੀ ਤੇ ਭਵਿੱਖ ਵਿੱਚ ਵੀ ਅਜਿਹੇ ਮੁਕਾਬਲੇ ਆਯੋਜਤ ਕਰਨ ਲਈ ਉਤਸ਼ਾਹਤ ਕੀਤਾ।

## ਸਾਜਨ ਕਾਂਗੜਾ ਸਰਬਸੰਮਤੀ ਨਾਲ ਬਣੇ ਵਾਲਮੀਕਿ ਸਭਾ ਦੇ ਪ੍ਰਧਾਨ



**ਸੰਗਰੂਰ (ਪ੍ਰਵੀਨ ਸਿੰਘ)**-ਭਗਵਾਨ ਵਾਲਮੀਕਿ ਨੌਜਵਾਨ ਸਭਾ ਸੁੰਦਰ ਬਸਤੀ ਸੰਗਰੂਰ ਦੀ ਨਵੀਂ ਕਮੇਟੀ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ, ਜਿਸ ਵਿੱਚ ਨੌਜਵਾਨ ਆਗੂ ਸ਼੍ਰੀ ਸਾਜਨ ਕਾਂਗੜਾ ਪੁੱਤਰ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਨੂੰ ਸਰਬਸੰਮਤੀ ਨਾਲ ਪ੍ਰਧਾਨ ਨਿਯੁਕਤ ਕੀਤਾ ਗਿਆ ਤੇ ਬਾਕੀ ਕਮੇਟੀ ਦੀ ਚੋਣ ਵੀ ਇਸ ਪ੍ਰਕਾਰ ਕੀਤੀ ਗਈ, ਜਿਸ ਵਿੱਚ ਸ਼੍ਰੀ ਵਿਕਾਸ ਕੁਮਾਰ ਵਿੱਕੀ ਵਾਇਸ ਪ੍ਰਧਾਨ, ਸ਼੍ਰੀ ਰਫ਼ੀ ਸਿੰਘ ਖ਼ਜ਼ਾਨਚੀ ਤੇ ਸ਼੍ਰੀ ਸੱਤਪਾਲ ਸਿੰਘ ਸੱਤੂ ਨੂੰ ਸਕੱਤਰ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਸੀਨੀਅਰ ਮੈਂਬਰਾਂ ਵਿੱਚ ਅਮ੍ਰਿਤ ਸਿੰਘ, ਸ਼ੇਖਰ ਕੁਮਾਰ, ਰੋਹਿਤ ਕੁਮਾਰ, ਅਕਾਸ਼ ਕੁਮਾਰ,ਅਨੀ, ਕ੍ਰਿਸ਼ਨ (ਕਚਨ), ਗਗਨ ਕੁਮਾਰ, ਰਾਣਾ ਬਾਲੂ, ਜਗਸੀਰ ਸਿੰਘ ਜੱਗਾ, ਰੇਸ਼ਮ ਨਾਲ, ਕ੍ਰਿਸ਼ਨ (ਕਾਲੀਆਂ), ਜਤਿੰਦਰ ਗਿੱਲ ਕਾਗੋ, ਗੱਗੀ ਅਤੇ ਪ੍ਰਦੀਪ ਕੁਮਾਰ ਨੂੰ ਚੁਣ ਲਿਆ ਗਿਆ। ਨਵ ਨਿਯੁਕਤ ਪ੍ਰਧਾਨ ਸ਼੍ਰੀ ਸਾਜਨ ਕਾਂਗੜਾ ਨੇ ਕਿਹਾ ਕਿ ਜੋ ਉਨ੍ਹਾਂ ਤੇ ਸਮੂਹ ਨਗਰ ਅਤੇ ਸਮਾਜ ਵੱਲੋਂ ਵਿਸ਼ਵਾਸ ਜਤਾਉਂਦੇ ਹੋਏ ਜ਼ਿੰਮੇਵਾਰੀ ਦਿੱਤੀ ਹੈ, ਉਹ ਇਸ ਨੂੰ ਤਨ, ਮਨ ਨਾਲ ਨਿਭਾਉਣਗੇ ਤੇ ਹਮੇਸ਼ਾ ਆਪਣੀ ਟੀਮ ਨੂੰ ਨਾਲ ਲੈ ਕੇ ਸਮਾਜ ਅਤੇ ਨਗਰ ਦੀ ਭਲਾਈ ਯਤਨਸ਼ੀਲ ਰਹਿਣਗੇ।

## ਪੱਤਰਕਾਰ ਜਵੰਦਾ ਨੂੰ ਮਾਣ ਪੰਜਾਬ ਦੇ ਐਵਾਰਡ 2024 ਨਾਲ ਨਿਵਾਜਿਆ



**ਸਮਾਣਾ (ਇਕਬਾਲ ਸਿੰਘ)**-ਸਵ: ਨਰਿੰਦਰ ਬੀਬਾ ਦੀ ਯਾਦ ਨੂੰ ਸਮਰਪਤ 27ਵੇਂ ਨਰਿੰਦਰ ਬੀਬਾ ਯਾਦਗਾਰੀ ਅੰਤਰਰਾਸ਼ਟਰੀ ਸੱਭਿਆਚਾਰਕ ਮੇਲੇ ਮੌਕੇ ਸੱਭਿਆਚਾਰ ਮੰਚ ਪੰਜਾਬ ਦੇ ਪ੍ਰਧਾਨ ਹਰਜਿੰਦਰ ਸਿੰਘ ਜਵੰਦਾ ਨੂੰ 'ਮਾਣ ਪੰਜਾਬ ਦੇ ਐਵਾਰਡ 2024' ਨਾਲ ਨਿਵਾਜਿਆ ਗਿਆ ਹੈ।ਹਰਜਿੰਦਰ ਸਿੰਘ ਜਵੰਦਾ ਨੂੰ ਇਹ ਸਨਮਾਨ ਗੁਰਨਾਮ ਸਿੰਘ ਨਿਧੜਕ, ਲੋਕ ਗਾਇਕ ਰਣਜੀਤ ਮਣੀ, ਪ੍ਰਗਟ ਖਾਨ, ਗਾਇਕ ਸੁਲਤਾਨ ਤੇ ਗੀਤਕਾਰ ਦਲਵਿੰਦਰ ਦਿਆਲਪੁਰੀ ਵੱਲੋਂ ਭੇਟ ਕੀਤਾ ਗਿਆ।ਇਸ ਮੌਕੇ ਫ਼ਿਲਮੀ ਪੱਤਰਕਾਰ ਤੇ ਸੱਭਿਆਚਾਰ ਮੰਚ ਪੰਜਾਬ ਦੇ ਮੁੱਖ ਅਹੁਦੇਦਾਰ ਜੌਹਰੀ ਮਿੱਤਲ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

## ਦਰੱਖਤਾਂ ਦੀ ਮਹੱਤਤਾ ਨੂੰ ਭੁਲਾਉਣਾ ਅਫ਼ਸੋਸਨਾਕ : ਗੁਰਦੀਪ ਸਿੰਘ



**ਫ਼ਰੀਦਕੋਟ/ਕੋਟਕਪੂਰਾ (ਐਲਿਗਜ਼ੈਂਡਰ ਡਿਸੂਜ਼ਾ)**-ਕਰੋਨਾ ਵਾਇਰਸ ਦੀ ਕਰੋਪੀ ਦੇ ਸੰਕਟ ਮੌਕੇ ਸਾਨੂੰ ਕੁਦਰਤ ਨੇ ਵਾਤਾਵਰਣ ਦੀ ਸੰਭਾਲ ਕਰਨ ਸਬੰਧੀ ਹਲੂਣਾ ਦਿੰਦਿਆਂ ਦਰੱਖਤਾਂ ਦੀ ਮਹੱਤਤਾ ਬਾਰੇ ਸਮਝਾਉਣ ਲਈ ਝੰਜੋੜਿਆ, ਪਰ ਅਸੀਂ ਕੋਵਿਡ ਦਾ ਸੰਕਟ ਦੂਰ ਹੁੰਦਿਆਂ ਹੀ ਉਸ ਨੂੰ ਭੁਲਾ ਦਿੱਤਾ।ਨੇੜਲੇ ਪਿੰਡ ਰੋਮਾਣਾ ਅਲਬੇਲ ਸਿੰਘ ਦੇ ਸਰਕਾਰੀ ਹਾਈ ਸਕੂਲ ਵਿਖੇ 'ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ' ਦੇ ਸੰਸਥਾਪਕ ਗੁਰਪ੍ਰੀਤ ਸਿੰਘ ਚੰਦਬਾਜਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਕਰਾਏ ਗਏ ਵਾਤਾਵਰਣ ਜਾਗਰੂਕਤਾ ਸੈਮੀਨਾਰ ਦੌਰਾਨ ਸੁਸਾਇਟੀ ਦੇ ਪ੍ਰੈਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਆਖਿਆ ਕਿ ਕੋਟਕਪੂਰਾ ਗਰੁੱਪ ਆਫ ਫੈਮਿਲੀਜ਼ ਕੈਨੇਡਾ ਦੇ ਸਹਿਯੋਗ ਨਾਲ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਵਾਲੀਆਂ ਲੱਖਾਂ ਕਾਪੀਆਂ ਵੱਖ-ਵੱਖ ਸਕੂਲਾਂ 'ਚ ਵੰਡੀਆਂ ਜਾ ਚੁੱਕੀਆਂ ਹਨ।ਉਨ੍ਹਾਂ ਦੱਸਿਆ ਕਿ ਇਕ ਦਰੱਖਤ ਵੱਲੋਂ ਲੱਖਾਂ ਰੁਪਏ ਦੀ ਆਕਸੀਜਨ ਦੇ ਨਾਲ-ਨਾਲ ਹਵਾ ਪ੍ਰਦੂਸ਼ਣ 'ਤੇ ਕੰਟਰੋਲ, ਕਾਰਬਨ ਡਾਈਆਕਸਾਈਡ ਸੋਖਣ, ਕੀਮਤੀ ਲੱਕੜ ਤੇ ਪਾਣੀ ਨੂੰ ਮੁੜ ਵਰਤਣਯੋਗ ਬਣਾਉਣ ਵਾਲੇ ਲੱਖਾਂ ਰੁਪਏ ਦੇ ਹੋਰ ਫਾਇਦੇ ਮਨੁੱਖ ਨੂੰ ਦਿੱਤੇ ਜਾਂਦੇ ਹਨ, ਪਰ ਫਿਰ ਵੀ ਮਨੁੱਖ ਰੁੱਖਾਂ ਦੀ ਸੰਭਾਲ ਕਰਨ ਦੀ ਜ਼ਰੂਰਤ ਨਹੀਂ ਸਮਝ ਰਿਹਾ।ਉਨ੍ਹਾਂ ਧਰਤੀ ਹੇਠਲੇ ਪਾਣੀ, ਦਰਿਆਵਾਂ, ਜੰਗਲਾਂ, ਜਲਗਾਹਾਂ, ਸ਼ੋਰ ਪ੍ਰਦੂਸ਼ਣ ਤੇ ਜਲਵਾਯੂ ਪਰਿਵਰਤਨ ਬਾਰੇ ਅੰਕੜਿਆਂ ਸਹਿਤ ਅਨੇਕਾਂ ਉਦਾਹਰਨਾਂ ਦਿੰਦਿਆਂ ਦਲੀਲ ਨਾਲ ਵਿਸਥਾਰ ਵਿੱਚ ਸਮਝਾਇਆ।

## ਧਰਮ ਪ੍ਰਚਾਰ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰ ਨੇ ਸੌਂਪੇ ਸਾਜ਼



**ਪਟਿਆਲਾ/ਡਕਾਲਾ (ਰਾਜਿੰਦਰ ਸਿੰਘ ਥਿੰਦ)**-ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਨੇ ਗੁਰਦੁਆਰਾ ਕਰਹਾਲੀ ਸਾਹਿਬ ਵਿਖੇ ਪੁੱਜਕੇ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਜੇ ਰਾਗੀ ਜੱਥਿਆਂ ਨੂੰ ਸੰਗੀਤ ਸਾਜ਼ ਸੌਂਪੇ, ਜਿਨ੍ਹਾਂ ਵਿਚ ਹਰਮੋਨੀਅਮ ਤੇ ਤਬਲਾ ਆਦਿ ਸ਼ਾਮਲ ਸਨ।ਜਥੇਦਾਰ ਕਰਤਾਰਪੁਰ ਨੇ ਕਿਹਾ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਖੀ ਦੇ ਪ੍ਰਚਾਰ ਪ੍ਰਸਾਰ ਵਿੱਚ ਅਹਿਮ ਯੋਗਦਾਨ ਪਾਇਆ ਜਾ ਰਿਹਾ ਤੇ ਲੋੜਵੰਦ ਰਾਗੀ ਜੱਥਿਆਂ ਦੀ ਹਰ ਸੰਭਵ ਸਹਾਇਤਾ ਕੀਤੀ ਜਾ ਰਹੀ ਹੈ ਤਾਂ ਜੁ ਉਹ ਧਰਮ ਦੇ ਪ੍ਰਚਾਰ ਪਸਾਰ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ ਸਕਣ।ਉਨ੍ਹਾਂ ਢਾਡੀ, ਕਵੀਸ਼ਰੀ ਏ ਰਾਗੀ ਜੱਥਿਆਂ ਨੂੰ ਗੁਰਬਾਣੀ ਦੇ ਪ੍ਰਚਾਰ ਪਸਾਰ ਲਈ ਪ੍ਰੇਰਿਆ।ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਨੇ ਕਿਹਾ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਭਾਈ ਸੁਖਦੀਪ ਸਿੰਘ ਅਤੇ ਨਵਦੀਪ ਸਿੰਘ ਨੂੰ ਹਰਮੋਨੀਅਮ ਅਤੇ ਤਬਲਾ ਜੋੜੀ ਭੇਟ ਕੀਤੀ ਗਈ ਹੈ।

# ਨਿਯਮਾਂ ਨੂੰ ਛਿੱਕੇ ਟੰਗ ਕੀਤੀਆਂ ਨਾਮਜ਼ਦਗੀਆਂ, ਕਾਂਗਰਸੀ ਆਗੂਆਂ ਨੇ ਲਾਏ ਦੋਸ਼



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**

ਕਾਂਗਰਸੀ ਆਗੂਆਂ ਨੇ ਦੋਸ਼ ਲਾਏ ਕਿ ਸੱਤਾਧਾਰੀ ਧਿਰ ਦੀ ਸ਼ਹਿ 'ਤੇ ਪਿੰਡਾਂ ਵਿੱਚ ਨਾਮਜ਼ਦਗੀਆਂ ਭਰਨ ਸਮੇਂ ਨਿਯਮ ਕਾਨੂੰਨ ਛਿੱਕੇ 'ਤੇ ਟੰਗ ਕੇ ਧੱਕੇਸ਼ਾਹੀ ਹੋਈ ਹੈ।ਇਸ ਦੌਰਾਨ ਉਨ੍ਹਾਂ ਨੇ ਪਿੰਡ ਖੱਪਿਆਂਵਾਲੀ ਵਿਖੇ ਨਾਮਜ਼ਦਗੀ ਪੱਤਰਾਂ ਸਬੰਧੀ ਜਾਰੀ ਹੋਈ ਲਿਸਟ ਦਿਖਾਉਂਦਿਆਂ ਵੱਡੇ ਦੋਸ਼ ਲਾਏ।ਬਲਾਕ ਪ੍ਰਧਾਨ ਸ਼ਰਨਜੀਤ ਸਿੰਘ ਸੰਧੂ ਨੇ ਕਾਗ਼ਜਾਂ ਦੀ ਛਾਣਬੀਣ ਉਪਰੰਤ 4 ਅਕਤੂਬਰ ਨੂੰ ਰਿਟਰਨਿੰਗ ਅਫ਼ਸਰ ਵੱਲੋਂ ਪਿੰਡ ਖੱਪਿਆਂਵਾਲੀ ਨਾਲ ਸਬੰਧਤ ਲਾਈ ਲਿਸਟ ਦਿਖਾਉਂਦਿਆਂ ਕਿਹਾ ਕਿ ਇਸ ਲਿਸਟ ਵਿਚ ਧੱਕੇਸ਼ਾਹੀ ਸਾਫ਼ ਨਜ਼ਰ ਆਉਂਦੀ ਹੈ।ਉਨ੍ਹਾਂ ਕਿਹਾ ਕਿ ਨਿਯਮਾਂ ਮੁਤਾਬਕ ਜੋ ਵਿਅਕਤੀ ਆਪ ਪੰਚ ਜਾਂ ਸਰਪੰਚ ਦਾ ਉਮੀਦਵਾਰ ਹੈ, ਉਹ ਕਿਸੇ ਹੋਰ ਉਮੀਦਵਾਰ ਨੂੰ ਤਜਵੀਜ ਨਹੀਂ ਕਰ ਸਕਦਾ।ਖੱਪਿਆਂਵਾਲੀ ਦੇ ਵਾਰਡ ਨੰਬਰ 5 ਤੋਂ ਪੰਚੀ ਲਈ ਨਾਮਜ਼ਦਗੀ ਪੱਤਰ ਭਰਨ ਵਾਲੇ ਦਵਿੰਦਰ ਸਿੰਘ ਅਤੇ ਬੂਟਾ ਸਿੰਘ ਨੂੰ ਜੋ ਵਿਅਕਤੀ ਤਜਵੀਜ ਕਰ ਰਿਹਾ ਹੈ, ਉਹ ਰਾਮ ਸਿੰਘ ਹੈ ਜਿਸਦਾ ਵੋਟਰ ਸੂਚੀ ਨੰਬਰ 153 ਹੈ।ਜਦਕਿ ਕਥਿਤ ਤੌਰ 'ਤੇ ਰਾਮ ਸਿੰਘ ਆਪ ਵਾਰਡ ਨੰਬਰ 9 ਤੋਂ ਉਮੀਦਵਾਰ ਹੈ, ਪਰ ਵਾਰਡ ਨੰਬਰ 9 ਤੋਂ ਪੰਚ ਲਈ ਨਾਮਜ਼ਦਗੀ ਭਰਨ ਵਾਲੇ ਰਾਮ ਸਿੰਘ ਦੇ ਕਾਲਮ ਵਿੱਚ ਇੱਥੇ ਵੋਟ ਨੰਬਰ 15 ਲਿਖ ਦਿੱਤਾ ਗਿਆ, ਜਦਕਿ ਵੋਟਰ ਸੂਚੀ ਮੁਤਾਬਿਕ ਵੋਟ ਨੰਬਰ 15 ਇੱਕ ਮਹਿਲਾ ਦਾ ਹੈ।ਇਸ ਤਰ੍ਹਾਂ ਇਹ ਕਥਿਤ ਹੇਰਾਫੇਰੀ ਕੀਤੀ ਗਈ। ਇਸ ਤੋਂ ਇਲਾਵਾ ਖੱਖਿਆਂਵਾਲੀ ਦਾ ਹੀ ਵਾਰਡ ਨੰਬਰ 2, ਜੋ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੈ, ਵਿਖੇ ਸੁਖਦੇਵ ਸਿੰਘ ਅਤੇ ਪਰਵਿੰਦਰ ਸਿੰਘ ਵੱਲੋਂ ਨਾਮਜਦਗੀ ਪੱਤਰ ਪੰਚੀ ਲਈ ਭਰੇ ਗਏ। ਰਿਟਰਨਿੰਗ ਅਫ਼ਸਰ ਦੀ ਲਿਸਟ ਦੇ ਕਾਲਮ ਨੰਬਰ 8 ਮੁਤਾਬਕ ਇਹ ਅਨੁਸੂਚਿਤ ਜਾਤੀ ਨਾਲ ਸਬੰਧਤ ਨਹੀਂ, ਪਰ ਅੰਤ ਵਾਲੇ ਕਾਲਮ ਵਿਚ ਇਨ੍ਹਾਂ ਦੇ ਕਾਗ਼ਜ਼ ਫਿਰ ਵੀ ਪ੍ਰਵਾਨ ਕੀਤੇ ਦਿਖਾਏ ਗਏ ਹਨ।ਇਸ ਮਾਮਲੇ ਸਬੰਧੀ ਕਾਂਗਰਸੀ ਆਗੂ ਹੋਰ ਵਰਕਰਾਂ ਨਾਲ ਮਿੰਨੀ ਸੱਕਤਰੇਤ ਵਿਖੇ ਮੁੱਖ ਮੰਤਰੀ ਖੇਤਰੀ ਸ਼ਿਕਾਇਤ ਨਿਵਾਰਨ ਅਧਿਕਾਰੀ ਸ਼ਾਇਰੀ ਮਲਹੋਤਰਾ ਨੂੰ ਮਿਲੇ ਤੇ ਉਨ੍ਹਾਂ ਇਸ ਮਾਮਲੇ ਵਿੱਚ ਬਣਦੀ ਕਾਰਵਾਈ ਕਰਨ ਦਾ ਭਰੋਸਾ ਦਿਵਾਇਆ।

## ਸਰਪੰਚਾਂ ਲਈ 709 ਤੇ ਪੰਚਾਂ ਲਈ 1929 ਉਮੀਦਵਾਰ ਚੋਣ ਮੈਦਾਨ 'ਚ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਚਾਇਤੀ ਚੋਣਾਂ ਸਬੰਧੀ ਜ਼ਿਲ੍ਹੇ ਵਿੱਚ 429 ਪੰਚਾਇਤਾਂ ਬਾਬਤ ਸਰਪੰਚਾਂ ਸਬੰਧੀ 646 ਤੇ ਪੰਚਾਂ ਸਬੰਧੀ 1011 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 709 ਤੇ ਪੰਚਾਂ ਲਈ 1929 ਉਮੀਦਵਾਰ ਚੋਣ ਮੈਦਾਨ ਵਿੱਚ ਹਨ।ਸਰਪੰਚਾਂ ਲਈ 141 ਤੇ ਪੰਚਾਂ ਸਬੰਧੀ 1538 ਉਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ। ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਬਲਾਕ ਸਰਹਿੰਦ ਵਿੱਚ ਪੰਚਾਇਤਾਂ ਦੀ ਗਿਣਤੀ 98, ਬਸੀ ਪਠਾਣਾਂ ਵਿੱਚ 78, ਅਮਲੋਹ ਵਿੱਚ 95, ਖਮਾਣੋਂ ਵਿੱਚ 72 ਅਤੇ ਬਲਾਕ ਖੇੜਾ ਵਿੱਚ 86 ਗ੍ਰਾਮ ਪੰਚਾਇਤਾਂ ਹਨ। ਬਲਾਕ ਸਰਹਿੰਦ ਵਿੱਚ ਸਰਪੰਚਾਂ ਸਬੰਧੀ 164 ਤੇ ਪੰਚਾਂ ਸਬੰਧੀ 310 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 161 ਤੇ ਪੰਚਾਂ ਲਈ 495 ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਸਰਪੰਚਾਂ ਲਈ 34 ਤੇ ਪੰਚਾਂ ਸਬੰਧੀ 313 ਉਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ।ਬੱਸੀ ਪਠਾਨਾਂ ਵਿੱਚ ਸਰਪੰਚਾਂ ਸਬੰਧੀ 106 ਤੇ ਪੰਚਾਂ ਸਬੰਧੀ 152 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 123 ਤੇ ਪੰਚਾਂ ਲਈ 277 ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਸਰਪੰਚਾਂ ਲਈ 24 ਤੇ ਪੰਚਾਂ ਸਬੰਧੀ 294 ਉਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ।ਬਲਾਕ ਅਮਲੋਹ ਵਿੱਚ ਸਰਪੰਚਾਂ ਸਬੰਧੀ 139 ਤੇ ਪੰਚਾਂ ਸਬੰਧੀ 193 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 153 ਤੇ ਪੰਚਾਂ ਲਈ 452 ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਸਰਪੰਚਾਂ ਲਈ 31 ਤੇ ਪੰਚਾਂ ਸਬੰਧੀ 353 ਉਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ।ਬਲਾਕ ਖਮਾਣੋਂ ਵਿੱਚ ਸਰਪੰਚਾਂ ਸਬੰਧੀ 99 ਤੇ ਪੰਚਾਂ ਸਬੰਧੀ 162 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 131 ਤੇ ਪੰਚਾਂ ਲਈ 335 ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਸਰਪੰਚਾਂ ਲਈ 21 ਤੇ ਪੰਚਾਂ ਸਬੰਧੀ 246 ਉਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ।

# ਏ ਟੀ ਐੱਮ ਕਾਰਡ ਅਪਡੇਟ ਕਰਾਉਣਾ ਪਿਆ ਮਹਿੰਗਾ

## ਕਾਰਡ ਬਦਲ ਕੇ ਮਾਰੀ 2 ਲੱਖ ਦੀ ਠੱਗੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਲਾਕੇ ਵਿਚ ਠੱਗ ਭੋਲੇ-ਭਾਲੇ ਲੋਕਾਂ ਨਾਲ ਠੱਗੀ ਮਾਰਨ ਦੀ ਤਾਕ ਵਿਚ ਹਮੇਸ਼ਾ ਰਹਿੰਦੇ ਹਨ, ਜਿਸ ਤਹਿਤ ਬੈਂਕ ਵਿਚ ਕਾਰਡ ਅਪਡੇਟ ਕਰਾਉਣ ਗਿਆ ਵਿਅਕਤੀ ਵੀ ਇਨ੍ਹਾਂ ਦੇ ਜਾਲ ਵਿੱਚ ਫਸ ਗਿਆ। ਦਰਸ਼ਨ ਸਿੰਘ ਵਾਸੀ ਪੰਜਗਰਾਈਆਂ ਨੇ ਦੱਸਿਆ ਕਿ ਉਸ ਦਾ ਇੱਕ ਬੈਂਕ ਵਿਚ ਖਾਤਾ ਚੱਲਦਾ ਸੀ, ਜਿਸ ਦਾ ਉਸ ਨੇ ਨਵਾਂ ਏਟੀਐੱਮ ਕਾਰਡ ਲਿਆ ਸੀ। ਦਰਸ਼ਨ ਸਿੰਘ ਨੂੰ ਏਟੀਐੱਮ ਕਾਰਡ ਨੂੰ ਅਪਡੇਟ ਕਰਨ ਲਈ ਮਾਛੀਵਾੜਾ ਵਿਖੇ ਇੱਕ ਏਟੀਐੱਮ ਮਸ਼ੀਨ ਵਾਲੇ ਰੂਮ ਵਿਚ ਗਿਆ, ਪਰ ਉੱਥੇ ਉਸ ਤੋਂ ਇਹ ਅਪਡੇਟ ਨਾ ਹੋਇਆ। ਰੂਮ ਵਿੱਚ ਨਾਲ ਹੀ ਖੜ੍ਹੇ ਇੱਕ ਨੌਜਵਾਨ ਨੇ ਕਿਹਾ ਕਿ ਉਹ ਉਨ੍ਹਾਂ ਦਾ ਕਾਰਡ ਅਪਡੇਟ ਕਰ ਦਿੰਦਾ ਹੈ, ਜਿਸ ਨੇ ਇਹ ਨਵਾਂ ਕਾਰਡ ਮਸ਼ੀਨ ਵਿਚ ਪਾਇਆ ਤੇ ਪਾਸਵਰਡ ਭਰਨ ਲਈ ਕਿਹਾ। ਪਾਸਵਰਡ ਭਰਨ ਤੋਂ ਬਾਅਦ ਉਸ ਨੇ ਕਾਰਡ ਵਾਪਸ ਕਰ ਦਿੱਤਾ ਅਤੇ ਕਿਹਾ ਕਿ ਤੁਹਾਡ ਕਾਰਡ ਅਪਡੇਟ ਹੋ ਗਿਆ ਹੈ। ਕੁੱਝ ਸਮੇਂ ਬਾਅਦ ਹੀ ਉਸ ਨੂੰ ਮੋਬਾਇਲ 'ਤੇ ਮੈਸੇਜ ਆਏ ਤਾਂ ਉਸ ਨੂੰ ਪਤਾ ਲੱਗਾ ਕਿ ਉਸਦੇ ਖਾਤੇ 'ਚੋਂ ਏਟੀਐੱਮ ਰਾਹੀਂ 2.01 ਲੱਖ ਰੁਪਏ ਨਿਕਲ ਚੁੱਕੇ ਹਨ। ਜਦੋਂ ਉਸ ਨੇ ਆਪਣਾ ਏਟੀਐੱਮ ਕਾਰਡ ਚੈੱਕ ਕੀਤਾ ਤਾਂ ਇਹ ਉਸਦਾ ਨਹੀਂ ਬਲਕਿ ਕਿਸੇ ਵਿਪਨ ਕੁਮਾਰ ਨਾਮੀ ਵਿਅਕਤੀ ਦਾ ਸੀ। ਠੱਗ ਨੇ ਕਾਰਡ ਅਪਡੇਟ ਕਰਨ ਸਮੇਂ ਉਸ ਨਾਲ ਕਾਰਡ ਬਦਲ ਲਿਆ। ਦਰਸ਼ਨ ਸਿੰਘ ਵਲੋਂ ਇਸ ਸਬੰਧੀ ਮਾਛੀਵਾੜਾ ਪੁਲਸ ਨੂੰ ਸ਼ਿਕਾਇਤ ਦਰਜ ਕਰਾ ਦਿੱਤੀ ਹੈ।

# ਦੋ ਗੱਡੀਆਂ ਦੀ ਟੱਕਰ 'ਚ ਤਿੰਨ ਮੌਤਾਂ, ਪੰਜ ਜ਼ਖ਼ਮੀ



**ਪਟਿਆਲਾ/ਸਨੌਰ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ-ਕੈਥਲ ਹਾਈਵੇ 'ਤੇ ਪਿੰਡ ਕੁਲੇਮਾਜਰਾ ਬੀੜ 'ਚ ਲੰਘੀ ਰਾਤ 2 ਗੱਡੀਆਂ ਦੀ ਆਹਮੋ-ਸਾਹਮਣੇ ਹੋਈ। ਭਿਆਨਕ ਟੱਕਰ 'ਚ 2 ਔਰਤਾਂ ਸਮੇਤ ਤਿੰਨ ਜਣਿਆਂ ਦੀ ਮੌਤ ਤੇ 5 ਦੇ ਜ਼ਖ਼ਮੀ ਹੋਣ ਦਾ ਸਮਾਚਾਰ ਹੈ।ਬਲਵਿੰਦਰ ਸਿੰਘ ਘਿਓਰਾ ਨੇ ਦੱਸਿਆ ਕਿ ਸਾਡਾ ਜਵਾਈ ਹਰਿੰਦਰ ਸਿੰਘ (38) ਆਪਣੇ ਮਾਂ-ਬਾਪ ਨਾਲ ਆਪਣੇ ਪਿੰਡ ਘਿਓਰਾ ਤੋਂ ਇਕ ਵਿਆਹ ਸਮਾਗਮ 'ਚ ਸ਼ਾਮਲ ਹੋਣ ਤੋਂ ਬਾਅਦ ਸਵਿਫ਼ਟ ਕਾਰ ਪੀ. ਬੀ. 11 ਡੀ. ਈ-8138 'ਚ ਸਵਾਰ ਹੋ ਕੇ ਆਪਣੇ ਪਿੰਡ ਘਨੌਰ ਲਾਗੇ ਲਲੋਦੀਪੁਰ ਜਾ ਰਹੇ ਸਨ।ਜਦੋਂ ਇਹ ਪਿੰਡ ਕੁਲੇਮਾਜਰਾ ਬੀੜ ਕੋਲ ਪਹੁੰਚੇ ਤਾਂ ਅੱਗੋਂ ਤੇਜ਼ ਰਫਤਾਰ ਕਾਰ ਐੱਚ. ਆਰ. 09 ਈ 0911 ਨਾਲ ਭਿਆਨਕ ਦਰਦਨਾਕ ਹਾਦਸਾ ਵਾਪਰ ਗਿਆ।ਜਿਸ 'ਚ ਸਾਡੇ ਜਵਾਈ ਹਰਿੰਦਰ ਸਿੰਘ ਪੁੱਤਰ ਚੇਤਨ ਸਿੰਘ ਅਤੇ ਉਸ ਦੀ ਮਾਤਾ ਜਸਪਾਲ ਕੌਰ ਦੀ ਮੌਤ ਹੋ ਗਈ।ਜਾਣਕਾਰੀ ਅਨੁਸਾਰ ਦੂਜੀ ਗੱਡੀ ਪਟਿਆਲਾ ਤੋਂ ਚੀਕਾ (ਹਰਿਆਣਾ) ਜਾ ਰਹੀ ਸੀ, ਜਿਸ 'ਚ ਪੂਨਮ ਕੁਮਾਰੀ 55 ਸਾਲ ਪਤਨੀ ਪਵਨ ਕੁਮਾਰ ਦੀ ਮੌਤ ਹੋ ਗਈ ਤੇ ਬਾਕੀ ਗੰਭੀਰ 'ਚ ਜ਼ਖ਼ਮੀ ਹੋ ਗਏ ਹਨ, ਜਿਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।ਜ਼ਖ਼ਮੀ ਹਸਪਤਾਲ ਭਰਤੀ ਹਨ।ਥਾਣਾ ਸਦਰ ਪੁਲਸ ਤਫਤੀਸ਼ 'ਚ ਲੱਗੀ ਹੋਈ ਹੈ।

# ਸਫ਼ਾਈ ਸੇਵਕਾਂ ਨੇ ਘੜੇ ਭੰਨ ਕੇ ਰੋਸ ਪ੍ਰਗਟ ਕੀਤਾ



**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸਫ਼ਾਈ ਮਜਦੂਰ ਯੂਨੀਅਨ ਧੂਰੀ ਵੱਲੋਂ ਪ੍ਰਧਾਨ ਮਨੋਜ ਰਾਣੀ ਦੀ ਅਗਵਾਈ ਹੇਠ ਸਫ਼ਾਈ ਮਜਦੂਰ ਯੂਨੀਅਨ ਪੰਜਾਬ ਦੇ ਸੱਦੇ ਤੇ ਆਪਣੀਆਂ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਖਿਲਾਫ਼ ਘੜੇ ਭੰਨ ਕੇ ਗੇਟ ਰੈਲੀ ਕਰਦਿਆਂ ਰੋਸ ਮੁਜ਼ਾਹਰਾ ਕੀਤਾ।ਇਸ ਮੌਕੇ ਸੰਜੇ ਕੁਮਾਰ ਸੈਕਟਰੀ, ਅਸ਼ੋਕ ਕੁਮਾਰ ਖ਼ਜ਼ਾਨਚੀ, ਰਮੇਸ਼ ਕੁਮਾਰ ਨੇ ਸੰਬੋਧਨ ਕਰਦਿਆਂ ਮੰਗ ਕੀਤੀ ਕਿ ਆਊਟ ਸੋਰਸ ਤੇ ਕੱਚੇ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਅਤੇ ਰੈਗੂਲਰ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਪੁਰਾਣੀ ਪੈਨਸ਼ਨ ਬਹਾਲ ਕਰਨ, ਪੇ ਕਮਿਸ਼ਨ ਦਾ ਬਕਾਇਆ ਜਾਰੀ ਕਰਨ, ਕੰਟਰੈਕਟ ਡਰਾਈਵਰਾਂ ਨੂੰ ਪੱਕੇ ਕਰਨ ਦੀ ਮੰਗ ਕਰਦਿਆਂ ਮੰਗ ਪੱਤਰ ਵਿੱਚ ਦਰਜ਼ 30 ਨੁਕਤਿਆਂ ਨੂੰ ਪ੍ਰਵਾਨ ਕਰਨ ਦੀ ਮੰਗ ਕੀਤੀ।

# ਗੁਰਮੀਤ ਮੀਤ ਜਗਰਾਤੇ 'ਤੇ ਸਨਮਾਨਤ



**ਚੌਕੀਮਾਨ (ਬਲਬੀਰ ਮਾਨ)**

ਪਿੰਡ ਸੋਹੀਆਂ ਵਿਖੇ ਮਾਂ ਜਵਾਲਾ ਜੀ ਦਾ ਵਿਸ਼ਾਲ ਜਾਗਰਣ ਪਿੰਡ ਵਾਸੀਆਂ ਤੇ ਪ੍ਰਵਾਸੀ ਵੀਰਾਂ ਦੇ ਸਹਿਯੋਗ ਨਾਲ ਕਰਾਇਆ ਗਿਆ।ਇਸ ਸ਼ੁੱਭ ਮੌਕੇ ਤੇ ਮਾਂ ਜਵਾਲਾ ਜੀ ਦੀ ਜੋਤ ਜਗਾ ਕੇ ਅਸ਼ੀਰਵਾਦ ਲੈਂਦਿਆਂ ਦੀਪ ਮਾਲਾ ਕੀਤੀ ਗਈ। ਬਲਵਿੰਦਰ ਸਿੰਘ ਸੋਹੀ ਦੇ ਪਿਆਰ ਸਤਿਕਾਰ ਨੂੰ ਕਬੂਲਦਿਆਂ ਲੋਕ ਗਾਇਕ ਗੁਰਮੀਤ ਮੀਤ ਨੇ ਪਹੁੰਚ ਕੇ ਮਾਤਾ ਦੀਆਂ ਭੇਟਾਵਾਂ ਨਾਲ ਆਪਣੀ ਹਾਜ਼ਰੀ ਲਵਾ ਕੇ ਭਗਤਾਂ ਨੂੰ ਝੂੰਮਣ ਲਾ ਦਿੱਤਾ।ਮਾਂ ਜਵਾਲਾ ਜੀ ਦੇ ਇਸ ਮਹਾਨ ਜਾਗਰਣ ਵਿੱਚ 'ਮਾਂ ਹੁੰਦੀ ਏ ਮਾਂ' ਗੀਤ ਗਾ ਕੇ ਲੋਕ ਗਾਇਕ ਕੁਲਦੀਪ ਮਾਣਕ ਦੀ ਯਾਦ ਤਾਜ਼ਾ ਕਰਾ ਦਿੱਤੀ। ਮਾਤਾ ਜਵਾਲਾ ਜੀ ਕਮੇਟੀ ਪਿੰਡ ਸੋਹੀਆਂ ਨੇ ਪ੍ਰਧਾਨ ਮਹਿਮਾ ਸਿੰਘ ਦੀ ਅਗਵਾਈ ਵਿੱਚ ਲੋਕ ਗਾਇਕ ਗੁਰਮੀਤ ਮੀਤ ਨੂੰ ਸਨਮਾਨ ਨਿਸ਼ਾਨੀ ਤੇ ਲੋਈ ਦੇ ਕੇ ਸਨਮਾਨਤ ਕੀਤਾ ਗਿਆ।

# ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਨੂੰ ਸਮਰਪਤ ਅਖੰਡ ਪਾਠ ਸਾਹਿਬ ਦੇ ਭੋਗ ਪਾਏ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦਾ ਅਵਤਾਰ ਪੁਰਬ 15 ਨਵੰਬਰ ਨੂੰ ਗੁਰੂਦਵਾਰਾ ਸਿੱਖ ਸਨਾਤਨ ਧਰਮਸ਼ਾਲਾ (ਵੱਡਾ ਗੁਰੂਦਵਾਰਾ) ਵਿਖੇ ਇਲਾਕੇ ਦੀਆ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।ਗੁਰਪੁਰਬ ਦੇ ਸਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਆਰੰਭ ਕੀਤੀ ਗਈ ਹੈ। ਇਸ ਲੜੀ 'ਚ ਸ਼ੁਰੂਆਤ ਕਰਦੇ ਹੋਏ ਥਾਣਾ ਗੁਰੂਹਰਸਹਾਏ ਦੇ ਸਮੂਹ ਪੁਲਸ ਕ੍ਰਮਚਾਰੀਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਪਹਿਲੀ ਲੜੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਵਾਏ ਗਏ ਤੇ ਇਲਾਕੇ ਦੀ ਸੁੱਖ ਸ਼ਾਂਤੀ ਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਵਾਈ ਗਈ।ਥਾਣਾ ਗੁਰੂ ਹਰਸਹਾਏ ਦੇ ਸਮੂਹ ਕ੍ਰਮਚਾਰੀ, ਸਮੂਹ ਪੱਤਰਕਾਰ ਭਾਈਚਾਰਾ ਤੇ ਇਲਾਕੇ ਦੀ ਸੰਗਤ ਵੱਡੀ ਗਿਣਤੀ ਵਿੱਚ ਹਾਜ਼ਰ ਹੋਈ।ਡੀ ਐਸ ਪੀ ਸਤਨਾਮ ਸਿੰਘ, ਥਾਣਾ ਮੁਖੀ ਜੱਜਪਾਲ ਸਿੰਘ, ਮੁੱਖ ਮੁਨਸ਼ੀ ਤਿਲਕ ਰਾਜ, ਜਸਬੀਰ ਸਿੰਘ ਰੀਡਰ ਡੀ ਐਸ ਪੀ ਨੂੰ ਹੈੱਡ ਗ੍ਰੰਥੀ ਭਾਈ ਧਿਆਨ ਸਿੰਘ ਵੱਲੋਂ ਸਿਰੋਪਾਉ ਦੇ ਕੇ ਸਨਮਾਨਤ ਵੀ ਕੀਤਾ ਗਿਆ।ਭੋਗ ਤੋਂ ਉਪਰੰਤ ਭਾਈ ਧਿਆਨ ਸਿੰਘ ਤੇ ਭਾਈ ਦਲਜੀਤ ਸਿੰਘ (ਗੱਬਰ) ਨੇ ਇਲਾਹੀ ਬਾਣੀ ਦੇ ਮਨੋਹਰ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ।ਸਮਾਗਮ ਦੀ ਸਮਾਪਤੀ ਤੇ ਗੁਰੂ ਦਾ ਲੰਗਰ ਵੀ ਅਤੁੱਟ ਵਰਤਾਇਆ ਗਿਆ।ਇਸ ਮੌਕੇ ਮਲਕੀਤ ਸ਼ਰਮਾ, ਮਹਿੰਦਰ ਸਿੰਘ, ਟ੍ਰੈਫਿਕ ਇੰਚਾਰਜ ਬਲਵਿੰਦਰ ਸਿੰਘ ਘਾਂਗਾ, ਬਲਵਿੰਦਰ ਸਿੰਘ ਸਾਂਝ ਕੇਂਦਰ ਆਦਿ ਹਾਜ਼ਰ ਸਨ।ਗੁਰਦੁਆਰਾ ਪ੍ਰਬੰਧਕਾਂ ਨੇ ਦੱਸਿਆ ਕਿ ਗੁਰਪੁਰਬ ਨੂੰ ਮੁੱਖ ਰੱਖ ਕੇ ਸ੍ਰੀ ਅਖੰਡ ਪਾਠਾ ਸਾਹਿਬ ਦੀ ਲੜੀ ਆਰੰਭ ਕੀਤੀ ਜਾਂਦੀ ਹੈ ਤੇ ਹਰ ਸਾਲ ਦੀ ਤਰਾਂ ਪਹਿਲੀ ਲੜੀ ਦੇ ਪਾਠ ਦੀ ਸੇਵਾ ਥਾਣਾ ਗੁਰੂਹਰਸਹਾਏ ਦੇ ਮੁਲਾਜ਼ਮਾਂ ਵੱਲੋਂ ਕੀਤੀ ਗਈ ਹੈ।ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਗੁਰਪੁਰਬ ਮੌਕੇ ਸ੍ਰੀ ਅਖੰਡ ਪਾਠ ਦੀਆਂ ਲੜੀਆਂ ਦੀ ਸਮਾਪਤੀ ਹੋਵੇਗੀ।

# ਨਵਜੋਤ ਸ਼ਰਮਾ ਨਮਿਤ ਪਾਠ ਦੇ ਭੋਗ ਪਾਏ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਪਿਛਲੇ ਦਿਨੀਂ ਵਸ਼ਿਸ਼ਟ ਪਰਿਵਾਰ ਦੇ ਹੈਡਟੀਚਰ ਮਾ. ਨਰਿੰਦਰਪਾਲ ਸ਼ਰਮਾ ਦੇ ਭਤੀਜੇ ਤੇ ਸ਼ੈਲੀ ਸ਼ਰਮਾ ਦੇ ਪੁੱਤਰ ਨਵਜੋਤ ਸ਼ਰਮਾ ਦਾ ਦਿਹਾਂਤ ਹੋ ਗਿਆ ਸੀ।ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ ਪ੍ਰਾਚੀਨ ਸ਼ਿਵ ਮੰਦਰ ਪੱਤਰੀ ਸੁਨਾਮ ਵਿਖੇ ਪਾਏ ਗਏ।ਇਸ ਮੌਕੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਕਾਂਗਰਸ ਦੇ ਯੂਥ ਪ੍ਰਧਾਨ ਗੁਰਤੇਗ ਸਿੰਘ ਐਡਵੋਕੇਟ, ਮਨੀਸ਼ ਕੁਮਾਰ ਮੋਨਾ, ਸਲੇਖ ਦਰਦੀ ਲੌਂਗੋਵਾਲ, ਅੰਮ੍ਰਿਤਪਾਲ ਸਿੰਘ ਸਿੱਧੂ, ਅਰਮਜੀਤ ਸਿੰਘ ਗਿੱਲ, ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਪ੍ਰਧਾਨ ਬਲਵਿੰਦਰ ਸਿੰਘ, ਸੁਖਵਿੰਦਰ ਸਿੰਘ ਦੁੱਲਟ ਤੇ ਸਮੂਹ ਮੈਂਬਰ ਅਤੇ ਡਾ. ਗੁਰਪ੍ਰੀਤ ਸਿੰਘ ਵਾਲੀਆ, ਬੀਬੀ ਸ਼ਮਿੰਦਰ ਕੌਰ ਗਿੱਲ, ਮਹਿੰਦਰ ਸਿੰਘ ਦੁੱਲਟ, ਵਿਜੇ ਗੋਇਲ, ਕਾਲਾ ਮਿੱਤਲ, ਸੰਜੇ ਸੈਣ, ਰਤਨ ਕੁਮਾਰ ਮੰਗੂ, ਬਲਵਿੰਦਰ ਸਿੰਘ ਢਿੱਲੋਂ, ਗੁਰਮੀਤ ਸਿੰਘ ਲੱਲੀ, ਨਗਰ ਕੌਂਸਲ ਪ੍ਰਧਾਨ ਪਰਮਿੰਦਰ ਕੌਰ ਬਰਾੜ, ਵਿੱਕੀ ਵਸ਼ਿਸ਼ਟ, ਮਨਜੀਤ ਸ਼ਰਮਾ, ਸੁਖਵਿੰਦਰਪਾਲ ਸੁੱਖੀ ਸਾਬਕਾ ਪ੍ਰਧਾਨ ਨਗਰ ਕੌਂਸਲ, ਬਾਬਾ ਹੈਪੀ ਖੰਨਾ ਲੌਂਗੋਵਾਲ ਤੋਂ ਇਲਾਵਾ ਸਮੁੱਚੇ ਅਧਿਆਪਕ ਯੂਨੀਅਨ ਦੇ ਆਗੂਆਂ ਤੇ ਪੱਤਰਕਾਰ ਭਾਈਚਾਰੇ ਨੇ ਹਾਜ਼ਰੀ ਲਵਾਈ ਤੇ ਸਟੇਜ ਦੀ ਸੇਵਾ ਦੇਵਿੰਦਰ ਵਸ਼ਿਸ਼ਟ ਨੇ ਨਿਭਾਈ।


**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ - ਪਹਿਲੀ, ਫ਼ਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ 29.10.2024 ਵਕਤ 15:00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਪੱਤਰ ਦੀ ਬਿਆਨਾ ਰਾਸ਼ੀ ਦੀ ਜਗ੍ਹਾਂ ਟੈਂਡਰ ਸੁਰੱਖਿਆ ਘੋਸ਼ਣਾ ਪੱਤਰ ਨਿਰਧਾਰਿਤ ਪ੍ਰਾਰੂਪ ਵਿਚ ਟੈਂਡਰ ਦੇ ਨਾਲ ਈ-ਪੋਰਟਲ ਉਤੇ ਨਥੀ ਕਰੇਗਾ।

| ਲੜੀ ਨੰ: | ਟੈਂਡਰ ਨੰਬਰ ਮਿਤੀ | ਟੈਂਡਰਾ ਦਾ ਵੇਰਵਾ | | |
|---|---|---|---|---|
| 1. | 181-2024-25-ADEN-LDH | ਸਹਾਇਕ ਮੰਡਲ ਇੰਜੀਨੀਅਰ - ਲੁਧਿਆਣਾ ਦੇ ਖੰਡ ਵਿਚ ਸੀਨੀਅਰ ਅਨੁਭਾਗ ਇੰਜੀਨੀਅਰ ਲੁਧਿਆਣਾ ਦੇ ਅਧੀਨ ਲੁਧਿਆਣਾ ਯਾਰਡ ਵਿਚ ਟ੍ਰੈਕ ਰੱਖ-ਰੱਖਾਵ ਦੇ ਲਈ ਵਿਵਿਧ ਪੀ-ਵੇ ਕੰਮ ਅਤੇ ਸੀਨੀਅਰ ਅਨੁਭਾਗ ਇੰਜੀਨਅਰ ਲੁਧਿਆਣਾ ਦੇ ਯਾਰਡ ਅਤੇ ਬਲਾਕ ਖੰਡਾਂ ਵਿਚ ਰੇਗ ਪਿਕਿੰਗ ਕੰਮ। | | |
| | | ਵਿਗਿਆਪਨ ਮੂਲ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 1,09,96,129.41 | 60 ਦਿਨ | 12 ਮਹੀਨੇ |

ਨੋਟ: 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਨਗੇ।

ਟੈਂਡਰ ਸੂਚਨਾ ਪੱਤਰ ਨੰ: 770-W/169/WA-1/FZR-181-2024-25-ADEN-LDH

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3089/24



**AXIS BANK** ਰਿਟੇਲ ਐੱਸਟ ਸੈਂਟਰ : ਐਕਸਿਸ ਬੈਂਕ ਲਿਮਟਿਡ, : ਦੂਜੀ ਮੰਜ਼ਲ, ਜਾਇਦਾਦ # 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫਤਰ : 'ਐਕਸਿਸ ਹਾਊਸ'', ਬਲਾਕ-ਬੀ, ਬੰਬੇ ਡਾਇੰਗ ਮਿੱਲਜ਼ ਕੰਪਾਊਂਡ, ਪਾਂਡੁਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025
ਰਜਿਸਟਰਡ ਦਫਤਰ : 'ਤ੍ਰਿਸ਼ੂਲ', ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ-380006

**ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫ਼ਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ 2002 ਅਤੇ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।
ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਨ੍ਹਾਂ ਨੂੰ ਦਰਸਾਏ ਰੂਲ ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਵਰਨਣ ਜਾਇਦਾਦ ਦਾ ਹੇਠਾਂ ਦਰਸਾਈਆਂ ਮਿਤੀਆਂ ਨੂੰ ਕਬਜ਼ਾ ਲੈ ਲਿਆ ਹੈ।
ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦਾ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਦੀ ਦੇਣਦਾਰੀ ਦਾ ਵਿਸ਼ਾ ਹੋਵੇਗੀ।

| ਲੜੀ ਨੰ. | ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਦਾ ਨਾਂਅ | ਡਿਮਾਂਡ ਨੋਟਿਸ ਦੀ ਮਿਤੀ / ਸੰਕੇਤਕ ਕਬਜ਼ੇ ਦੀ ਮਿਤੀ / ਡਿਮਾਂਡ ਨੋਟਿਸ 'ਚ ਰਾਸ਼ੀ (ਰੁਪਏ) |
|---|---|---|
| 1. | (1) ਮੋਹਨ ਸਾਅ ਮਿੱਲ, ਰਾਹੀਂ ਇਸ ਦੇ ਮਾਲਕ ਸ੍ਰੀ ਮੋਹਨ ਸਿੰਘ (ਹੁਣ ਮ੍ਰਿਤਕ) ਰਾਹੀਂ ਸਾਰੇ ਕਾਨੂੰਨੀ ਵਾਰਸਾਂ ਵਾਸੀ 248/7, ਦਰਦੀ ਨਿਵਾਸ ਘੱਗਾ ਰੋਡ, ਸਮਾਣਾ, ਪਟਿਆਲਾ, ਪੰਜਾਬ-147101 (2) ਸਵਰਗਵਾਸੀ ਮੋਹਨ ਸਿੰਘ ਪੁੱਤਰ ਗੁਰਚਰਨ ਸਿੰਘ, ਰਾਹੀਂ ਕਾਨੂੰਨੀ ਵਾਰਸਾਂ ਵਾਸੀ 248/7, ਦਰਦੀ ਨਿਵਾਸ ਘੱਗਾ ਰੋਡ, ਸਮਾਣਾ, ਪਟਿਆਲਾ, ਪੰਜਾਬ-147101 (3) ਸਵਰਗਵਾਸੀ ਮੋਹਨ ਸਿੰਘ ਪੁੱਤਰ ਸ੍ਰੀ ਗੁਰਚਰਨ ਸਿੰਘ ਦੇ ਕਾਨੂੰਨੀ ਵਾਰਸ ਵਾਸੀ 248/7, ਦਰਦੀ ਨਿਵਾਸ ਘੱਗਾ ਰੋਡ, ਸਮਾਣਾ, ਪਟਿਆਲਾ, ਪੰਜਾਬ-147101 (4) ਸ੍ਰੀ ਬਲਜਿੰਦਰ ਸਿੰਘ ਪੁੱਤਰ ਸਵਰਗਵਾਸੀ ਮੋਹਨ ਸਿੰਘ ਕਾਨੂੰਨੀ ਵਾਰਸ (ਪੁੱਤਰ) ਸਵਰਗਵਾਸੀ ਮੋਹਨ ਸਿੰਘ ਦਾ, ਵਾਸੀ ਵਾਸੀ 248/7, ਦਰਦੀ ਨਿਵਾਸ ਘੱਗਾ ਰੋਡ, ਸਮਾਣਾ, ਪਟਿਆਲਾ, ਪੰਜਾਬ-147101 (5) ਸ੍ਰੀਮਤੀ ਮਨਦੀਪ ਕੌਰ ਪਤਨੀ ਸਵਰਗਵਾਸੀ ਮੋਹਨ ਸਿੰਘ ਕਾਨੂੰਨੀ ਵਾਰਸ (ਪਤਨੀ) ਸਵਰਗਵਾਸੀ ਮੋਹਨ ਸਿੰਘ ਦੀ, ਵਾਸੀ 248/7, ਦਰਦੀ ਨਿਵਾਸ ਘੱਗਾ ਰੋਡ, ਸਮਾਣਾ, ਪਟਿਆਲਾ, ਪੰਜਾਬ-147101 | 3 ਜੁਲਾਈ 2024 / 7 ਅਕਤੂਬਰ 2024 / ਰੁਪਏ 35,99,403/- (ਰੁਪਏ ਪੈਂਤੀ ਲੱਖ ਨਿੰਨਵੇਂ ਹਜ਼ਾਰ ਚਾਰ ਸੌ ਤਿੰਨ ਕੇਵਲ) |

ਜਾਇਦਾਦ ਦਾ ਵੇਰਵਾ : ਜਾਇਦਾਦ/ਰਕਬਾ 4-0 ਕਨਾਲ ਅਰਥਾਤ 2457.75 ਵਰਗ ਗਜ਼ ਦੇ ਸਾਰੇ ਹਿੱਸੇ। ਸੇਲ ਡੀਡ ਨੰ. 397 ਮਿਤੀ 22-05-2014 ਤਹਿਤ ਰਜਿਸਟਰਡ ਜਮ੍ਹਾਂਬੰਦੀ ਸਾਲ 2016-17 ਅਨੁਸਾਰ ਖੇਵਟ-ਖਤੌਨੀ ਨੰ. 26/48, ਜਮ੍ਹਾਂਬੰਦੀ ਵਾਸਤੇ ਸਾਲ 2011-12 ਪਿੰਡ ਰੇਤਗੜ੍ਹ ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ ਵਿਖੇ ਸਥਿਤ ਖੇਵਟ/ਖਤੌਨੀ ਨੰ. 24/44 ਖਸਰਾ ਨੰ. 54//8/2 (2-14), 12/1 (7-16) ਕਿੱਤੇ 2 ਵਿੱਚ ਸ਼ਾਮਲ ਕੁੱਲ ਰੋਬੀਆ 10 ਕਨਾਲ 10 ਮਰਲੇ ਵਿੱਚੋਂ 80/210 ਸ਼ੇਅਰ ਅਰਥਾਤ 4-0 ਕਨਾਲ, 2457.75 ਵਰਗ ਗਜ਼। ਹੱਦਾਂ : (ਸਥਾਨ ਅਨੁਸਾਰ) ਪੂਰਬ : ਏ ਕੇ ਫੀਡ ਫੈਕਟਰੀ ਸਾਈਡ 130 ਫੁੱਟ-5 ਇੰਚ, ਪੱਛਮ : ਰਸਤਾ ਸਾਈਡ 130 ਫੁੱਟ 5 ਇੰਚ, ਉੱਤਰ : ਖੇਤੀਬਾੜੀ ਜ਼ਮੀਨ ਮਾਨਕੂ ਵਾਲੇ ਸਾਈਡ 169 ਫੁੱਟ 6 ਇੰਚ, ਦੱਖਣ : ਗਲੀ : ਸਾਈਡ 169 ਫੁੱਟ 6 ਇੰਚ

ਮਿਤੀ : 09.10.2024 , ਸਥਾਨ : ਸਮਾਣਾ — ਸਹੀ/- ਅਧਿਕਾਰਤ ਅਫ਼ਸਰ, ਐਕਸਿਸ ਬੈਂਕ ਲਿਮਟਿਡ



**ਬੈਂਕ ਆੱਫ਼ ਬੜੌਦਾ Bank of Baroda** Branch: Dugri Road, Ludhiana, Opposite Marry Land Palace, Ludhiana 141001. Gmail:DUGLUD@bankofbaroda.com

**ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ/ਜਾਇਦਾਦਾਂ ਵਾਸਤੇ)**

ਜਦੋਂ ਕਿ, ਨਿਮਨਹਸਤਾਖਰੀ ਨੇ ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (2002 ਦਾ 54) ਅਧੀਨ ਬੈਂਕ ਆਫ ਬੜੌਦਾ, ਡੁਗਰੀ ਰੋਡ, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਨੂੰ ਹੇਠਾਂ ਦਰਸਾਈਆਂ ਮਿਤੀਆਂ 'ਤੇ ਨੋਟਿਸਾਂ 'ਚ ਹੇਠਾਂ ਦਰਸਾਈਆਂ ਰਕਮਾਂ, ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦੇ ਦਿੰਦੇ ਨੋਟਿਸ ਜਾਰੀ ਕੀਤੇ ਹਨ।
ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰ (ਕਰਜ਼ਦਾਰਾਂ) ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤੇ ਵਿਰੁੱਧ ਦਰਜ ਤਾਰੀਕ 'ਤੇ ਕਬਜ਼ਾ ਹਾਸਲ ਕਰ ਲਿਆ ਹੈ।
ਸੰਬੰਧਤ ਪਾਰਟੀਆਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖ਼ਬਰਦਾਰ ਕੀਤਾ ਜਾਂਦਾ ਹੈ ਅਤੇ ਕੋਈ ਵੀ ਸੌਦੇਬਾਜ਼ੀ ਬੈਂਕ ਆਫ ਬੜੌਦਾ ਡੁਗਰੀ ਰੋਡ, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁਲ ਰਕਮ ਜਮ੍ਹਾਂ ਉਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਸਮੇਤ ਵਸੂਲੀ ਜਾਵੇਗੀ।
ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀ ਜਾਇਦਾਦ/ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਖੜ੍ਹੀ ਰਕਮ |
|---|---|---|---|---|
| (ਕਰਜ਼ਦਾਰ/ਕਰਜ਼ਦਾਰਾਂ) : ਸ੍ਰੀ ਰਾਮਨਾਥ ਪੁੱਤਰ ਸ੍ਰੀ ਤ੍ਰਿਪ ਰਾਮ, ਸ੍ਰੀਮਤੀ ਇਸ਼ਵਰੀ ਦੇਵੀ ਪਤਨੀ ਰਾਮ ਨਾਥ ਅਤੇ ਸ੍ਰੀ ਟੋਨੀ ਪੁੱਤਰ ਸ੍ਰੀ ਰਾਮ ਨਾਥ ਸਾਰੇ ਵਾਸੀ ਮਕਾਨ ਨੰ. 7/8, ਗਲੀ ਨੰ. 15, ਸ਼ਹੀਦ ਭਗਤ ਸਿੰਘ ਨਗਰ, ਧਾਂਦਰਾ ਰੋਡ, ਲੁਧਿਆਣਾ। | ਖਸਰਾ ਨੰ. 1641, 1640, 1631, 1632, 1639, 1633, ਖਾਤਾ ਨੰ. 52/54, 59/61, 62/65 'ਚ ਸ਼ਾਮਲ ਜਮ੍ਹਾਂਬੰਦੀ ਸਾਲ 2010-2011 ਅਨੁਸਾਰ ਵਾਕਿਆ ਗਿੱਲ-2, ਹਦਬਸਤ ਨੰ. 263, ਤਹਿ. ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਰਿਹਾਇਸ਼ੀ ਮਕਾਨ ਰਕਬਾ 60 ਵਰਗ ਗਜ਼ ਦੇ ਸਾਰੇ ਹਿੱਸੇ, | 30.07.2024 | 08.10.2024 | ਸੰਕੇਤਕ ਕਬਜ਼ਾ / ਰੁਪਏ 9,32,890.24/-(ਰੁਪਏ ਨੌ ਲੱਖ ਬੱਤੀ ਹਜ਼ਾਰ ਅੱਠ ਸੌ ਨੱਬੇ ਅਤੇ ਚੌਵੀਂ ਪੈਸੇ ਕੇਵਲ) ਅਤੇ ਇਸ ਉੱਪਰ ਵਿਆਜ। |

ਜਿਹੜੀ ਕਿ ਸ੍ਰੀ ਰਾਮ ਨਾਥ ਦੇ ਨਾਂਅ 'ਤੇ ਵਸੀਕਾ ਨੰ. 1894 ਮਿਤੀ 05-06-2015 ਤਹਿਤ ਰਜਿਸਟਰਡ ਹੈ।
ਹੱਦਾਂ : ਪੂਰਬ : ਗੁਆਂਢੀ 42'-10'', ਪੱਛਮ : ਗੁਆਂਢੀ 42'-10'', ਉੱਤਰ : ਗੁਆਂਢੀ 12'-8'', ਦੱਖਣ : ਗਲੀ 20' ਚੌੜੀ 12'-08''

ਮਿਤੀ : 08.10.2024 ਸਥਾਨ : ਲੁਧਿਆਣਾ ਅਧਿਕਾਰਤ ਅਫਸਰ



**UJJIVAN SMALL FINANCE BANK** ਦੂਜੀ ਮੰਜ਼ਲ, ਜੀ ਐੱਮ ਟੀ ਟੀ ਬਿਲਡਿੰਗ ਡੀ-7, ਸੈਕਟਰ 3 ਨੋਇਡਾ, ਯੂ ਪੀ 201301

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ) (ਰੂਲ 8 (1)**

ਜਦਕਿ, ਨਿਮਨਹਸਤਾਖਰੀ ਨੇ ਉਜੀਵਨ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ/ਗਰੰਟਰ ਨੂੰ ਨੋਟਿਸ 'ਚ ਦਰਸਾਈ ਰਕਮ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ/ਸਹਿ-ਕਰਜ਼ਦਾਰ/ਗਿਰਵੀਕਾਰ ਪੂਰੀ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰ/ਗਿਰਵੀਕਾਰ, ਸਹਿ-ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈ ਜਾਇਦਾਦ ਦਾ ਸਕਿਉਰਿਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼ 2002 ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਵਿਰੁੱਧ ਦਰਸਾਈਆਂ ਤਰੀਕਾਂ 'ਤੇ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ।
ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ/ਰਹਿਣਕਾਰ ਦੇ ਸਹਿ-ਕਰਜ਼ਦਾਰ/ਰਹਿਣਕਾਰ ਅਤੇ ਸਹਿ-ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।
ਕਰਜ਼ਦਾਰ/ਰਹਿਣਕਾਰ, ਸਹਿ-ਕਰਜ਼ਦਾਰ/ਰਹਿਣਕਾਰ ਅਤੇ ਸਹਿ-ਕਰਜ਼ਦਾਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਹਨਾਂ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖ਼ਬਰਦਾਰ ਕੀਤਾ ਜਾਂਦਾ ਹੈ। ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਹੇਠ ਦਰਸਾਈ ਬਕਾਇਆ ਰਕਮ ਅਤੇ ਇਸ ਉੱਪਰ ਵਿਆਜ ਅਤੇ ਲਾਗਤਾਂ ਸਮੇਤ ਉਜੀਵਨ ਸਮਾਲ ਫਾਇਨਾਂਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ।

| ਕਰਜ਼ਦਾਰ/ਸਹਿ-ਕਰਜ਼ਦਾਰ/ਗਿਰਵੀਕਾਰ ਦਾ ਨਾਂਅ ਅਤੇ ਪਤਾ | ਅਚੱਲ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ ਅਤੇ ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ ਅਨੁਸਾਰ ਰਕਮ |
|---|---|---|---|
| 1. ਉਮੇਸ਼ ਰਾਏ ਪੁੱਤਰ ਬਿੰਦਸਵਾ ਰਾਏ ਉਰਫ ਬਿੰਦੇਸ਼ਵਰ ਰੇਅ ਵਾਸੀ ਮਕਾਨ ਨੰ. 3627, ਗਲੀ ਨੰ. 6, ਗਿੱਲ ਰੋਡ, ਨੇੜੇ ਰੋਕੀ ਮਾਡਲ ਸਕੂਲ, ਚੇਤ ਸਿੰਘ ਨਗਰ, ਜਨਤਾ ਨਗਰ, ਲੁਧਿਆਣਾ-ਪੰਜਾਬ-141003 2. ਪਰਮਿਲਾ ਦੇਵੀ ਪਤਨੀ ਉਮੇਸ਼ ਰਾਏ ਵਾਸੀ ਮਕਾਨ ਨੰ. 3627, ਗਲੀ ਨੰ. 6, ਗਿੱਲ ਰੋਡ, ਨੇੜੇ ਰੋਕੀ ਮਾਡਲ ਸਕੂਲ, ਚੇਤ ਸਿੰਘ ਨਗਰ, ਜਨਤਾ ਨਗਰ, ਲੁਧਿਆਣਾ, ਪੰਜਾਬ-141003 ਕਰਜ਼ਾ ਖਾਤਾ ਨੰ. 2275210170000154 ਅਤੇ 2275210170000067 | ਪਿੰਡ ਗਿੱਲ-1, ਹਦਬਸਤ ਨੰ. 263, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਜਮ੍ਹਾਂਬੰਦੀ ਵਾਸਤੇ ਸਾਲ 2010-2011 ਵਿੱਚ ਦਰਜ ਅਨੁਸਾਰ ਖਾਤਾ ਨੰ. 62/99, 100, 101, ਖਸਰਾ ਨੰ. 6164/261/2, 3534/260, 6163/261, 3533/260 ਵਿੱਚ ਸ਼ਾਮਲ ਪਿੰਡ ਚੇਤ ਸਿੰਘ ਨਗਰ, ਗਿੱਲ-1, ਲੁਧਿਆਣਾ ਵਿੱਚ ਸਥਿਤ ਰਿਹਾਇਸ਼ੀ ਮਕਾਨ ਨੰ. ਬੀ-22-3627 ਰਕਬਾ 100 ਵਰਗ ਗਜ਼ ਦੇ ਸਾਰੇ ਹਿੱਸੇ। ਹੱਦਾਂ ਇੰਝ ਹਨ : ਪੂਰਬ : ਗਲੀ, ਪੱਛਮ : ਗੁਆਂਢੀ, ਉੱਤਰ : ਗੁਆਂਢੀ, ਦੱਖਣ : ਗੁਆਂਢੀ। ''ਜਾਇਦਾਦ ਅਰਥਾਤ ਨੰ. 2 ਵਿੱਚ ਵਰਨਣ ਪਰਮਿਲ ਦੇਵੀ ਪਤਨੀ ਉਮੇਸ਼ ਰਾਏ ਨਾਲ ਸੰਬੰਧਤ ਹੈ।'' | ਡਿਮਾਂਡ ਨੋਟਿਸ ਦੀ ਮਿਤੀ : 23.07.2024 ਸੰਕੇਤਕ ਕਬਜ਼ੇ ਦੀ ਮਿਤੀ :07.10.2024 | 21-07-2024 ਨੂੰ ਰੁਪਏ 36,07.180/- |

ਮਿਤੀ : 09.10.2024 ਸਥਾਨ : ਲੁਧਿਆਣਾ ਅਧਿਕਾਰਤ ਅਫਸਰ



**YES BANK** ਰਜਿਸਟਰਡ ਦਫਤਰ : ਯੈੱਸ ਬੈਂਕ ਹਾਊਸ, ਆਫ ਵੈੱਸਟਰਨ ਐੱਕਸਪ੍ਰੈੱਸ ਹਾਈਵੇ, ਸਾਂਤਾਕਰੂਜ਼ (ਈਸਟ), ਮੁੰਬਈ-400055
ਬਰਾਂਚ ਦਫਤਰ : ਯੈੱਸ ਬੈਂਕ ਲਿਮਟਿਡ। B XX2427-928, ਪਹਿਲੀ ਮੰਜ਼ਲ, ਗੋਬਿੰਦ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ-141001 ਵੈੱਬਸਾਈਟ : www.yesbank.in

**ਸਰਫੇਸੀ ਐਕਟ ਦੇ ਸੈਕਸ਼ਨ 13 (2) ਅਧੀਨ ਨੋਟਿਸ ਦੀ ਪ੍ਰਕਾਸ਼ਨਾ**

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ/(ਗਰੰਟਰਾਂ)/ਨਿਰਦੇਸ਼ਕਾਂ/ਗਿਰਵੀਕਾਰ (ਗਿਰਵੀਕਾਰਾਂ), ਜਿਨ੍ਹਾਂ ਨੇ ਬੈਂਕ ਤੋਂ ਲਈ ਕਰਜ਼ਾ ਸਹੂਲਤ ਦਾ ਮੂਲ ਅਤੇ ਵਿਆਜ ਵਾਪਸ ਮੋੜਨ 'ਚ ਅਸਫਲਤਾ ਦਿਖਾਈ ਅਤੇ ਜਿਨ੍ਹਾਂ ਦੇ ਕਰਜ਼ਾ ਖਾਤੇ ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ 'ਐੱਸਟ ਕਲਾਸੀਫਿਕੇਸ਼ਨ ਗਾਈਡਲਾਈਨਜ਼' ਦੀਆਂ ਸ਼ਰਤਾਂ ਤੋਂ ਬਾਹਰੀ ਹੋਣ ਕਾਰਨ ਨਾਨ-ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੇ ਗਏ ਹਨ। ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਦੇ ਸੈਕਸ਼ਨ 13 (2) ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (ਸਰਫੇਸੀ ਐਕਟ) ਤਹਿਤ ਉਨ੍ਹਾਂ ਦੇ ਜਾਣਕਾਰੀ ਵਾਲੇ ਆਖਰੀ ਪਤਿਆਂ 'ਤੇ ਨੋਟਿਸ ਜਾਰੀ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਜਾਣਕਾਰੀ ਦਿੱਤੀ ਗਈ ਹੈ।

| ਕਰਜ਼ਦਾਰ/ਗਰੰਟਰ (ਗਰੰਟਰਾਂ)/ਸਕਿਉਰਿਟੀ ਪ੍ਰਬੰਧਕ/ਪ੍ਰਬੰਧਕਾਂ ਦੇ ਨਾਂਅ | ਜਾਇਦਾਦਾਂ ਦੇ ਵੇਰਵੇ/ਕਬਜ਼ੇ 'ਚ ਲਏ ਜਾਣ ਵਾਲੇ ਸਕਿਉਰਡ ਐੱਸਟਸ ਅਤੇ ਗਿਰਵੀਕਾਰ ਦਾ ਪਤਾ | ਨੋਟਿਸ ਦੀ ਮਿਤੀ | ਐੱਨ ਪੀ ਏ ਦੀ ਮਿਤੀ | ਬਕਾਇਆ ਰਾਸ਼ੀ |
|---|---|---|---|---|
| 1. ਰਾਮ ਬਾਬੂ ਪੁੱਤਰ ਮਹਾਵੀਰ, ਪਤਾ : ਮਕਾਨ ਨੰ. 130, ਆਂਗਨਦਲ ਇਨਕਲੇਵ, ਪਿੰਡ ਤੇ ਡਾਕਖਾਨਾ ਦਾਦ ਪੱਖੋਵਾਲ ਰੋਡ ਦਾਦ, ਲੁਧਿਆਣਾ, ਪੰਜਾਬ-142022 (''ਕਰਜ਼ਦਾਰ ਅਤੇ ਗਿਰਵੀਕਾਰ'') 2. ਪਿੰਕੀ ਦੇਵੀ ਪਤਨੀ ਰਾਮ ਬਾਬੂ, ਪਤਾ: ਮਕਾਨ ਨੰ. 130 ਆਂਗਨਦਲ ਇਨਕਲੇਵ ਪਿੰਡ ਤੇ ਡਾਕਖਾਨਾ ਦਾਦ ਪੱਖੋਵਾਲ ਰੋਡ, ਦਾਦ, ਲੁਧਿਆਣਾ, ਪੰਜਾਬ-142022 (''ਸਹਿ-ਕਰਜ਼ਦਾਰ'')। | 1. ਜਮ੍ਹਾਂਬੰਦੀ ਵਾਸਤੇ ਸਾਲ 2014-15 ਹਦਬਸਤ ਨੰ. 279, ਪਿੰਡ ਦਾਦ ਦੀ ਬਸੰਤ ਸਿਟੀ ਤਹਿ. ਅਤੇ ਜ਼ਿਲ੍ਹਾ ਲੁਧਿਆਣਾ ਅਨੁਸਾਰ ਖੇਵਟ ਖਤੌਨੀ ਨੰ. 777/1016 ਖਸਰਾ ਨੰ. 1418 ਵਿੱਚ ਸ਼ਾਮਲ ਦਾਦ, ਲੁਧਿਆਣਾ ਵਿਖੇ ਸਥਿਤ ਗੈਰ ਖੇਤੀਬਾੜੀ ਜਾਇਦਾਦ ਰਕਬਾ 100 ਵਰਗ ਗਜ਼ ਦੇ ਸਾਰੇ ਹਿੱਸੇ। ਹੱਦਾਂ ਹੇਠਾਂ ਅਨੁਸਾਰ (ਸਥਾਨ ਮੁਤਾਬਕ) : ਉਤਰ: ਅੰਗਪਾਲ ਸਿੰਘ 50 ਫੁੱਟ 0 ਇੰਚ ਤੱਕ, ਦੱਖਣ : ਗੁਆਂਢੀ 18 ਫੁੱਟ 0 ਇੰਚ ਤੱਕ, ਪੂਰਬ : ਗੁਆਂਢੀ 50 ਫੁੱਟ 0 ਇੰਚ ਤੱਕ, ਪੱਛਮ : ਗਲੀ ਚੌੜੀ 20 ਫੁੱਟ, 18 ਫੁੱਟ 0 ਇੰਚ ਤਕ। ਗਿਰਵੀਕਾਰ : ਰਾਮ ਬਾਬੂ ਪੁੱਤਰ ਮਹਾਂਵੀਰ। | 30 ਸਤੰਬਰ 2024 | 08 ਅਕਤੂਬਰ 2023 | ਮਿਤੀ 20.09.2024 ਅਨੁਸਾਰ ਰੁਪਏ 15,14,274.09 |
| 1.ਸੰਜੇ ਜਾਇਸਵਾਲ ਪੁੱਤਰ ਰਾਮ ਦੇਵ ਜਾਇਸਵਾਲ, ਪਤਾ: ਪਲਾਟ ਨੰ. 431: ਪਲਾਟ ਨੰ. 140, ਗਲੀ ਨੰ. 1, ਗੁਰੂ ਬਾਗ ਕਾਲੋਨੀ, ਮੁੰਡੀਆਂ ਕਲਾਂ, ਚੰਡੀਗੜ੍ਹ ਰੋਡ, ਲੁਧਿਆਣਾ, ਪੰਜਾਬ-141001, ਵਿਖੇ ਵੀ : ਸਾਹਮਣੇ ਦੈਨਿਕ ਜਾਗਰਣ ਪਰਨਜੀਤ ਕਲੋਨੀ, ਮੁੰਡੀਆਂ ਕਲਾਂ ਫੋਕਲ ਪੁਆਇੰਟ, ਲੁਧਿਆਣਾ, ਪੰਜਾਬ-141010 (''ਕਰਜ਼ਦਾਰ ਅਤੇ ਗਿਰਵੀਕਾਰ'') 2. ਰਜਨੀ ਮਾਰਫਤ ਸੰਜੇ ਜਾਇਸਵਾਲ, ਪਤਾ: ਐਲਆਈਜੀ-422, ਜੇ ਪੀ ਜਮਾਲਪੁਰ, ਫੋਕਲ ਪੁਆਇੰਟ, ਲੁਧਿਆਣਾ, ਪੰਜਾਬ-141010 (''ਸਹਿ-ਕਰਜ਼ਦਾਰ'') 3. ਅਮਰ | ਮੁੰਡੀਆਂ ਕਲਾਂ, ਹਦਬਸਤ ਨੰ: 179, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਜਮ੍ਹਾਂਬੰਦੀ ਵਾਸਤੇ ਸਾਲ 2009-10 ਅਨੁਸਾਰ ਖਾਤਾ ਨੰ. 125/131, 396/422, 397/423, 425/457, 497/534, ਖਸਰਾ ਨੰ. 863/2, 866, 867, 868, 875, 876, 865, 864 ਵਿੱਚ ਸ਼ਾਮਲ ਗੁਰੂ ਬਾਗ ਕਲੋਨੀ, ਨੇੜੇ ਗੁਰੂ ਤੇਗ ਬਹਾਦਰ ਨਗਰ, ਮੁੰਡੀਆਂ ਕਲਾਂ, ਲੁਧਿਆਣਾ ਵਿਖੇ ਸਥਿਤ ਗੈਰ-ਖੇਤੀਬਾੜੀ ਜਾਇਦਾਦ ਪਲਾਟ ਨੰ: 140 ਰਕਬਾ; 242 ਵਰਗ ਗਜ਼ ਦੇ ਸਾਰੇ ਹਿੱਸੇ। ਹੱਦਾਂ ਇੰਝ ਹਨ : ਪੂਰਬ : ਪਲਾਟ ਨੰ. 141 ਰਕਬਾ 75 ਫੁੱਟ 0 ਇੰਚ, ਪੱਛਮ : ਪਲਾਟ ਨੰ. 139 ਰਕਬਾ 75 ਫੁੱਟ 0 ਇੰਚ, ਉਤਰ : ਪਲਾਟ ਨੰ. 119 ਰਕਬਾ 30 ਫੁੱਟ 0 ਇੰਚ, ਦੱਖਣ : ਗਲੀ 20 ਫੁੱਟ ਚੌੜੀ ਪੈਮਾਇਸ਼ 30 ਫੁੱਟ 0 ਇੰਚ। ਗਿਰਵੀਕਾਰ : ਸੰਜੇ ਜਾਇਸਵਾਲ ਪੁੱਤਰ ਰਾਮਦੇਵ ਜਾਇਸਵਾਲ। | 30 ਸਤੰਬਰ 2024 | 13 ਜੂਨ 2024 | ਮਿਤੀ 30.09.2024 ਅਨੁਸਾਰ ਰੁਪਏ 51,72,334.26 |
| ਜਾਇਸਵਾਲ ਪੁੱਤਰ ਰਾਮ ਦੇਵ, ਪਤਾ : ਮਕਾਨ ਨੰ. 422 ਐਲਆਈਜੀ, ਵਾਰਡ ਨੰ. 13, ਚੰਡੀਗੜ੍ਹ ਰੋਡ, ਪੀਐੱਚਬੀ ਕਲੋਨੀ, ਜਮਾਲਪੁਰ, ਲੁਧਿਆਣਾ, ਫੋਕਲ ਪੁਆਇੰਟ, ਪੰਜਾਬ-141010 (''ਸਹਿ-ਕਰਜ਼ਦਾਰ'') 4. ਜਾਨਕੀ ਦੇਵੀ ਪਤਨੀ ਰਾਮ ਦੇਵ, ਪਤਾ: ਮਕਾਨ ਨੰ. 422, ਜਮਾਲਪੁਰ, ਵਾਰਡ ਨੰ. 23 ਐਲਆਈ ਜੀ, ਪੀਬੀਐੱਚ ਕਲੋਨੀ, ਫੋਕਲ ਪੁਆਇੰਟ, ਲੁਧਿਆਣਾ ਪੰਜਾਬ-141010 (''ਸਹਿ-ਕਰਜ਼ਦਾਰ'') | | | | |
| 1. ਰਾਮ ਪਾਲ ਪੁੱਤਰ ਗੁਰਾ ਦਾਸ, ਪਤਾ : ਵਾਰਡ ਨੰ. 04, ਗੁਰੂ ਨਾਨਕ ਨਗਰ, ਭੋਗਪੁਰ, ਜਲੰਧਰ, ਪੰਜਾਬ-144201 (''ਕਰਜ਼ਦਾਰ'')। 2. ਕਮਲਜੀਤ ਕੌਰ ਪਤਨੀ ਰਾਮ ਪਾਲ, ਪਤਾ: ਵਾਰਡ ਨੰ. 04, ਗੁਰੂ ਨਾਨਕ ਨਗਰ, ਭੋਗਪੁਰ, ਜਲੰਧਰ, ਪੰਜਾਬ-144201, (''ਸਹਿ-ਕਰਜ਼ਦਾਰ ਅਤੇ ਗਿਰਵੀਕਾਰ'') | ਗੈਰ ਖੇਤੀਬਾੜੀ ਜਾਇਦਾਦ ਰਕਬਾ 05 ਮਰਲੇ ਢਾਈ ਸਰਸਾਹੀ ਦੇ ਸਾਰੇ ਹਿੱਸੇ, ਖਾਤਾ ਨੰ. 132/154, ਖਸਰਾ ਨੰ: 9//1/2 (4-0), 2(8-0), 3(8-0), 4(8-0), 7(8-0), 9 (8-0), 10/1 (4-0) ਕਿੱਤੇ 7, ਜੋ ਨੰਗਲ ਖੁਰਦ ਤਹਿ: ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਹੈ। ਹੱਦਾਂ ਇੰਝ ਹਨ : ਉਤਰ: ਰਸਤਾ, ਦੱਖਣ: ਹੋਰਨਾਂ, ਪੂਰਬ: ਪ੍ਰਵੀਨ ਕੁਮਾਰ, ਪੱਛਮ: ਰਸਤਾ। ਗਿਰਵੀਕਾਰ : ਕਮਲਜੀਤ ਕੌਰ ਪਤਨੀ ਰਾਮ ਪਾਲ। | 30 ਸਤੰਬਰ 2024 | 13 ਅਗਸਤ 2024 | ਮਿਤੀ 30.09.2024 ਅਨੁਸਾਰ ਰੁਪਏ 7,49,828.05 |
| (1) ਮੈਸ. ਮਨਤ ਸਟੀਲਜ਼ ਰਾਹੀਂ ਇਸ ਦੇ ਮਾਲਕ ਵਿਜੇ ਕੁਮਾਰ, ਦਫਤਰ ਦਾ ਪਤਾ: ਸ਼ਿਮਲਾਪੁਰੀ, ਲੁਧਿਆਣਾ, ਪੰਜਾਬ-141003, ਵਿਖੇ ਵੀ: ਭੱਟਾ ਭਗਤ ਸਿੰਘ, ਬੀ-17-2390, ਨੇੜੇ ਗੁਰਦਵਾਰਾ, ਜੰਮੂ ਕਲੋਨੀ, ਅਬਦੁਲਾਪੁਰ ਬਸਤੀ, ਲੁਧਿਆਣਾ, ਪੰਜਾਬ-141003 (ਕਰਜ਼ਦਾਰ) 2. ਵਿਜੇ ਕੁਮਾਰ ਪੁੱਤਰ ਮੁਨਸ਼ੀ ਰਾਮ, ਪਤਾ: ਮਕਾਨ ਨੰ. 124, ਐੱਚਆਈਜੀ। ਫੇਜ਼-3-ਡੀ, ਅਰਬਨ ਅਸਟੇਟ, ਡੁਗਰੀ ਬਸੰਤ ਐਵੀਨਿਊ ਲੁਧਿਆਣਾ, ਪੰਜਾਬ-141013 (ਕਰਜ਼ਦਾਰ), 3. ਪੂਨਮ ਪਤਨੀ ਸਤੀਸ਼ ਕੁਮਾਰ, ਪਤਾ: 2851, ਨੇੜੇ ਬਾਲੀ ਹਸਪਤਾਲ, ਇੰਦਰਾ ਨਗਰ, ਇੰਦਰ ਨਗਰ, ਭਾਰਤ ਨਗਰ ਚੌਕ, ਲੁਧਿਆਣਾ, ਪੰਜਾਬ-14100 ('ਸਹਿ-ਕਰਜ਼ਦਾਰ, ਗਿਰਵੀਕਾਰ ਅਤੇ ਗਰੰਟਰ) 4. ਸਤੀਸ਼ ਕੁਮਾਰ ਪੁੱਤਰ ਮੁਨਸ਼ੀ ਰਾਮ, ਪਤਾ: 2851, ਨੇੜੇ ਬਾਲੀ ਹਸਪਤਾਲ, ਇੰਦਰਾ ਨਗਰ, ਇੰਦਰ ਨਗਰ, ਮਿਲਰਗੰਜ, ਲੁਧਿਆਣਾ, ਪੰਜਾਬ-141003 (ਸਹਿ-ਕਰਜ਼ਦਾਰ, ਗਿਰਵੀਕਾਰ ਅਤੇ ਗਰੰਟਰ)। | ਜਾਇਦਾਦ ਨੰ. 1 : ਪਿੰਡ ਨੂਰਭੈਣੀ, ਹਦਬਸਤ ਨੰ. 169, ਅਬਾਦੀ ਇੰਦਰਾ ਨਗਰ ਵਜੋਂ ਜਾਣੀ ਜਾਂਦੀ, ਬਸਤੀ ਅਬਦੁਲਾਪੁਰ, ਤਹਿ. ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਜਮ੍ਹਾਂਬੰਦੀ ਵਾਸਤੇ ਸਾਲ 2009-10 ਅਨੁਸਾਰ ਖਸਰਾ ਨੰ. 266/50/2, ਖਾਤਾ ਨੰ. 140/220 ਵਿੱਚ ਸ਼ਾਮਲ ਗੈਰ ਖੇਤੀਬਾੜੀ ਜਾਇਦਾਦ ਅਰਥਾਤ ਮਕਾਨ ਨੰ. ਬੀ-17-2851, ਜਾਇਦਾਦ ਰਕਬਾ 150 ਵਰਗ ਗਜ਼ ਦੇ ਸਾਰੇ ਹਿੱਸੇ । ਹੱਦਾਂ ਇੰਝ ਹਨ : ਪੂਰਬ : ਗੁਆਂਢੀ ਰਕਬਾ 22 ਫੁੱਟ 6 ਇੰਚ, ਪੱਛਮ : ਗਲੀ 20 ਫੁੱਟ ਚੌੜੀ ਪੈਮਾਇਸ਼ 22 ਫੁੱਟ 6 ਇੰਚ, ਉੱਤਰ: ਗੁਆਂਢੀ ਰਕਬਾ 60 ਫੁੱਟ, ਦੱਖਣ : ਗੁਆਂਢੀ ਰਕਬਾ 60 ਫੁੱਟ। ਗਿਰਵੀਕਾਰ: ਸਤੀਸ਼ ਕੁਮਾਰ ਪੁੱਤਰ ਮੁਨਸ਼ੀ ਰਾਮ। ਜਾਇਦਾਦ ਨੰ: 2 : ਪਿੰਡ ਨੂਰਭੈਣੀ, ਹਦਬਸਤ ਨੰ: 169, ਅਬਾਦੀ ਇੰਦਰਾ ਨਗਰ ਵਜੋਂ ਜਾਣੀ ਜਾਂਦੀ, ਬਸਤੀ ਅਬਦੁਲਾਪੁਰ, ਤਹਿ. ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਜਮ੍ਹਾਂਬੰਦੀ ਵਾਸਤੇ ਸਾਲ 2009-10 ਅਨੁਸਾਰ ਖਸਰਾ ਨੰ: 266/50/2 ਖਾਤਾ ਨੰ: 140/220 ਵਿੱਚ ਸ਼ਾਮਲ ਗੈਰ ਖੇਤੀਬਾੜੀ ਜਾਇਦਾਦ ਅਰਥਾਤ ਮਕਾਨ ਨੰ: ਬੀ 17-2851 ਜਾਇਦਾਦ ਰਕਬਾ 110 ਵਰਗ ਗਜ਼ ਦੇ ਸਾਰੇ ਹਿੱਸੇ। ਹੱਦਾਂ ਇੰਝ ਹਨ: ਪੂਰਬ: ਗੁਆਂਢੀ 16 ਰਕਬਾ ਫੁੱਟ 6 ਇੰਚ, ਪੱਛਮ : ਗਲੀ 20 ਫੁੱਟ ਚੌੜੀ ਪੈਮਾਇਸ਼ 16 ਫੁੱਟ 6 ਇੰਚ, ਉੱਤਰ : ਗੁਆਂਢੀ ਰਕਬਾ 60 ਫੁੱਟ, ਦੱਖਣ : ਗੁਆਂਢੀ ਰਕਬਾ 60 ਫੁੱਟ। ਗਿਰਵੀਕਾਰ : ਸਤੀਸ਼ ਕੁਮਾਰ ਪੁੱਤਰ ਮੁਨਸ਼ੀ ਰਾਮ। ਜਾਇਦਾਦ ਨੰ: 3: ਪਿੰਡ ਗਿਲ-1, ਹਦਬਸਤ ਨੰ: 263 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਜਮ੍ਹਾਂਬੰਦੀ ਵਾਸਤੇ ਸਾਲ 2000-2001 ਵਿੱਚ ਦਰਜ ਅਨੁਸਾਰ ਖਾਤਾ ਨੰ: 1126/1510, ਖਸਰਾ ਨੰ: 8720/853/15 ਵਿੱਚ ਸ਼ਾਮਲ ਪ੍ਰੀਤ ਨਗਰ, ਲੁਧਿਆਣਾ ਵਿੱਚ ਸਥਿਤ ਗੈਰ ਖੇਤੀਬਾੜੀ ਜਾਇਦਾਦ ਅਰਥਾਤ ਮਕਾਨ ਕਮ ਪਲਾਟ ਰਕਬਾ 100 ਵਰਗ ਗਜ਼ ਦੇ ਸਾਰੇ ਹਿੱਸੇ। ਹੱਦਾਂ ਇੰਝ ਹਨ: ਪੂਰਬ ਕੌਸ਼ਲ 22 ਫੁੱਟ 0 ਇੰਚ ਤਕ, ਪੱਛਮ : ਗਲੀ ਚੌੜੀ 20 ਫੁੱਟ, 22 ਫੁੱਟ 0 ਇੰਚ ਤਕ, ਉੱਤਰ : ਪਾਲ ਸਿੰਘ 41 ਫੁੱਟ 0 ਇੰਚ ਤਕ, ਦੱਖਣ : ਗੁਆਂਢੀ 41 ਫੁੱਟ 0 ਇੰਚ ਤਕ। ਗਿਰਵੀਕਾਰ : ਸਤੀਸ਼ ਕੁਮਾਰ ਪੁੱਤਰ ਮੁਨਸ਼ੀ ਰਾਮ। ਜਾਇਦਾਦ ਨੰ: 4 : ਪਿੰਡ ਗਿਲ-1, ਹਦਬਸਤ ਨੰ. 263, ਤਹਿ. ਅਤੇ ਜ਼ਿਲ੍ਹਾ ਲੁਧਿਆਣਾ ਦੀ ਜਮ੍ਹਾਂਬੰਦੀ ਵਾਸਤੇ ਸਾਲ 2000-2001 'ਚ ਦਰਜ ਅਨੁਸਾਰ ਖਾਤਾ ਨੰ: 1150/1566, 1151/1567, ਖਸਰਾ ਨੰ: 8765/853, 8766/853, 8767/853 ਵਿੱਚ ਸ਼ਾਮਲ ਪ੍ਰੀਤ ਨਗਰ, ਲੁਧਿਆਣਾ ਵਿੱਚ ਸਥਿਤ ਗੈਰ ਖੇਤੀਬਾੜੀ ਜਾਇਦਾਦ ਅਰਥਾਤ ਮਕਾਨ ਕਮ ਪਲਾਟ ਰਕਬਾ 100 ਵਰਗ ਗਜ ਦੇ ਸਾਰੇ ਹਿੱਸੇ। ਹੱਦਾਂ ਇੰਝ ਹਨ : ਪੂਰਬ : ਮੋਹਿਨੀ 22 ਫੁੱਟ-0 ਇੰਚ ਤਕ, ਪੱਛਮ : ਗਲੀ ਚੌੜੀ 24 ਫੁੱਟ 22'-0 ਇੰਚ ਤਕ, ਉੱਤਰ : ਗੁਆਂਢੀ 41 ਫੁੱਟ 0 ਇੰਚ ਤਕ, ਦੱਖਣ : ਪਾਲ ਸਿੰਘ 41 ਫੁੱਟ 0 ਇੰਚ ਤਕ। ਗਿਰਵੀਕਾਰ : ਸਤੀਸ਼ ਕੁਮਾਰ ਪੁੱਤਰ ਮੁਨਸ਼ੀ ਰਾਮ। ਜਾਇਦਾਦ ਨੰ: 5 : ਪਿੰਡ ਧਾਂਦਰਾ-1, ਹਦਬਸਤ ਨੰ: 274 ਅਬਾਦੀ ਸਤਜੋਤ ਨਗਰ ਵਜੋਂ ਜਾਣੀ ਜਾਂਦੀ, ਤਹਿ. ਅਤੇ ਜ਼ਿਲ੍ਹਾ ਲੁਧਿਆਣਾ ਵਿੱਚ ਸਥਿਤ ਜਮ੍ਹਾਂਬੰਦੀ ਵਾਸਤੇ ਸਾਲ 2012-13 ਅਨੁਸਾਰ ਖਸਰਾ ਨੰ. 303-304-305-306-307-308-309-310-311-312 ਖਾਤਾ ਨੰ: 570/687-688-689 ਵਿੱਚ ਸ਼ਾਮਲ ਗੈਰ ਖੇਤੀਬਾੜੀ ਜਾਇਦਾਦ ਅਰਥਾਤ ਮਕਾਨ ਕਮ ਪਲਾਟ ਨੰ. 24 ਜਾਇਦਾਦ ਰਕਬਾ 200 ਵਰਗ ਗਜ ਦੇ ਸਾਰੇ ਹਿੱਸੇ। ਹੱਦਾਂ ਇੰਝ ਹਨ : ਪੂਰਬ : ਸੜਕ 25 ਫੁੱਟ ਚੌੜੀ ਪੈਮਾਇਸ਼ 30 ਫੁੱਟ, ਪੱਛਮ: ਪਲਾਟ ਨੰ: 18 ਪੈਮਾਇਸ਼ 30 ਫੁੱਟ, ਉੱਤਰ : ਪਲਾਟ ਨੰ: 9-10 ਪੈਮਾਇਸ਼ 60 ਫੁੱਟ, ਦੱਖਣ : ਪਲਾਟ ਨੰ: 25 ਪੈਮਾਇਸ਼ 60 ਫੁੱਟ। ਗਿਰਵੀਕਾਰ ਪੂਨਮ ਪਤਨੀ ਸ਼ਤੀਸ਼ ਕੁਮਾਰ | 25 ਸਤੰਬਰ 2024 | 21 ਅਗਸਤ 2024 | ਮਿਤੀ 25.09.2024 ਅਨੁਸਾਰ ਰੁਪਏ 1,50,93,187.42 |

ਉਪਰੋਕਤ ਕਰਜ਼ਦਾਰ ਅਤੇ/ਜਾਂ ਉਨ੍ਹਾਂ ਦੇ ਗਰੰਟਰ(ਗਰੰਟਰਾਂ)/ਰਹਿਣਕਾਰ (ਰਹਿਣਕਾਰਾਂ) (ਜਦੋਂ ਵੀ ਲਾਗੂ ਹੋਵੇ) ਨੂੰ ਬਕਾਇਆ ਰਕਮ, ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ 60 ਦਿਨ ਗੁਜਰ ਜਾਣ ਤੋਂ ਬਾਅਦ ਸਰਫੇਸੀ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ। ਇਸ ਤੋਂ ਅੱਗੇ ਇਹ ਵੀ ਤੁਹਾਡੇ ਧਿਆਨ 'ਚ ਲਿਆਂਦਾ ਜਾਂਦਾ ਹੈ ਕਿ ਉਕਤ ਸਰਫੇਸੀ ਐਕਟ ਦੇ ਸੈਕਸ਼ਨ 13 (8) ਤਹਿਤ, ਜੇਕਰ ਸਾਡੇ ਬਕਾਏ ਸਮੇਤ ਸਾਡੇ ਵੱਲੋਂ ਸਹਿਣ ਕੀਤੀਆਂ ਗਈਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਤਬਾਦਲੇ ਲਈ ਤੈਅ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਅਦਾ ਕਰ ਦਿੱਤੇ ਜਾਂਦੇ ਹਨ ਤਾਂ ਸਾਡੇ ਵੱਲੋਂ ਸਕਿਉਰਡ ਐੱਸਟ ਵਿਕਰੀ ਜਾਂ ਤਬਦੀਲ ਨਹੀਂ ਕੀਤੇ ਜਾਣਗੇ ਅਤੇ ਸਾਡੇ ਵੱਲੋਂ ਸਕਿਉਰਡ ਐੱਸਟ ਨੂੰ ਤਬਦੀਲ ਜਾਂ ਵਿਕਰੀ ਕਰਨ ਸੰਬੰਧੀ ਅਗਲੇ ਕਦਮ ਨਹੀਂ ਉਠਾਏ ਜਾਣਗੇ।

ਮਿਤੀ : 08.10.2024 ਸਥਾਨ : ਪੰਜਾਬ — ਸਹੀ/- ਅਧਿਕਾਰਤ ਅਫਸਰ ਵਾਸਤੇ ਯੈੱਸ ਬੈਂਕ ਲਿਮਟਿਡ

9-Oct-PAGE-8.qxd 10/8/2024 10:49 PM Page 1



# ਪੰਚਾਇਤ ਚੋਣ ਡਿਊਟੀਆਂ ਦੇ ਸੰਬੰਧ 'ਚ ਵਧੀਕ ਡਿਪਟੀ ਕਮਿਸ਼ਨਰ ਨੂੰ ਮਿਲਿਆ ਸਾਂਝਾ ਅਧਿਆਪਕ ਮੋਰਚਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਅਧਿਆਪਕ ਜਥੇਬੰਦੀਆਂ ਦੇ ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਸੱਦੇ 'ਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਅਧਿਆਪਕਾਂ ਵੱਲੋਂ ਵਧੀਕ ਡਿਪਟੀ ਕਮਿਸ਼ਨਰ (ਜਨਰਲ ) ਰਾਹੁਲ ਚਾਬਾ ਨੂੰ ਪੰਚਾਇਤ ਚੋਣ ਡਿਊਟੀਆਂ ਦੇ ਸਨਮੁੱਖ ਅਧਿਆਪਕਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਮੰਗ-ਪੱਤਰ ਦਿੱਤਾ ਗਿਆ। ਇਹ ਮੰਗ-ਪੱਤਰ ਸਾਂਝਾ ਅਧਿਆਪਕ ਮੋਰਚਾ ਪੰਜਾਬ ਜ਼ਿਲ੍ਹਾ ਹੁਸ਼ਿਆਰਪੁਰ ਇਕਾਈ ਦੇ ਕਨਵੀਨਰ ਪ੍ਰਿੰਸੀਪਲ ਅਮਨਦੀਪ ਸ਼ਰਮਾ, ਜਤਿੰਦਰ ਸਿੰਘ, ਸੁਰਜੀਤ ਰਾਜਾ ਅਤੇ ਦਵਿੰਦਰ ਹੁਸ਼ਿਆਰਪੁਰ ਦੀ ਅਗਵਾਈ ਵਿੱਚ ਦਿੱਤਾ ਗਿਆ।ਇਸ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਵਿੱਚ ਰਾਜ ਚੋਣ ਕਮਿਸ਼ਨ ਵੱਲੋਂ 15 ਅਕਤੂਬਰ ਨੂੰ ਪੰਚਾਇਤੀ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ ਇਹਨਾਂ ਚੋਣਾਂ ਦੌਰਾਨ ਮਿਆਰੀ ਸੁਰੱਖਿਆ ਪ੍ਰਬੰਧਾਂ ਦੀ ਘਾਟ ਦੇ ਮੱਦੇਨਜ਼ਰ ਕਈ ਥਾਈਂ ਪੋਲਿੰਗ ਪਾਰਟੀ ਉੱਤੇ ਪੱਥਰਬਾਜ਼ੀ ਸਮੇਤ ਹੋਰ ਅਣ-ਸੁਖਾਵੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ। ਜਿਸ ਕਰਕੇ ਇਹ ਚੋਣ ਡਿਊਟੀ ਮੁਲਾਜ਼ਮਾਂ ਲਈ ਜਾਨ ਜੋਖ਼ਮ ਵਿੱਚ ਪਾਉਣ ਵਾਲੀ ਸਾਬਿਤ ਹੁੰਦੀ ਹੈ।ਇਸ ਸਭ ਦੇ ਮੱਦੇਨਜ਼ਰ ਹਰੇਕ ਵੋਟਿੰਗ ਕੇਂਦਰ ਤੇ ਢੁੱਕਵੀਂ ਗਿਣਤੀ ਵਿੱਚ ਸੁਰੱਖਿਆ ਕਰਮੀ ਲਗਾਏ ਜਾਣ ਤਾਂ ਜੋ ਡਿਊਟੀ ਮੁਲਾਜ਼ਮਾਂ ਦੀ ਸੁਰੱਖਿਆ ਦੇ ਨਾਲ-ਨਾਲ ਨਿਰਪੱਖ ਚੋਣ ਯਕੀਨੀ ਹੋ ਸਕੇ।ਸਾਰੀਆਂ ਚੋਣ ਡਿਊਟੀਆਂ ਮੁਲਾਜ਼ਮਾਂ ਦੇ ਸੰਬੰਧਿਤ ਰਿਹਾਇਸ਼ੀ/ਵਰਕਿੰਗ ਬਲਾਕ ਦੇ ਅੰਦਰ ਹੀ ਲਗਾਈਆਂ ਜਾਣ। ਔਰਤ ਮੁਲਾਜ਼ਮਾਂ ਅਤੇ ਪਰਖ ਕਾਲ ਅਧੀਨ ਮੁਲਾਜ਼ਮਾਂ ਦੀ ਡਿਊਟੀ ਪ੍ਰਜ਼ਾਈਡਿੰਗ ਅਫਸਰ ਵਜੋਂ ਨਾ ਲਗਾਈ ਜਾਵੇ।ਇਸ ਤੋਂ ਇਲਾਵਾ ਬੀ.ਐਲ.ਓਜ਼ ਵਜੋਂ ਪੰਜਾਬ ਦੇ ਬੇਰੁਜ਼ਗਾਰ ਨੌਜਵਾਨਾਂ ਵਿੱਚੋਂ ਵੱਖਰੀ ਪੱਕੀ ਭਰਤੀ ਕੀਤੀ ਜਾਵੇ ਕੱਚੇ ਅਤੇ ਸੁਸਾਇਟੀਆਂ ਅਧੀਨ ਮੁਲਾਜ਼ਮਾਂ ਨੂੰ ਡਿਊਟੀ ਦੌਰਾਨ ਰੈਗੂਲਰ ਮੁਲਾਜ਼ਮਾਂ ਵਾਲੀਆਂ ਸਾਰੀਆਂ ਸਹੂਲਤਾਂ (ਸਮੇਤ ਐਕਸ ਗਰੇਸ਼ੀਆ, ਆਸ਼ਰਿਤਾਂ ਲਈ ਨੌਕਰੀ) ਤਹਿਤ ਕਵਰ ਕੀਤਾ ਜਾਵੇ ਅਤੇ ਸਮੂਹ ਮੁਲਾਜ਼ਮਾਂ ਲਈ ਵਿਸ਼ੇਸ਼ ਬੀਮਾ ਰਾਸ਼ੀ ਦਾ ਪਬੰਧ ਕੀਤਾ ਜਾ ਕੰਪਿਊਟਰ ਅਧਿਆਪਕਾਂ ਅਤੇ ਹੋਰ ਅਧਿਆਪਕਾਂ ਨੂੰ ਲੰਬਾਂ ਸਮਾਂ ਦਫਤਰਾਂ ਵਿੱਚ ਚੋਣ ਡਿਊਟੀ ਅਧੀਨ ਉਲਝਾ ਕੇ ਰੱਖਣ ਦਾ ਗੈਰ-ਵਾਜਿਬ ਚਲਣ ਬੰਦ ਕੀਤਾ ਜਾਵੇ। ਇਸ ਮੌਕੇ ਸੁਨੀਲ ਕੁਮਾਰ, ਲੈਕਚਰਾਰ ਕਮਲ ਕਿਸ਼ੋਰ, ਲੈਕਚਰਾਰ ਹਰਵਿੰਦਰ ਸਿੰਘ, ਵਿਕਾਸ ਸ਼ਰਮਾ, ਰਾਜ ਕੁਮਾਰ, ਰਣਬੀਰ ਸਿੰਘ, ਸੰਦੀਪ ਕੁਮਾਰ ਬਾਗਪੁਰ, ਸਚਿਨ ਕੁਮਾਰ, ਮਨਦੀਪ ਬਰਿਆਣਾ, ਕ੍ਰਾਂਤੀ ਪਾਲ ਸ਼ਰਮਾ, ਕੁਲਵਿੰਦਰ ਸਿੰਘ , ਲਖਵੀਰ ਸਿੰਘ , ਜਸਵਿੰਦਰ ਸਿੰਘ ਸਮੇਤ ਅਨੇਕਾਂ ਅਧਿਆਪਕ ਸ਼ਾਮਲ ਸਨ।

# ਸਨਾਤਨ ਧਰਮ ਸਭਾ ਕਲੋਆ ਵੱਲੋਂ ਮਹਾਦੇਵ ਮੰਦਰ ਦੀ ਸਥਾਪਨਾ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)**- ਕਾਫੀ ਸਮੇਂ ਤੋਂ ਪਿੰਡ ਕਲੋਆ ਨਿਵਾਸੀਆਂ ਵੱਲੋਂ ਪਿੰਡ 'ਚ ਮਹਾਦੇਵ ਮੰਦਰ ਦੀ ਸਥਾਪਨਾ ਕਰਨ ਸੰਬੰਧੀ ਕੀਤੀ ਜਾ ਰਹੀ ਧਾਰਮਿਕ ਮੰਗ ਨੂੰ ਮੁੱਖ ਰੱਖਦੇ ਹੋਏ ਸਨਾਤਨ ਧਰਮ ਸਭਾ ਕਲੋਆ ਦੇ ਸਮੂਹ ਮੈਂਬਰਾਂ ਵੱਲੋਂ ਪਿੰਡ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਵਿੱਚ ਇੱਕ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਬੜੀ ਸ਼ਰਧਾ ਪੂਰਵਕ ਪੂਜਾ ਅਰਚਨਾ ਕਰਨ ਉਪਰੰਤ ਮਹਾਦੇਵ ਮੰਦਰ ਦੀ ਸਥਾਪਨਾ ਕੀਤੀ ਗਈ। ਇਸ ਮੌਕੇ ਹਰ ਹਰ ਮਹਾਦੇਵ ਦੇ ਜੈਕਾਰੇ ਲਗਾਉਂਦੇ ਹੋਏ ਝੰਡਾ ਚੜਾਉਣ ਦੀ ਰਸਮ ਸਨਾਤਨ ਧਰਮ ਸਭਾ ਦੇ ਪ੍ਰਧਾਨ ਆਕਾਸ਼ ਰਾਣਾ ਨੇ ਕੀਤੀ।

ਇਸ ਸਮਾਰੋਹ 'ਚ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਆਕਾਸ਼ ਰਾਣਾ ਨੇ ਕਿਹਾ ਕਿ ਮਹਾਦੇਵ ਦੇ ਸ਼ਰਧਾਲੂਆਂ ਵੱਲੋਂ ਕਾਫੀ ਸਮੇਂ ਤੋਂ ਕੀਤੀ ਜਾ ਰਹੀ ਮੰਗ ਨੂੰ ਮੁੱਖ ਰੱਖਦੇ ਹੋਏ ਸਨਾਤਨ ਧਰਮ ਸਭਾ ਕਲੋਆ ਵੱਲੋਂ ਪਿੰਡ ਵਿੱਚ ਮਹਾਦੇਵ ਮੰਦਰ ਦੀ ਸਥਾਪਨਾ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਸ੍ਰਿਸ਼ਟੀਕਰਤਾ ਭਗਵਾਨ ਸ਼ਿਵ ਸ਼ੰਕਰ ਭੋਲੇਨਾਥ ਸਾਰਿਆਂ ਦੇ ਭਗਵਾਨ ਹਨ ਇਸ ਲਈ ਸਾਨੂੰ ਸਾਰਿਆਂ ਨੂੰ ਹਰ ਧਰਮ ਦੇ ਧਾਰਮਿਕ ਸਮਾਰੋਹ 'ਚ ਜ਼ਰੂਰ ਸ਼ਾਮਲ ਹੋਣਾ ਚਾਹੀਦਾ ਹੈ। ਇਸ ਨਾਲ ਜਿੱਥੇ ਆਪਸੀ ਭਾਈਚਾਰੇ ਵਿੱਚ ਵਾਧਾ ਹੁੰਦਾ ਹੈ ਉੱਥੇ ਪ੍ਰਭੂ ਭਗਤੀ ਨਾਲ ਜੁੜਨ ਦੀ ਪ੍ਰੇਰਨਾ ਵੀ ਮਿਲਦੀ ਹੈ।ਉਨ੍ਹਾਂ ਕਿਹਾ ਕਿ ਇਸ ਮਹਾਦੇਵ ਮੰਦਰ ਦੀ ਉਸਾਰੀ ਦਾ ਕੰਮ ਬਹੁਤ ਜਲਦ ਸ਼ੁਰੂ ਕਰ ਦਿੱਤਾ ਜਾਵੇਗਾ ਤਾਂ ਜੋ ਮਹਾਦੇਵ ਦੇ ਸ਼ਰਧਾਲੂ ਰੋਜ਼ਾਨਾ ਮੰਦਰ ਚ ਮੱਥਾ ਟੇਕ ਕੇ ਪ੍ਰਭੂ ਚਰਨਾਂ ਨਾਲ ਜੁੜ ਸਕਣ।ਉਨ੍ਹਾਂ ਕਿਹਾ ਕਿ ਮੰਦਰ ਵਿੱਚ ਰੱਖੀਆਂ ਜਾਣ ਵਾਲੀਆਂ ਮਹਾਦੇਵ ਦੀਆਂ ਮੂਰਤੀਆਂ ਸੰਬੰਧੀ ਕਈ ਧਾਰਮਿਕ ਸੰਸਥਾਵਾਂ ਨਾਲ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ ਅਤੇ ਜਲਦ ਹੀ ਮਹਾਦੇਵ ਭੋਲੇਨਾਥ ਤੋਂ ਇਲਾਵਾ ਹੋਰ ਦੇਵੀ ਦੇਵਤਾਵਾਂ ਦੀਆਂ ਮੂਰਤੀਆਂ ਸਥਾਪਿਤ ਕਰ ਦਿੱਤੀਆਂ ਜਾਣਗੀਆਂ।ਇਸ ਮੌਕੇ ਸਮਾਰੋਹ 'ਚ ਸ਼ਾਮਲ ਲੰਬੜਦਾਰ ਦਿਲਜੀਤ ਸਿੰਘ, ਪੰਚਾਇਤ ਮੈਂਬਰ ਅਜੈਬ ਸਿੰਘ, ਮੇਜਰ ਅਮਰਜੀਤ ਸਿੰਘ, ਮਾਸਟਰ ਸੋਢੀ ਰਾਮ, ਸੋਹਨ ਸਿੰਘ, ਸਤਪਾਲ ਸਿੰਘ, ਸੰਨੀ, ਹਨੀ, ਮਨਜੀਤ, ਵਿਕਾਸ ਰਾਣਾ, ਹਰਦੀਪ ਰਾਣਾ, ਆਸ਼ੀਸ਼ ਰਾਣਾ, ਕਰਨ ਸਟਾਰ, ਬਲਰਾਜ, ਦੀਪਕ ਕੁਮਾਰ, ਕਰਨ ਕਲੋਆ ਅਤੇ ਰਾਹੁਲ ਤੋਂ ਇਲਾਵਾ ਪਿੰਡ ਨਿਵਾਸੀਆਂ ਨੇ ਸਨਾਤਨ ਧਰਮ ਸਭਾ ਨੂੰ ਭਰੋਸਾ ਦਿੱਤਾ ਕਿ ਇਸ ਧਾਰਮਿਕ ਕਾਰਜ ਵਿੱਚ ਉਹ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਆਪਣਾ ਪੂਰਾ-ਪੂਰਾ ਸਹਿਯੋਗ ਦੇਣਗੇ। ਇਸ ਮੌਕੇ ਤੇ ਆਏ ਹੋਏ ਸ਼ਰਧਾਲੂਆਂ ਨੂੰ ਮਹਾਦੇਵ ਦਾ ਪ੍ਰਸਾਦ ਦਿੱਤਾ ਗਿਆ।

# ਭੁਲੱਥ ਇਲਾਕੇ ਦੀਆਂ ਮੰਡੀਆਂ ਅੰਦਰ ਆੜ੍ਹਤੀ ਯੂਨੀਅਨ ਦੀ ਹੜਤਾਲ ਖਤਮ



**ਭੁਲੱਥ, (ਮਨਪ੍ਰੀਤ ਸਿੰਘ)**-ਸਬ ਡਵੀਜ਼ਨ ਕਸਬਾ ਭੁਲੱਥ ਇਲਾਕੇ ਦੀਆਂ ਦਾਣਾ ਮੰਡੀਆਂ 'ਚ ਜਿਵੇਂ ਰਾਮਗੜ੍ਹ, ਖੱਸਣ, ਚੌਕ ਬਜਾਜ ਭੱਠਾ ਤੇ ਪੱਕੀ ਦਾਣਾ ਮੰਡੀ ਭੁਲੱਥ 'ਚ ਆੜ੍ਹਤੀਆਂ ਦੀ ਹੜਤਾਲ ਖਤਮ ਹੋਣ 'ਤੇ ਕੰਮ ਜ਼ੋਰਾਂ 'ਤੇ ਸ਼ੁਰੂ ਹੋ ਗਿਆ ਹੈ । ਫੈਡਰੇਸ਼ਨ ਆਫ ਆੜ੍ਹਤੀ ਐਸੋਸੀਏਸ਼ਨ ਪੰਜਾਬ ਦੀ ਮੁੱਖ ਮੰਤਰੀ ਭਗਵੰਤ ਨਾਲ ਹੋਈ ਮੀਟਿੰਗ ਤੋਂ ਬਾਅਦ ਆੜ੍ਹਤੀਆਂ ਨੇ ਆਪਣੀ ਹੜਤਾਲ ਵਾਪਸ ਲੈ ਲਈ ਹੈ ਅਤੇ ਕਈ ਮੰਡੀਆਂ ਵਿੱਚ ਅੱਜ 6 ਦਿਨਾਂ ਬਾਅਦ ਝੋਨੇ ਦੀ ਖਰੀਦ ਸ਼ੁਰੂ ਹੋ ਗਈ ਹੈ ।ਇਸ ਮੌਕੇ ਆੜਤੀ ਯੂਨੀਅਨ ਭੁਲੱਥ ਦੇ ਆਗੂਆਂ ਨੇ ਦੱਸਿਆ ਕਿ 1961 ਦੇ ਪੰਜਾਬ ਮੰਡੀ ਬੋਰਡ ਐਕਟ ਤਹਿਤ ਸਾਨੂੰ 2.5% ਕਮਿਸ਼ਨ 1997 ਤੋਂ ਮਿਲ ਰਿਹਾ ਹੈ, ਪਰ 2019-20 ਤੋਂ ਭਾਰਤ ਸਰਕਾਰ ਨੇ 46 ਰੁਪਏ ਫਿਕਸ ਕਮਿਸ਼ਨ ਕਰ ਦਿੱਤਾ ਸੀ, ਜੋ 2.5 ਫੀਸਦੀ ਦੇ ਹਿਸਾਬ ਨਾਲ 58 ਰੁਪਏ ਪ੍ਰਤੀ ਕੁਇੰਟਲ ਬਣਦਾ ਹੈ। 46 ਰੁਪਏ ਪ੍ਰਤੀ ਕੁਇੰਟਲ ਕਮਿਸ਼ਨ ਲੈ ਕੇ ਬੱਚਿਆਂ ਦਾ ਪਾਲਣ ਪੋਸ਼ਣ ਕਰਨਾ ਮੁਸ਼ਕਲ ਹੋ ਗਿਆ ਹੈ। ਆਗੂਆਂ ਕਿਹਾ ਕਿ ਆੜ੍ਹੀ ਯੂਨੀਅਨਾਂ ਦੀਆਂ 6 ਦਿਨ ਦੀ ਹੜਤਾਲ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 2.5 ਫੀਸਦੀ ਕਮਿਸ਼ਨ ਦੇਣ ਦਾ ਭਰੋਸਾ ਦਿੱਤਾ ਗਿਆ ਹੈ। ਆਗੂਆਂ ਵੱਲੋਂ ਕਿਸਾਨਾਂ ਨੂੰ ਮੰਡੀ ਵਿੱਚ ਝੋਨਾ ਸੁਕਾ ਕੇ ਲਿਆਉਣ ਦੀ ਅਪੀਲ ਕੀਤੀ ਗਈ। ਇਸ ਮੌਕੇ ਕੀਤੇ ਗਏ ਮੰਡੀਆਂ ਦੇ ਦੌਰੇ ਦੌਰਾਨ ਮਜ਼ਦੂਰ ਵਰਗ ਝੋਨੇ ਦੀ ਸਫਾਈ ਕਰਦਾ ਤੇ ਕਈ ਕਿਸਾਨ ਮੰਡੀ ਵਿੱਚ ਝੋਨਾ ਲਿਆਉਂਦੇ ਹੋਏ ਨਜ਼ਰ ਆਏ । ਹੁਣ ਆੜ੍ਹੀਆਂ ਦੀ ਹੜਤਾਲ ਖੁੱਲ੍ਹ ਉਪਰੰਤ ਮੰਡੀਆਂ ਵਿੱਚ ਕੰਮ ਪੂਰਾ ਜ਼ੋਰਾਂ 'ਤੇ ਹੈ ।

# ਸੂਬਾ ਸਰਕਾਰ ਦੀਆਂ ਲੋਕ ਉਸਾਰੂ ਨੀਤੀਆਂ ਤੋਂ ਅੱਜ ਹਰੇਕ ਵਰਗ ਸੰਤੁਸ਼ਟ : ਜਸਵੀਰ ਰਾਜਾ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ)**-ਆਮ ਆਦਮੀ ਪਾਰਟੀ ਦੀਆਂ ਲੋਕ ਉਸਾਰੂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅੱਜ ਹਰੇਕ ਵਰਗ ਪਾਰਟੀ ਦਾ ਸਾਥ ਦੇ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾਈ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਵਾਰਡ ਨੰਬਰ 9 ਟਾਂਡਾ ਵਿਖੇ ਹੋਏ ਇੱਕ ਸਮਾਗਮ ਵਿੱਚ ਕੀਤਾ।ਇਸ ਮੌਕੇ ਵਿਧਾਇਕ ਜਸਵੀਰ ਰਾਜਾ ਗਿੱਲ ਨੇ ਵਾਰਡ ਨੰਬਰ 9 ਤੋਂ ਸਾਬਕਾ ਕੌਂਸਲਰ ਬਲਵੀਰ ਕੌਰ ਤੇ ਪਾਰਟੀ ਵਿੱਚ ਸ਼ਾਮਲ ਹੋਏ ਸੰਤ ਸਿੰਘ, ਨਿਰਮਲ ਸਿੰਘ, ਕਮਲਜੀਤ ਸਿੰਘ, ਜੋਗਿੰਦਰ ਸਿੰਘ, ਕੁਲਦੀਪ ਸਿੰਘ, ਲਖਵਿੰਦਰ ਸਿੰਘ, ਮਲਕੀਤ ਸਿੰਘ, ਮਹਿੰਦਰ ਕੌਰ, ਗੁਰਪ੍ਰੀਤ ਸਿੰਘ, ਦਰਸ਼ਨ ਸਿੰਘ, ਗੁਰਜੀਤ ਸਿੰਘ, ਜੋਗੀ ਸਿੱਧੂ ਪ੍ਰੀਤਮ ਕੌਰ ਨੂੰ ਪਾਰਟੀ ਵਿੱਚ ਸ਼ਾਮਿਲ ਕਿਹਾ ਕਿ ਅੱਜ ਲੋਕਾਂ ਵੱਲੋਂ ਲਗਾਤਾਰ ਪਾਰਟੀ ਦਾ ਸਾਥ ਦੇਣ ਕਾਰਨ ਆਮ ਆਦਮੀ ਪਾਰਟੀ ਵੱਡੇ ਪੱਧਰ ਪੰਜਾਬ ਵਿੱਚ ਮੌਜੂਦ ਹੋਈ ਹੈ ਜਿਸ ਦਾ ਮੁੱਖ ਕਾਰਨ ਇਹੀ ਹੈ ਕਿ ਆਪ ਪਾਰਟੀ ਨੇ ਪੰਜਾਬ ਦਾ ਸਰਵ ਪੱਖੀ ਵਿਕਾਸ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕੀਤਾ ਹੈ।ਉਨ੍ਹਾਂ ਹੋਰ ਕਿਹਾ ਕਿ ਸਰਕਾਰ ਦੀ ਇਸ ਕਾਰਗੁਜ਼ਾਰੀ ਤੋਂ ਅੱਜ ਪੰਜਾਬ ਦਾ ਪੰਜਾਬ ਦਾ ਹਰ ਵਰਗ ਸੰਤੁਸ਼ਟ ਹੈ।ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਪਾਰਟੀ ਵਿੱਚ ਸ਼ਾਮਿਲ ਹੋਏ ਲੋਕਾਂ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਆਮ ਆਦਮੀ ਪਾਰਟੀ ਵੱਲੋਂ ਹਰੇਕ ਵਰਗ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।ਇਸ ਤੋਂ ਇਲਾਵਾ ਟਾਂਡਾ ਸ਼ਹਿਰ ਦੇ ਵਿਕਾਸ ਵਾਸਤੇ ਵੀ ਆਮ ਆਦਮੀ ਪਾਰਟੀ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਇਸ ਮੌਕੇ ਵਿਧਾਇਕ ਜਸਵੀਰ ਰਾਜਾ ਨੇ ਵਾਰਡ ਵਾਸੀਆਂ ਦੀਆਂ ਸੰਬੰਧਿਤ ਵੱਖ-ਵੱਖ ਮੁਸ਼ਕਲਾਂ ਵੀ ਸੁਣੀਆਂ ਅਤੇ ਇਨ੍ਹਾਂ ਮੁਸ਼ਕਲਾ ਦੇ ਹੱਲ ਦਾ ਭਰੋਸਾ ਵੀ ਦਿੱਤਾ।ਇਸ ਮੌਕੇ ਕੌਂਸਲਰ ਹਰੀ ਕ੍ਰਿਸ਼ਨ ਸੈਣੀ, ਰਣਵੀਰ ਸਿੰਘ ਨੱਥੂਪੁਰ, ਕਮਲ ਧੀਰ, ਪ੍ਰੇਮ ਪਡਵਾਲ, ਗੁਰਮੀਤ ਸਿੰਘ, ਗੁਰਮੀਤ ਸਿੰਘ ਕੰਬੋਜ , ਜਸਪ੍ਰੀਤ ਕੌਰ, ਗੀਟਾ, ਕਮਲਜੀਤ ਕੌਰ, ਪਰਮਜੀਤ ਕੌਰ , ਮਹਿੰਦਰ ਕੌਰ, ਜਗੀਰ ਸਿੰਘ, ਅੰਮ੍ਰਿਤਪਾਲ ਸਿੰਘ, ਪਰਮਿੰਦਰ ਪਾਲ ਸਿੰਘ, ਜਸਵੀਰ ਕੌਰ, ਮਨਜੀਤ ਕੌਰ, ਖਾਲਸਾ, ਹਰਜੀਤ ਸਿੰਘ ਸਿੱਧੂ, ਰਿੰਕੂ, ਅਮਰਜੀਤ ਸਿੰਘ ਵੀ ਹਾਜ਼ਰ ਸਨ।

# ਜਸਵਿੰਦਰ ਸਿੰਘ ਸੁਜੋਵਾਲ ਦੇ ਬਣੇ ਸਰਬਸੰਮਤੀ ਨਾਲ ਸਰਪੰਚ



**ਬਲਾਚੌਰ ( ਜਸਵਿੰਦਰ ਬੈਂਸ)** ਪੰਚਾਇਤੀ ਚੋਣਾਂ ਦਾ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਵੱਖ-ਵੱਖ ਪਿੰਡਾਂ ਤੋਂ ਦਾਅਵੇਦਾਰਾਂ ਵੱਲੋਂ ਨਾਮਜ਼ਦਗੀਆਂ ਦਾਖਲ ਕੀਤੀਆਂ ਗਈਆਂ ਹਨ। ਜਿੱਥੇ ਲੋਕ ਭਾਈਚਾਰੇ ਨੂੰ ਇਕਜੁੱਟ ਰੱਖ ਕੇ ਚੋਣਾਂ ਕਰਵਾਉਣ ਨੂੰ ਪਹਿਲ ਦੇ ਰਹੇ ਹਨ।ਬਲਾਚੌਰ ਦੇ ਪਿੰਡ ਸੁੱਜੋਵਾਲ ਵਿੱਚ ਪਿੰਡ ਵਾਸੀਆਂ ਨੇ ਇੱਕਜੁੱਟਤਾ ਦਿਖਾਉਂਦੇ ਹੋਏ ਸਰਬਸੰਮਤੀ ਨਾਲ ਜਸਵਿੰਦਰ ਸਿੰਘ ਨੂੰ ਸਰਪੰਚ ਚੁਣਿਆ।ਪੰਚ ਅਸ਼ੋਕ ਕੁਮਾਰ, ਮਨਜੀਤ ਕੌਰ, ਨਿਰੰਜਨ ਸਿੰਘ, ਸਤਵਿੰਦਰ ਸਿੰਘ, ਲਖਵੀਰ ਕੌਰ ਪੰਚਾਇਤ ਮੈਂਬਰ ਚੁਣੇ ਗਏ। ਸਰਬਸੰਮਤੀ ਨਾਲ ਚੁਣੇ ਗਏ। ਸਰਪੰਚ ਜਸਵਿੰਦਰ ਸਿੰਘ ਨੇ ਕਿਹਾ ਕਿ ਚੁਣੀ ਗਈ ਪੰਚਾਇਤ ਨੇ ਜਿੱਥੇ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ, ਉੱਥੇ ਇਹ ਭਰੋਸਾ ਵੀ ਦਿੱਤਾ ਕਿ ਉਹ ਪਿੰਡ ਦੀ ਭਲਾਈ ਲਈ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਅਤੇ ਮਿਹਨਤ ਨਾਲ ਨਿਭਾਉਣਗੇ।ਇਸ ਮੌਕੇ ਸਾਬਕਾ ਸਰਪੰਚ ਪਰਵਿੰਦਰ ਕੁਮਾਰ, ਸਾਬਕਾ ਪੰਚ ਸੁਰਿੰਦਰ ਸਿੰਘ, ਲੰਬੜਦਾਰ ਸੋਹਣ ਸਿੰਘ, ਲੰਬੜਦਾਰ ਜੋਗਿੰਦਰ ਸਿੰਘ, ਜਥੇਦਾਰ ਪੰਜਾਬ ਸਿੰਘ, ਪੁਰਸ਼ੋਤਮ ਲਾਲ, ਸਾਬਕਾ ਸਰਪੰਚ ਅਮਰਨਾਥ, ਜਰਨੈਲ ਸਿੰਘ, ਸੁਰਜੀਤ ਸਿੰਘ, ਮੋਹਨ ਸਿੰਘ, ਕਰਨੈਲ ਸਿੰਘ ਨਿਰਮਲ ਸਿੰਘ, ਅਮਰਜੋਤ ਸਿੰਘ ਆਦਿ ਹਾਜ਼ਰ ਸਨ।

# ਸਰਬ-ਸੰਮਤੀ ਨਾਲ ਹੋਈ ਚੋਣ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**-ਇਥੋਂ ਨੇੜਲੇ ਪਿੰਡ ਉਧੋਵਾਲ ਵਿਖੇ ਪੰਚਾਇਤ ਦੀ ਸਰਬ ਸੰਮਤੀ ਨਾਲ ਚੋਣ ਹੋਈ।ਇਸ ਪਿੰਡ ਦੇ ਲੋਕ ਜਾਗਰੂਕ ਹੋ ਗਏ ਹਨ ਸਮਾਜਸੇਵੀ ਰਾਕੇਸ਼ ਕੁਮਾਰ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਤੇ ਜਿਨ੍ਹਾ ਨੇ ਸਰਬ ਸੰਮਤੀ ਨਾਲ ਪੰਚਾਇਤ ਦੀ ਚੋਣ ਕੀਤੀ ਹੈ ਜਿਸ ਵਿੱਚ ਮੋਹਣ ਲਾਲ ਸਰਪੰਚ, ਸੁਰਜੀਤ ਸਿੰਘ ਪੰਚ, ਸੁਖਦੇਵ ਸਿੰਘ ਪੰਚ, ਗੁਰਪ੍ਰੀਤ ਮਾਨ ਪੰਚ, ਅਮਨਦੀਪ ਕੌਰ ਪੰਚ ਮਨਦੀਪ ਪੰਚ ਆਦਿ ਮੈਂਬਰ ਪੰਚਾਇਤ ਚੁਣੇ ਗਏ। ਨਵਨਿਯੁਕਤ ਪੰਚਾਇਤ ਨੇ ਵਧਾਈਆਂ ਦਿੱਤੀਆਂ ਅਤੇ ਇਕੱਠੇ ਹੋ ਕੇ ਗੁਰਦੁਆਰਾ ਸਾਹਿਬ ਮੱਥਾ ਟੇਕਿਆ। ਇਸ ਮੌਕੇ ਸਾਬਕਾ ਸਰਪੰਚ ਰਜਨੀ ਦੇਵੀ, ਰੂਪਲਾਲ ਆਦਿ ਹਾਜ਼ਰ ਸਨ।

# ਡਰਾਈਵਿੰਗ ਲਾਇਸੈਂਸ ਅਪਲਾਈ/ਰਿਨਿਊ ਕਰਦੇ ਸਮੇਂ ਆਰਗਨ ਡੋਨੇਟ ਲਈ ਆਪਣੀ ਸਹਿਮਤੀ 'ਹਾਂ' 'ਚ ਭਰੋ : ਅਰੋੜਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਰੋਟਰੀ ਆਈ ਬੈਂਕ ਅਤੇ ਕੋਰਨੀਆ ਟਰਾਂਸਪਲਾਂਟ ਸੁਸਾਇਟੀ ਵੱਲੋਂ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਅਗਵਾਈ ਵਿੱਚ ਸ਼ਹਿਰ ਦੇ ਵਿਭਿੰਨ ਕਾਲਜਾਂ ਵਿੱਚ ਆਰਗਨ ਡੋਨੇਸ਼ਨ ਦੇ ਸੰਬੰਧ ਵਿੱਚ ਫਲੈਕਸ ਬੋਰਡ ਲਗਾਏ ਜਾ ਰਹੇ ਹਨ।ਇਸੀ ਕੜੀ ਦੇ ਤਹਿਤ ਅੱਜ ਪਹਿਲਾ ਬੋਰਡ ਰਿਆਤ ਬਾਹਰਾ ਕਾਲਜ ਦੇ ਕੰਪਲੈਕਸ ਵਿੱਚ ਲਗਾਇਆ ਗਿਆ।ਇਸ ਮੌਕੇ ਕਾਲਜ ਦੇ ਕੈਂਪਸ ਡਾਇਰੈਕਟਰ ਚੰਦਰ ਮੋਹਨ ਸ਼ਰਮਾ, ਪ੍ਰਿੰ. ਮਨਿੰਦਰ ਸਿੰਘ ਗਰੋਵਰ (ਫਾਰਮੇਸੀ) ਅਤੇ ਚੇਅਰਮੈਨ ਜੇ.ਬੀ. ਬਹਿਲ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਇਸ ਮੌਕੇ ਪ੍ਰਧਾਨ ਸੰਜੀਵ ਅਰੋੜਾ ਨੇ ਵਿਦਿਆਰਥੀਆਂ ਨੂੰ ਨਵੇਂ ਬਣੇ ਕਾਨੂੰਨ ਦੇ ਸੰਬੰਧ ਵਿੱਚ ਜਾਗਰੂਕ ਕਰਦੇ ਹੋਏ ਦੱਸਿਆ ਕਿ ਯੂਰਪ ਦੇਸ਼ਾ ਵਿੱਚ ਜਦੋਂ ਕੋਈ ਵਿਅਕਤੀ ਡਰਾਈਵਿੰਗ ਲਾਇਸੈਂਸ ਅਪਲਾਈ ਕਰਦਾ ਸੀ ਤਾਂ ਉਥੇ ਕਾਨੂੰਨ ਦੇ ਮੁਤਾਬਿਕ ਆਰਗਨ ਡੋਨੇਸ਼ਨ ਦਾ ਕਾਲਮ ਭਰਨਾ ਜ਼ਰੂਰੀ ਹੁੰਦਾ ਸੀ।ਇਸ ਦੀ ਤਹਿਤ ਰੋਟਰੀ ਆਈ ਬੈਂਕ ਦੇ ਯਤਨਾ ਨਾਲ ਭਾਰਤ ਵਿੱਚ ਵੀ ਇਹ ਕਾਨੂੰਨ ਲਾਗੂ ਕਰਵਾ ਦਿੱਤਾ ਗਿਆ। ਸ਼੍ਰੀ ਅਰੋੜਾ ਨੇ ਵਿਦਿਆਰਥੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਜਦੋਂ ਵੀ ਆਪਣੇ ਲਾਇਸੈਂਸ ਨਵੇਂ ਬਣਵਾਉਣ ਜਾਂ ਰਿਨਿਊ ਕਰਵਾਉਣ ਤਾਂ ਉਸ ਆਰਗਨ ਡੋਨੇਸ਼ਨ ਵਾਲੇ ਕਾਲਮ ਨੂੰ "ਹਾਂ" ਵਿੱਚ ਭਰਕੇ ਸਹਿਮਤੀ ਜ਼ਰੂਰ ਕਰਨ ਤਾਂ ਕਿ ਤੁਸੀ ਵੀ ਇਸ ਪੁੰਨ ਦੇ ਕੰਮ ਦੇ ਹਿਸੇਦਾਰ ਬਣ ਸਕੋ।ਇਸ ਮੌਕੇ ਚੇਅਰਮੈਨ ਜੇ ਸੀ ਬਹਿਲ ਨੇ ਬੱਚਿਆਂ ਨੂੰ ਅਪੀਲ ਕੀਤੀ ਕਿ ਘਰ ਜਾ ਕੇ ਆਪਣੇ ਆਲੇ ਦੁਆਲੇ ਨੂੰ ਵੀ ਨੇਤਰਦਾਨ ਅਤੇ ਸਰੀਰਦਾਨ ਦੇ ਬਾਰੇ ਜਾਗਰੂਕ ਕਰਨ ਤਾਂ ਕਿ ਜ਼ਰੂਰਤਮੰਦ ਵਿਅਕਤੀਆਂ ਦੀ ਸਮੇਂ ਰਹਿੰਦੇ ਸਹਾਇਤਾ ਕੀਤੀ ਜਾ ਸਕੇ। ਰਿਆਤ ਬਹਾਰਾ ਕਾਲਜ ਦੇ ਕੈਂਪਸ ਡਾਇਰੈਕਟਰ ਚੰਦਰ ਮੋਹਨ ਸ਼ਰਮਾ ਨੇ ਸੁਸਾਇਟੀ ਦੇ ਕਾਰਜਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਉਹ ਇਸ ਨੇਕ ਕੰਮ ਦੇ ਲਈ ਹਮੇਸ਼ਾ ਸੁਸਾਇਟੀ ਦੇ ਨਾਲ ਖੜੇ ਹਨ ਅਤੇ ਉਨ੍ਹਾਂ ਨੇ ਕਿਹਾ ਕਿ ਬੱਚਿਆਂ ਅਤੇ ਸਟਾਫ ਨੂੰ ਸਮੇਂ-ਸਮੇਂ ਤੇ ਆਰਗਨ ਡੋਨੇਸ਼ਨ ਦੇ ਬਾਰੇ ਵਿੱਚ ਕਾਲਜ ਵਲੋਂ ਜਾਗਰੂਕ ਕਰਦੇ ਰਹਿਣਗੇ ਤਾਂ ਕਿ ਦੇਸ਼ ਵਿਚੋਂ ਅੰਨ੍ਹੇਪਣ ਨੂੰ ਦੂਰ ਕਰਨ ਦਾ ਜੋ ਯਤਨ ਸੁਸਾਇਟੀ ਕਰ ਰਹੀ ਹੈ, ਉਸ ਨੂੰ ਬੱਚਿਆਂ ਦੇ ਮਾਧਿਅਮ ਦੁਆਰਾ ਪੂਰਾ ਕੀਤਾ ਜਾ ਸਕੇ।ਇਸ ਮੌਕੇ ਪ੍ਰੋ. ਦਲਜੀਤ ਸਿੰਘ, ਮਦਨ ਲਾਲ ਮਹਾਜਨ, ਜਸਵੀਰ ਕੰਵਰ ਅਤੇ ਹੋਰ ਮੌਜੂਦ ਸਨ।

# ਸੀ ਪੀ ਐੱਮ ਦੇ ਵਰਕਰਾਂ ਇਜ਼ਰਾਈਲ ਦਾ ਫੂਕਿਆ ਪੁਤਲਾ



**ਬੰਗਾ (ਅਵਤਾਰ ਕਲੇਰ)**- ਸੀ ਪੀ ਆਈ (ਐਮ) ਦੇ ਵਰਕਰਾਂ ਨੇ ਇਜ਼ਰਾਈਲ ਸਰਕਾਰ ਦਾ ਪੁਤਲਾ ਫੂਕਿਆ।ਇਸ ਮੌਕੇ ਬੋਲਦਿਆਂ ਸੀ ਪੀ ਆਈ ਐਮ ਦੇ ਸੂਬਾ ਸਕੱਤਰੇਤ ਮੈਂਬਰ ਸਾਥੀ ਰਾਮ ਸਿੰਘ ਨੂਰਪੁਰੀ ਨੇ ਕਿਹਾ ਕਿ ਇਜ਼ਰਾਈਲ ਸਰਕਾਰ ਫ਼ਲਸਤੀਨੀ ਲੋਕਾਂ ਉੱਤੇ ਜਬਰ ਢਾਹ ਰਹੀ ਹੈ । ਇਸ ਜੰਗ ਨੂੰ ਇੱਕ ਸਾਲ ਹੋ ਗਿਆ ਹੈ। ਅਨੇਕਾਂ ਲੋਕਾਂ ਦੀਆਂ ਜਾਨਾਂ ਗਈਆਂ ਹਨ, ਅਨੇਕਾਂ ਘਰ ਤਬਾਹ ਹੋ ਗਏ ਹਨ।ਇਸ ਜੰਗ ਦੀ ਪਹਿਲੀ ਵਰ੍ਹੇਗੰਢ ਦੁਨੀਆ ਭਰ ਵਿੱਚ ਮਨਾਈ ਜਾ ਰਹੀ ਹੈ। ਖੱਬੀਆਂ ਪਾਰਟੀਆਂ ਭਾਰਤ ਵਿੱਚ ਇਜ਼ਰਾਈਲ ਸਰਕਾਰ ਦਾ ਵਿਰੋਧ ਕਰ ਰਹੀਆਂ ਹਨ ।ਇਸ ਮੌਕੇ ਜ਼ਿਲ੍ਹਾ ਸਕਤਰੇਤ ਮੈਂਬਰ ਚਰਨਜੀਤ ਸਿੰਘ ਦੌਲਤਪੁਰ, ਸੁਖਦੇਵ ਸਿੰਘ ਗਰਚਾ, ਸਤਨਾਮ ਸਿੰਘ ਜਾਨੀਵਾਲ ਤੋਂ ਇਲਾਵਾ ਜਰਨੈਲ ਸਿੰਘ ਰਾਣੇਵਾਲ, ਸਰਾਧੂ ਰਾਮ ਤਾਜੋਵਾਲ, ਸ਼ਿੰਗਾਰਾ ਰਾਮ, ਰਣਜੀਤ ਸਿੰਘ ਰਾਣਾ, ਸਰਜੀਵਨ ਸਿੰਘ ਦੌਲਤਪੁਰ, ਸੁਰਜੀਤਗਰਚਾ, ਪਾਲ ਰਾਮ ਭਾਨਮਜਾਰਾ, ਗੁਰਦੇਵ ਸਿੰਘ ਗਰਚਾ ਤੇ ਜਗਤਾਰ ਜਲਾਹਮਾਜਰਾ ਆਦਿ ਸਾਥੀ ਹਾਜ਼ਰ ਸਨ।

# ਚਿੱਪ ਵਾਲੇ ਮੀਟਰ ਲਗਾਉਣ ਆਈ ਟੀਮ ਦਾ ਘਿਰਾਉ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਬੀਤੇ ਕੱਲ੍ਹ ਮੁਹੱਲਾ ਰਵਿਦਾਸਪੁਰਾ ਨੂਰਮਹਿਲ ਵਿਖੇ ਉਸ ਵੇਲੇ ਗਰੀਬ ਮਜ਼ਦੂਰਾਂ ਵਿੱਚ ਹਾਹਾਕਾਰ ਮੱਚ ਗਈ, ਜਦੋਂ ਨੂਰਮਹਿਲ ਪਾਵਰਕਾਮ ਦੇ ਅਧਿਕਾਰੀ ਚਿੱਪ ਵਾਲੇ ਮੀਟਰ ਲਗਾਉਣ ਲਈ ਬੋਰੇ ਭਰ ਕੇ ਲੈ ਕੇ ਆਏ। ਪੇਂਡੂ ਮਜ਼ਦੂਰ ਯੂਨੀਅਨ ਦੇ ਵਰਕਰਾਂ ਨੇ ਲਾਲ ਝੰਡੇ ਲੈ ਕੇ ਡਟ ਕੇ ਵਿਰੋਧ ਕੀਤਾ ਅਤੇ ਮੀਟਰ ਲੈ ਕੇ ਆਈ ਟੀਮ ਦਾ ਘਿਰਾਉ ਕੀਤਾ ਗਿਆ। ਇਹ ਜਾਣਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਸਾਥੀ ਹੰਸ ਰਾਜ ਪੱਬਵਾਂ ਨੇ ਦਿੱਤੀ। ਇਹ ਕੇਂਦਰ ਦੀ ਮੋਦੀ ਦੀ ਸਰਕਾਰ ਗਰੀਬ ਮਜ਼ਦੂਰਾਂ ਨਾਲ ਧੱਕਾ ਕਰ ਰਹੀ ਹੈ ਤਾਂ ਕਿ ਗਰੀਬਾਂ ਦੇ ਬਿਜਲੀ ਦੇ ਬਿੱਲ ਦੁਬਾਰਾ ਲਗਾਏ ਜਾਣ। ਪੰਜਾਬ ਸਰਕਾਰ ਦੇ ਅਧਿਕਾਰੀ ਮੋਦੀ ਦੇ ਹੁਕਮਾਂ ਦੀ ਪਾਲਣਾ ਕਰਦੇ ਹਨ। ਜੋ ਬਹੁਤ ਹੀ ਨਿੰਦਣਯੋਗ ਹੈ। ਮਜ਼ਦੂਰਾਂ ਦੀ ਅਗਵਾਈ ਸੱਤਾ ਰਵਿਦਾਸਪੁਰਾ ਅਤੇ ਸੇਵਾ ਰਵਿਦਾਸਪੁਰਾ ਨੇ ਕੀਤੀ। ਪੇਂਡੂ ਮਜ਼ਦੂਰਾਂ ਨੇ ਚਿੱਪ ਵਾਲੇ ਮੀਟਰ ਲੱਗਣ ਨਹੀਂ ਦਿੱਤੇ ਅਤੇ ਅਧਿਕਾਰੀ ਬੇਰੰਗ ਮੋੜੇ

# ਡਾ. ਮਾਨਵਦੀਪ ਸਿੰਘ ਬੈਂਸ ਮੁੱਖ ਸਰਜਨ ਨਿਯੁਕਤ



**ਬੰਗਾ (ਅਵਤਾਰ ਕਲੇਰ)**- ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਡਾ. ਮਾਨਵਦੀਪ ਸਿੰਘ ਬੈਂਸ ਐਮ ਐਸ ਨੂੰ ਸਰਜਰੀ ਵਿਭਾਗ ਦੇ ਮੁੱਖ ਜਨਰਲ ਅਤੇ ਲੈਪਰੋਸਕੋਪਿਕ ਸਰਜਨ ਨਿਯੁਕਤ ਕੀਤਾ ਗਿਆ ਹੈ। ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਦੱਸਿਆ ਕਿ ਡਾ. ਮਾਨਵਦੀਪ ਸਿੰਘ ਬੈਂਸ ਐਮ.ਐਸ.ਹਰ ਤਰ੍ਹਾਂ ਦੇ ਵੱਡੇ ਅਪਰੇਸ਼ਨਾਂ, ਅਡਵਾਂਸ ਲੈਪਰੋਸਕੋਪਿਕ ਅਪਰੇਸ਼ਨਾਂ (ਦੂਰਬੀਨੀ ਅਪਰੇਸ਼ਨਾਂ), ਪਿੱਤੇ ਦੀਆਂ ਪੱਥਰੀਆਂ, ਹਰਨੀਆਂ, ਗਿੱਲ੍ਹੜ, ਬਵਾਸੀਰ, ਅੰਤੜੀਆਂ ਦੇ ਰੋਗਾਂ, ਭਗੰਦਰ, ਛਾਤੀ ਦੀਆਂ ਰਸੌਲੀਆਂ, ਪੇਟ ਦੇ ਰੋਗਾਂ ਦਾ, ਫੁੱਲੀਆਂ ਨਾੜਾਂ ਦਾ ਸਫਲ ਇਲਾਜ ਕਰਨ ਅਤੇ ਪੇਟ ਦੇ ਰੋਗਾਂ ਦੇ ਮਾਹਰ ਤੇ ਤਜਰਬੇਕਾਰ ਡਾਕਟਰ ਹਨ। ਡਾ. ਬੈਂਸ ਨੇ ਦਯਾਨੰਦ ਮੈਡੀਕਲ ਕਾਲਜ ਲੁਧਿਆਣਾ ਤੋਂ ਐਮ.ਬੀ.ਬੀ.ਐਸ.ਅਤੇ ਮਾਸਟਰ ਆਫ਼ ਸਰਜਨ ਦੀ ਡਿਗਰੀ ਪ੍ਰਾਪਤ ਕੀਤੀ ਹੋਈ ਹੈ।ਮੰਗਲਵਾਰ ਤੋਂ ਡਾ. ਮਾਨਵਦੀਪ ਸਿੰਘ ਬੈਂਸ (ਐਮ. ਐਸ.) ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਸਰਜਰੀ ਵਿਭਾਗ ਵਿਚ ਚੀਫ ਸਰਜਨ ਦਾ ਕਾਰਜਭਾਰ ਸੰਭਾਲ ਲਿਆ ਹੈ । ਸ. ਢਾਹਾਂ ਨੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਤਪਾਲ ਢਾਹਾਂ ਕਲੇਰਾਂ ਵਿਖੇ ਜਰਨਲ ਸਰਜਰੀ ਵਿਭਾਗ ਵਿਚ ਮਰੀਜ਼ਾਂ ਦਾ ਆਧੁਨਿਕ ਕੰਪਿਊਟਰਾਈਜ਼ਡ ਮਸ਼ੀਨਾਂ ਅਤੇ ਤਕਨੀਕਾਂ ਇਲਾਜ ਕੀਤਾ ਜਾਂਦਾ ਹੈ ਅਤੇ ਸਰਜਰੀ ਵਿਭਾਗ ਵਿਚ ਰੋਜ਼ਾਨਾ ਮਰੀਜ਼ਾਂ ਦਾ ਚੈੱਕਅਪ ਅਤੇ ਅਪਰੇਸ਼ਨ ਕੀਤੇ ਜਾਂਦੇ ਹਨ। ਇਸ ਮੌਕੇ ਅਮਰਜੀਤ ਸਿੰਘ ਕਲੇਰਾਂ, ਡਾ. ਰਵਿੰਦਰ ਖਜੂਰੀਆ, ਡਾ ਬਲਵਿੰਦਰ ਸਿੰਘ ਅਤੇ ਡਾ. ਮਾਨਵਦੀਪ ਸਿੰਘ ਬੈਂਸ ਹਾਜ਼ਰ ਸਨ।

# ਸੀਵਰੇਜ ਬਣਿਆ ਵਸਨੀਕਾਂ ਦੀ ਸਿਰਦਰਦੀ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਨੂਰਮਹਿਲ ਵਿਚ ਪਾਇਆ ਗਿਆ ਸੀਵਰੇਜ ਚੱਲਣ ਤੋਂ ਪਹਿਲਾਂ ਹੀ ਬੰਦ ਹੋਇਆ ਪਿਆ ਹੈ। ਸ਼ਹਿਰ ਦੇ ਕੌਂਸਲਰ ਬਲਵੀਰ ਚੰਦ ਕੋਲਧਾਰ ਨੇ ਦੱਸਿਆ ਕਿ ਗੁਰੂ ਰਵਿਦਾਸ ਚੌਂਕ ਤੋਂ ਫਿਲੌਰ ਨੂੰ ਜਾਂਦੀ ਸੜਕ ਤੇ ਸੀਵਰੇਜ ਬੰਦ ਹੋਇਆ ਪਿਆ ਹੈ। ਉਸ ਦਾ ਸਾਰਾ ਗੰਦਾ ਪਾਣੀ ਸੜਕ ਉੱਪਰ ਆ ਰਿਹਾ ਹੈ। ਜਦੋਂ ਕੋਈ ਗੱਡੀ ਉੱਥੋਂ ਦੀ ਲੰਘਦੀ ਹੈ ਤਾਂ ਗੰਦਾ ਪਾਣੀ ਲੋਕਾਂ ਦੀਆਂ ਦੁਕਾਨਾਂ ਵਿਚ ਚਲਿਆ ਜਾਂਦਾ ਹੈ। ਜਿਸ ਨਾਲ ਬਦਬੂ ਤੇ ਬਿਮਾਰੀਆਂ ਲੱਗਣ ਦਾ ਡਰ ਬਣਿਆ ਰਹਿੰਦਾ ਹੈ। ਸੀਵਰੇਜ ਲਈ ਗ੍ਰਾਂਟ ਅਕਾਲੀ-ਭਾਜਪਾ ਸਰਕਾਰ ਵੇਲੇ ਆਈ ਸੀ। ਉਸ ਤੋਂ ਬਾਅਦ ਸੀਵਰੇਜ ਪਾਇਆ ਗਿਆ। ਪਰ ਇਹ ਸੀਵਰੇਜ ਸ਼ਹਿਰ ਵਾਸੀਆਂ ਲਈ ਸਿਰਦਰਦੀ ਬਣਿਆ ਹੋਇਆ ਹੈ। ਕੌਂਸਲਰ ਬਲਵੀਰ ਚੰਦ ਨੇ ਦੱਸਿਆ ਕਿ ਇਸ ਸੜਕ 'ਤੇ ਸਥਿਤ ਇਕ ਹੋਲ ਦਾ ਢੱਕਣ ਵੀ ਟੁੱਟਾ ਪਿਆ ਹੈ। ਗੰਦੇ ਪਾਣੀ ਨਾਲ ਸੜਕ ਵੀ ਟੁੱਟ ਰਹੀ ਹੈ। ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਨਗਰ ਕੌਂਸਲ ਮੂਕ ਦਰਸ਼ਕ ਬਣੀ ਹੋਈ ਹੈ। ਨਗਰ ਕੌਂਸਲ ਨੂੰ ਸੀਵਰੇਜ ਦਾ ਕੋਈ ਪੱਕਾ ਹੱਲ ਕਰਨਾ ਚਾਹੀਦਾ ਤਾਂ ਜੋ ਲੋਕ ਗੰਦੇ ਪਾਣੀ ਨਾਲ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚ ਸਕਣ।

# ਰਿਆਤ ਬਾਹਰਾ 'ਵਰਸਿਟੀ ਦੇ ਕਾਨੂੰਨ ਦੇ ਵਿਦਿਆਰਥੀਆਂ ਸੁਪਰੀਮ ਕੋਰਟ ਦਾ ਕੀਤਾ ਦੌਰਾ



**ਕੁਰਾਲੀ (ਮੋਹਨ ਅੱਗਰਵਾਲ)** ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ਼ ਲਾਅ ਦੇ ਵਿਦਿਆਰਥੀਆਂ ਨੂੰ ਹਾਲ ਹੀ ਵਿੱਚ ਭਾਰਤ ਦੀ ਸੁਪਰੀਮ ਕੋਰਟ ਵਿੱਚ ਜਾਣ ਦਾ ਮੌਕਾ ਮਿਲਿਆ। ਇਸ ਦੌਰੇ ਨੇ ਵਿਦਿਆਰਥੀਆਂ ਨੂੰ ਦੇਸ਼ ਦੀ ਸਰਵਉੱਚ ਨਿਆਂਇਕ ਸੰਸਥਾ ਦੇ ਕੰਮਕਾਜ ਬਾਰੇ ਵਿਲੱਖਣ ਸਮਝ ਪ੍ਰਦਾਨ ਕੀਤੀ ਅਤੇ ਉਨ੍ਹਾਂ ਨੂੰ ਮਹੱਤਵਪੂਰਨ ਕਾਨੂੰਨੀ ਕਾਰਵਾਈਆਂ ਨੂੰ ਵੇਖਣ ਦਾ ਮੌਕਾ ਮਿਲਿਆ।ਸਕੂਲ ਆਫ਼ ਲਾਅ ਦੇ ਡੀਨ, ਡਾ. ਧਰਮਿੰਦਰ ਪਟਿਆਲ ਨੇ ਕਲਾਸਰੂਮ ਥਿਊਰੀ ਅਤੇ ਪ੍ਰੈਕਟੀਕਲ ਅਨੁਭਵ ਵਿਚਕਾਰ ਪਾੜੇ ਨੂੰ ਪੂਰਾ ਕਰਨ ਲਈ ਅਜਿਹੇ ਦੌਰਿਆਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਡਾ. ਪਟਿਆਲ ਨੇ ਕਿਹਾ ਕਿ ਇਸ ਫੇਰੀ ਨੇ ਸਾਡੇ ਵਿਦਿਆਰਥੀਆਂ ਨੂੰ ਨਿਆਂਪਾਲਿਕਾ ਦੇ ਅਸਲ-ਸੰਸਾਰ ਕਾਰਜਾਂ ਨੂੰ ਦੇਖਣ ਦਾ ਇੱਕ ਅਨਮੋਲ ਮੌਕਾ ਦਿੱਤਾ।ਇਸ ਤਰ੍ਹਾਂ ਦੇ ਤਜ਼ਰਬੇ ਸਾਡੇ ਭਵਿੱਖ ਦੇ ਕਾਨੂੰਨੀ ਪੇਸ਼ੇਵਰਾਂ ਨੂੰ ਉਨ੍ਹਾਂ ਚੁਣੌਤੀਆਂ ਲਈ ਤਿਆਰ ਕਰਦੇ ਹਨ ਜਿਨ੍ਹਾਂ ਦਾ ਉਹ ਆਪਣੇ ਕਰੀਅਰ ਵਿੱਚ ਸਾਹਮਣਾ ਕਰਨਗੇ।ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਇਸ ਦੌਰੇ ਦਾ ਆਯੋਜਨ ਕਰਨ ਲਈ ਫੈਕਲਟੀ ਦੀ ਪ੍ਰਸੰਸਾ ਕੀਤੀ।ਉਹਨਾਂ ਕਿਹਾ ਕਿ ਕਿਵੇਂ ਅਜਿਹੀਆਂ ਪਹਿਲਕਦਮੀਆਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਯੋਗਦਾਨ ਪਾਉਂਦੀਆਂ ਹਨ, ਉਹਨਾਂ ਨੂੰ ਪਾਠ ਪੁਸਤਕਾਂ ਤੋਂ ਇਲਾਵਾ ਵਿਹਾਰਕ ਗਿਆਨ ਪ੍ਰਾਪਤ ਕਰਨ ਵਿੱਚ ਮਦਦ ਕਰਦੀਆਂ ਹਨ।

# ਪਰਾਲੀ ਸਾੜਨ 'ਚ ਸ਼ਾਮਲ ਪਾਏ ਜਾਣ 'ਤੇ ਹੋਵੇਗੀ ਸਖ਼ਤ ਕਾਰਵਾਈ : ਆਸ਼ਿਕਾ ਜੈਨ

**ਮੋਹਾਲੀ, (ਗੁਰਜੀਤ ਬਿੱਲਾ)** ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਨੇ ਨੰਬਰਦਾਰਾਂ ਅਤੇ ਗ੍ਰਾਮ ਪੰਚਾਇਤ ਚੋਣਾਂ ਲੜਨ ਵਾਲੇ ਉਮੀਦਵਾਰਾਂ ਨੂੰ ਸੁਚੇਤ ਕੀਤਾ ਹੈ ਕਿ ਜੇਕਰ ਉਹ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ ਸ਼ਾਮਲ ਪਾਏ ਗਏ ਤਾਂ 'ਤੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।ਖੇਤਾਂ ਵਿੱਚ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਅਤੇ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਰੀ ਦੀ ਉਪਲਬਧਤਾ ਦਾ ਜਾਇਜ਼ਾ ਲੈਂਦਿਆਂ ਡੀ ਸੀ ਜੈਨ ਨੇ ਕਿਹਾ ਕਿ ਸਿਰਫ ਨੰਬਰਦਾਰਾਂ ਅਤੇ ਚੋਣ ਲੜਨ ਵਾਲੇ ਉਮੀਦਵਾਰ ਹੀ ਨਹੀਂ, ਜੇਕਰ ਕੋਈ ਸਰਕਾਰੀ ਕਰਮਚਾਰੀ ਵੀ ਖੇਤਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਸੁਪਰੀਮ ਕੋਰਟ ਅਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਨਿਰਦੇਸ਼ਾਂ ਅਨੁਸਾਰ ਕਾਰਵਾਈ ਕਰਨ ਤੋਂ ਇਲਾਵਾ ਸਬੰਧਤ ਕਰਮਚਾਰੀ ਵਿਰੁੱਧ ਅਨੁਸ਼ਾਸਨੀ ਕਾਰਵਾਈ ਵੀ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਹੁਣ ਤੱਕ ਸੈਟੇਲਾਈਟ ਰਾਹੀਂ ਪਰਾਲੀ ਸਾੜਨ ਦੀਆਂ ਛੇ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ।ਉਨ੍ਹਾਂ ਅੱਗੇ ਕਿਹਾ ਕਿ ਜ਼ਮੀਨਾਂ ਦੇ ਮਾਲਕਾਂ ਦੀਆਂ ਮਾਲ ਰਿਕਾਰਡ ਵਿੱਚ ਰੈੱਡ ਐਂਟਰੀਆਂ ਦਰਜ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਵਾਤਾਵਰਨ ਮੁਆਵਜ਼ਾ ਵੀ ਲਗਾਇਆ ਗਿਆ ਹੈ।ਉਨ੍ਹਾਂ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਰੀ ਕਸਟਮ ਹਾਇਰਿੰਗ ਸੈਂਟਰਾਂ, ਪੰਚਾਇਤਾਂ ਅਤੇ ਵਿਅਕਤੀਗਤ ਕਿਸਾਨਾਂ ਦੁਆਰਾ ਲੋੜ ਅਨੁਸਾਰ ਮੁਹੱਈਆ ਕਰਵਾਉਣ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਰਕਾਰ ਵੱਲੋਂ 50 ਤੋਂ 80 ਫੀਸਦੀ ਤੱਕ ਸਬਸਿਡੀ 'ਤੇ ਇਹ ਮਸ਼ੀਨਰੀ ਮੁਹੱਈਆ ਕਰਵਾਈ ਹੋਈ ਹੈ। ਉਨ੍ਹਾਂ ਕਿਹਾ ਵਾਢੀ ਕਰ ਰਹੇ ਜਾਂ ਵਾਢੀ ਮੁਕਾ ਚੁੱਕੇ ਕਿਸਾਨਾਂ ਲਈ ਮਸ਼ੀਨਰੀ ਦੀ ਲੋੜ ਲਈ ਪਿੰਡ ਦੇ ਨੋਡਲ ਅਫ਼ਸਰ ਨਾਲ ਸੰਪਰਕ ਕੀਤਾ ਜਾਣਾ ਚਾਹੀਦਾ ਹੈ।

ਡਿਪਟੀ ਕਮਿਸ਼ਨਰ ਨੇ ਪੁਲਿਸ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਸਾਂਝੀ ਨਿਗਰਾਨੀ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਪਰਾਲੀ ਸਾੜਨ 'ਤੇ ਰੋਕ ਲਗਾਉਣ ਲਈ ਤਾਇਨਾਤ ਕੀਤੇ ਗਏ ਅਧਿਕਾਰੀ ਵਾਢੀ ਅਧੀਨ ਖੇਤਰਾਂ ਨੂੰ ਲਗਾਤਾਰ ਦੇਖਦੇ ਰਹਿਣ ਤਾਂ ਜੋ ਪਰਾਲੀ ਸਾੜਨ ਦੀ ਕੋਈ ਸੰਭਾਵਨਾ ਨਾ ਬਣੇ।

ਉਨ੍ਹਾਂ ਕਿਹਾ ਕਿ ਨੋਡਲ ਅਫ਼ਸਰਾਂ ਅਤੇ ਕਲੱਸਟਰ ਅਫ਼ਸਰਾਂ ਨੂੰ ਉਨ੍ਹਾਂ ਪਿੰਡਾਂ ਵਿੱਚ ਸੇਵਾਵਾਂ ਲੈਣ ਲਈ ਫ਼ਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਰੀ ਮਾਲਕਾਂ ਦੇ ਸੰਪਰਕ ਨੰਬਰ ਆਪਣੇ ਨਾਲ ਰੱਖਣੇ ਚਾਹੀਦੇ ਹਨ, ਜਿੱਥੇ ਉਨ੍ਹਾਂ ਨੂੰ ਤਾਇਨਾਤ ਕੀਤਾ ਗਿਆ ਹੈ।

# ਕਿਸਾਨਾਂ ਨੂੰ ਪੈ ਰਹੀ ਦੋਹਰੀ ਮਾਰ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**- ਕੁਦਰਤ ਵੀ ਇਮਤਿਹਾਨ ਲੈ ਰਹੀ ਹੈ ਕਿ ਸੋਨੇ ਵਰਗੀ ਫਸਲ ਕਿਸਾਨ ਝੋਨੇ ਦੀ ਕਟਾਈ ਲਈ ਡਾਢੇ ਪਰੇਸ਼ਾਨ ਹਨ। ਬੀਤੀ ਦੇਰ ਰਾਤ ਚੱਲੀ ਤੇਜ਼ ਹਨੇਰੀ ਉਪਰੰਤ ਕਈ ਥਾਂ ਪਈ ਬਰਸਾਤ ਨੇ ਕਿਸਾਨਾਂ ਦੀ ਪੱਕੀ ਫਸਲ ਨੂੰ ਜ਼ਮੀਨ 'ਤੇ ਵਿਛਾਅ ਦਿੱਤਾ, ਜਿਸ ਕਾਰਨ ਕਿਸਾਨਾਂ ਨੂੰ ਝੋਨੇ ਦੀ ਕਟਾਈ ਕਰਨ ਵਿੱਚ ਡਾਢੀ ਮੁਸ਼ਕਿਲ ਆਵੇਗੀ। ਉਪਰੰਤ ਇਸ ਦੇ ਝਾੜ ਵਿੱਚ ਫਰਕ ਪਵੇਗਾ। ਕਿਸਾਨਾਂ ਨੂੰ ਪਹਿਲਾਂ ਹੀ ਅਜੇ ਤੱਕ ਖਰੀਦ ਨਾ ਹੋਣ ਕਾਰਨ ਵੱਡੀ ਚਿੰਤਾ ਸਤਾ ਰਹੀ ਹੈ, ਉਤੋਂ ਦੇਰ ਰਾਤ ਆਏ ਝੱਖੜ ਨਾਲ ਬਹੁਤ ਸਾਰੇ ਕਿਸਾਨਾਂ ਦੇ ਝੋਨੇ ਦੇ ਖੇਤਾਂ ਦੇ ਖੇਤ ਢੇਹ ਢੇਰੀ ਹੋ ਗਏ, ਜਿਸ ਕਾਰਨ ਝੋਨੇ ਦਾ ਝਾੜ ਅੱਧਾ ਰਹਿ ਜਾਵੇਗਾ ਪਰ ਜਿਸ ਨਾਲ ਮੋਹਰਚ ਵੱਧ ਆਵੇਗਾ। ਜਿਸ ਨਾਲ ਝੋਨੇ ਨੂੰ ਮੰਡੀ ਵਿੱਚ ਵੇਚਣ ਲੱਗਿਆਂ ਬਹੁਤ ਹੀ ਆਨਾਕਾਨੀ ਹੁੰਦੀ ਹੈ। ਕਿਸਾਨ ਆੜ੍ਹਤੀਆ ਅਤੇ ਸ਼ੈਲਰ ਮਾਲਕਾਂ ਨਾਲ ਚੱਲ ਰਹੇ ਤਕਰਾਰ ਕਾਰਨ ਖਰੀਦ ਦਾ ਕੋਈ ਫੈਸਲਾ ਨਹੀਂ ਲਿਆ।

ਕੁਦਰਤ ਦੀ ਅਤੇ ਸਰਕਾਰ ਦੀ ਅਣਦੇਖੀ ਕਾਰਨ ਇਸ ਸਮੇਂ ਕਿਸਾਨ ਨੂੰ ਦੋਹਰੀ ਮਾਰ ਪੈ ਰਹੀ ਹੈ। ਕਿਸਾਨਾਂ ਵੱਲੋਂ ਪੱਕਿਆ ਝੋਨਾ ਮੰਡੀਆ ਵਿੱਚ ਲਿਆਂਦਾ ਗਿਆ ਹੈ ਪਰ ਮੰਡੀ ਵਿੱਚ ਖਰੀਦ ਨਾ ਸ਼ੁਰੂ ਹੁਣ ਕਾਰਨ ਕਿਸਾਨਾਂ ਨੂੰ ਕੋਈ ਰਸਤਾ ਦਿਖਾਈ ਨਹੀਂ ਦੇ ਰਿਹਾ । ਇਸ ਸਮੇ ਕਿਸਾਨਾਂ ਵਿੱਚ ਮਲਕੀਤ ਸਿੰਘ ਕਾਹਲੋਂ, ਕਰਮਜੀਤ ਸਿੰਘ, ਕਸ਼ਮੀਰ ਸਿੰਘ ਪੂੰਨੀ, ਉਪਕਾਰ ਸਿੰਘ, ਕਰਤਾਰ ਸਿੰਘ ਕਾਨੂੰਗੋ, ਕੁਲਵੀਰ ਸਿੰਘ ਗਰੇਵਾਲ, ਸੁਰਿੰਦਰ ਸਿੰਘ, ਰਾਜਵੰਤ ਸਿੰਘ, ਕੇਵਲ ਸਿੰਘ ਮਾਹਲ, ਰੰਧੀਰ ਸਿੰਘ, ਰਸਾਲ ਸਿੰਘ ਆਦਿ ਹਾਜ਼ਰ ਸਨ ।

# ਡੀ ਏ ਪੀ ਸਮੇਤ ਹੋਰ ਖਾਦਾਂ ਨਾਲ ਹੋਰ ਕੋਈ ਉਤਪਾਦ ਦੀ ਟੈਗਿੰਗ ਖ਼ਿਲਾਫ਼ ਕੀਤੀ ਜਾਵੇਗੀ ਸਖ਼ਤ ਕਾਰਵਾਈ : ਖੁੱਡੀਆਂ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਇੱਥੇ ਕਿਸਾਨ ਜਥੇਬੰਦੀਆਂ ਨੂੰ ਭਰੋਸਾ ਦਿੱਤਾ ਕਿ ਝੋਨੇ ਦੀ ਫ਼ਸਲ ਦੀ ਖ਼ਰੀਦ ਅਤੇ ਸੂਬਾ ਸਰਕਾਰ ਹਾੜੀ ਦੀਆਂ ਫਸਲਾਂ ਦੀ ਨਿਰਵਿਘਨ ਬਿਜਾਈ ਲਈ ਡਾਇਮੋਨੀਅਮ ਫਾਸਫੇਟ (ਡੀ.ਏ.ਪੀ.) ਦੀ ਲੋੜੀਂਦੀ ਸਪਲਾਈ ਯਕੀਨੀ ਬਣਾਉਣ ਵਾਸਤੇ ਵਚਨਬੱਧ ਹੈ। ਇਸ ਕਦਮ ਦਾ ਉਦੇਸ਼ ਕਿਸਾਨਾਂ ਨੂੰ ਸਮੇਂ ਸਿਰ ਸਹਾਇਤਾ ਪ੍ਰਦਾਨ ਕਰਨਾ ਅਤੇ ਨਿਰਵਿਘਨ ਬਿਜਾਈ ਪ੍ਰਕਿਰਿਆ ਨੂੰ ਯਕੀਨੀ ਬਣਾਉਣਾ ਹੈ।ਖੇਤੀਬਾੜੀ ਮੰਤਰੀ ਨੇ ਇਹ ਐਲਾਨ ਵੀ ਕੀਤਾ ਕਿ ਹਾੜੀ ਦੇ ਸੀਜ਼ਨ ਦੀ ਮੰਗ ਨੂੰ ਪੂਰਾ ਕਰਨ ਲਈ ਅਕਤੂਬਰ ਮਹੀਨੇ ਵਾਸਤੇ 2.50 ਲੱਖ ਮੀਟ੍ਰਿਕ ਟਨ ਡੀ.ਏ.ਪੀ. ਖਾਦ ਅਲਾਟ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਇਸ ਅਲਾਟਮੈਂਟ ਵਿੱਚੋਂ ਸੂਬੇ ਨੂੰ ਪਹਿਲਾਂ ਹੀ 22,204 ਮੀਟ੍ਰਿਕ ਟਨ ਡੀ.ਏ.ਪੀ. ਪ੍ਰਾਪਤ ਹੋ ਚੁੱਕੀ ਹੈ ਅਤੇ ਹੋਰ 15,000 ਮੀਟਰਕ ਟਨ ਜਲਦ ਪ੍ਰਾਪਤ ਹੋ ਜਾਵੇਗੀ। ਉਹਨਾਂ ਅੱਗੇ ਦੱਸਿਆ ਕਿ ਸੂਬੇ ਨੂੰ ਹੁਣ ਤੱਕ ਲਗਭਗ 1.77 ਲੱਖ ਮੀਟ੍ਰਿਕ ਟਨ ਡੀ.ਏ.ਪੀ. ਪ੍ਰਾਪਤ ਹੋ ਚੁੱਕੀ ਹੈ। ਇਸ ਦੇ ਨਾਲ ਹੀ ਹੁਣ ਤੱਕ 51,612 ਮੀਟ੍ਰਿਕ ਟਨ ਡੀ.ਏ.ਪੀ. ਦੇ ਬਰਾਬਰ ਫਾਸਫੇਟ ਦੇ ਵੱਖ-ਵੱਖ ਬਦਲ ਵੀ ਪ੍ਰਾਪਤ ਹੋਏ ਹਨ, ਜਿਸ ਨਾਲ ਕੁੱਲ ਉਪਲਬਧਤਾ 2,27,563 ਮੀਟ੍ਰਿਕ ਟਨ ਬਣਦੀ ਹੈ। ਉਹਨਾਂ ਅੱਗੇ ਕਿਹਾ ਕਿ ਖਾਦ ਦੀ ਇਹ ਵੰਡ ਖੇਤੀਬਾੜੀ ਉਤਪਾਦਨ ਨੂੰ ਵਧਾਉਣ ਅਤੇ ਕਿਸਾਨਾਂ ਦੀਆਂ ਬਿਜਾਈ ਲੋੜਾਂ ਨੂੰ ਪੂਰਾ ਕਰਨ ਲਈ ਸਰਕਾਰ ਦੇ ਯਤਨਾਂ ਦਾ ਹਿੱਸਾ ਹੈ।ਸੂਬੇ ਦੇ ਉੱਚ ਅਧਿਕਾਰੀਆਂ, ਜਿਹਨਾਂ ਵਿੱਚ ਮੁੱਖ ਸਕੱਤਰ ਅਨੁਰਾਗ ਵਰਮਾ, ਵਿਸ਼ੇਸ਼ ਮੁੱਖ ਸਕੱਤਰ ਖੇਤੀਬਾੜੀ ਕੇ.ਏ.ਪੀ. ਸਿਨਹਾ, ਪ੍ਰਮੁੱਖ ਸਕੱਤਰ ਖੁਰਾਕ ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਕਾਸ ਗਰਗ, ਮਾਰਕਫੈੱਡ ਦੇ ਐਮ.ਡੀ. ਗਿਰੀਸ਼ ਦਿਆਲਨ ਅਤੇ ਇੰਟੈਲੀਜੈਂਸ ਚੀਫ਼ ਆਰ.ਕੇ. ਜੈਸਵਾਲ ਸ਼ਾਮਲ ਸਨ, ਨਾਲ ਇਥੇ ਪੰਜਾਬ ਭਵਨ ਵਿਖੇ ਸੂਬਾ ਪੱਧਰੀ ਮੀਟਿੰਗ ਕਰਦਿਆਂ ਗੁਰਮੀਤ ਸਿੰਘ ਖੁੱਡੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅੰਨਦਾਤਾ (ਕਿਸਾਨਾਂ) ਦੀ ਭਲਾਈ ਲਈ ਸਮਰਪਿਤ ਹੈ।

ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਰੁਲਦੂ ਸਿੰਘ ਮਾਨਸਾ, ਬੂਟਾ ਸਿੰਘ ਬੁਰਜਗਿੱਲ, ਹਰਿੰਦਰ ਸਿੰਘ ਲੱਖੋਵਾਲ, ਹਰਮੀਤ ਸਿੰਘ ਕਾਦੀਆਂ ਅਤੇ ਰਮਿੰਦਰ ਸਿੰਘ ਦੀ ਅਗਵਾਈ ਵਿੱਚ ਮੀਟਿੰਗ ਲਈ ਆਏ ਕਿਸਾਨ ਯੂਨੀਅਨਾਂ ਦੇ ਮੈਂਬਰਾਂ ਵੱਲੋਂ ਉਠਾਏ ਮੁੱਦਿਆਂ ਬਾਰੇ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸਹਿਕਾਰੀ ਸਭਾਵਾਂ ਨੂੰ ਡੀ.ਏ.ਪੀ. 60 ਫ਼ੀਸਦ ਅਲਾਟ ਕੀਤਾ ਜਾ ਰਹੀ ਹੈ, ਜਦਕਿ ਬਾਕੀ 40 ਫ਼ੀਸਦ ਖਾਦ ਡੀਲਰਾਂ ਨੂੰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਡੀ.ਏ.ਪੀ. ਅਤੇ ਹੋਰ ਖਾਦਾਂ ਦੇ ਨਾਲ-ਨਾਲ ਕਿਸੇ ਵੀ ਉਤਪਾਦ ਦੀ ਕਾਲਾਬਾਜ਼ਾਰੀ ਜਾਂ ਟੈਗਿੰਗ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਰੇਲਵੇ ਸਟੇਸ਼ਨ ਤੋਂ ਦੋ ਮੁਲਾਜ਼ਮਾਂ ਦੀਆਂ ਲਾਸ਼ਾਂ ਬਰਾਮਦ



**ਆਦਮਪੁਰ (ਪਰਮਜੀਤ ਸਿੰਘ)**:- ਖੁਰਦਪੁਰ ਰੇਲਵੇ ਸਟੇਸ਼ਨ ਵਿਖੇ ਦੋ ਪਲਸ ਮੁਲਾਜ਼ਮਾਂ ਦੀਆਂ ਲਾਸ਼ਾਂ ਬਰਾਮਦ ਹੋਈਆਂ ਤੇ ਸਨਸਨੀ ਦਾ ਮਾਹੌਲ ਬਣ ਗਿਆ। ਜਾਣਕਾਰੀ ਦਿੰਦੇ ਰੇਲਵੇ ਸਟੇਸ਼ਨ ਮਾਸਟਰ ਅੰਗਰੇਜ਼ ਰਾਜੂ ਨੇ ਦੱਸਿਆ ਕਿ ਕਰੀਬ 8 ਵਜੇ ਜਦ ਉਹ ਆਪਣੀ ਡਿਊਟੀ ਦੌਰਾਨ ਸਟੇਸ਼ਨ 'ਤੇ ਮੌਜੂਦ ਸਨ ਤਾਂ ਬਾਹਰ ਆਉਣ 'ਤੇ ਉਹਨਾਂ ਵੇਖਿਆ ਕਿ ਰੇਲਵੇ ਸਟੇਸ਼ਨ ਦੇ ਨਵੇਂ ਉਸਾਰੇ ਗਏ ਬਿਲਡਿੰਗ ਦੇ ਹਿੱਸੇ ਵਿੱਚ ਇੱਕ ਲਾਸ਼ ਪਈ ਹੋਈ ਸੀ। ਜਦ ਉਹਨਾਂ ਥੋੜ੍ਹਾ ਜਿਹਾ ਅੱਗੇ ਜਾ ਕੇ ਦੇਖਿਆ ਤਾਂ ਇੱਕ ਹੋਰ ਵਿਅਕਤੀ ਦੀ ਲਾਸ਼ ਸਾਹਮਣੇ ਵਿਖੀ ਜਿਸ 'ਤੇ ਇਸ ਦੀ ਸੂਚਨਾ ਆਦਮਪੁਰ ਪੁਲਸ ਨੂੰ ਦਿੱਤੀ। ਮੌਕੇ 'ਤੇ ਆਦਮਪੁਰ ਪੁਲਸ ਨੇ ਜਾਂਚ ਸ਼ੁਰੂ ਕਰਦਿਆਂ ਇਸ ਸਬੰਧੀ ਸਾਰੀ ਜਾਣਕਾਰੀ ਜੀ ਆਰ ਪੀ ਥਾਣਾ ਜਲੰਧਰ ਨੂੰ ਦਿੱਤੀ। ਪਲਵਿੰਦਰ ਸਿੰਘ ਤੇ ਐਸ ਆਈ ਵੀਰਪਾਲ ਨੇ ਦੱਸਿਆ ਕਿ ਸੂਚਨਾ ਮਿਲਣ ਤੋਂ ਬਾਅਦ ਉਹ ਪੁਲਸ ਪਾਰਟੀ ਸਮੇਤ ਸਟੇਸ਼ਨ 'ਤੇ ਪਹੁੰਚੇ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰਦਿਆਂ ਸਾਹਮਣੇ ਆਇਆ ਕਿ ਇਹ ਦੋਵੇਂ ਪੁਲਸ ਮੁਲਾਜ਼ਮ ਹਨ ਅਤੇ ਜੀ ਆਰ ਪੀ ਵੱਲੋਂ ਅਗਲੇਰੀ ਕਾਰਵਾਈ ਆਰੰਭ ਦਿੱਤੀ ਗਈ ਹੈ। ਮੌਕੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਹ ਦੋਨੋਂ ਪੁਲਸ ਮੁਲਾਜ਼ਮ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸੰਬੰਧਤ ਦੱਸੇ ਜਾ ਰਹੇ ਹਨ, ਜਿਨਾਂ ਦੇ ਨਾਂ ਏ ਐਸ ਆਈ ਪ੍ਰੀਤਮ ਦਾਸ ਅਤੇ ਏ ਐਸ ਆਈ ਜੀਵਨ ਲਾਲ ਹਨ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਹ ਦੋ ਮੁਲਜ਼ਮਾਂ ਨੂੰ ਪੇਸ਼ੀ ਤੋਂ ਲੈ ਕੇ ਵਾਪਸ ਜਾ ਰਹੇ ਸਨ ਤਾਂ ਆਦਮਪੁਰ ਵਿਖੇ ਇੱਕ ਮੁਲਜ਼ਮ ਜੋ ਕਿ ਯੂਬੀਨਾਇਲ ਜੇਲ੍ਹ ਦਾ ਦੱਸਿਆ ਜਾ ਰਿਹਾ ਹੈ ਅਤੇ ਉਸ ਖਿਲਾਫ ਸੰਗੀਨ ਦੋਸ਼ ਵੀ ਹਨ ਇਹਨਾਂ ਨੂੰ ਚਕਮਾ ਦੇ ਕੇ ਫਰਾਰ ਹੋ ਗਿਆ। ਜਿੱਥੇ ਇਹਨਾਂ ਪੁਲਸ ਮੁਲਾਜ਼ਮਾਂ ਨੇ ਆਦਮਪੁਰ ਥਾਣੇ ਪਹੁੰਚ ਇੱਕ ਮੁਲਜ਼ਮ ਨੂੰ ਥਾਣੇ ਬਿਠਾ ਦਿੱਤਾ ਤੇ ਰਸਤੇ ਵਿੱਚੋਂ ਹੀ ਇੱਕ ਰਾਹਗੀਰ ਦਾ ਮੋਟਰਸਾਈਕਲ ਲੈ ਕੇ ਇਹਨਾਂ ਨੂੰ ਲੱਭਣ ਲਈ ਚੱਲ ਪਏ ਪਰ ਅਚਾਨਕ ਸ਼ੱਕੇ ਭਰੇ ਹਾਲਾਤ 'ਚ ਉਹ ਮੋਟਰਸਾਈਕਲ ਰੇਲਵੇ ਸਟੇਸ਼ਨ ਆਦਮਪੁਰ ਦੇ ਬਾਹਰ ਅਤੇ ਇਹਨਾਂ ਦੋਹਾਂ ਮੁਲਾਜ਼ਮਾਂ ਦੀਆਂ ਲਾਸ਼ਾਂ ਰੇਲਵੇ ਸਟੇਸ਼ਨ ਦੇ ਅੰਦਰ ਨਵੇਂ ਬਣ ਰਹੇ ਬਲਾਕ ਦੇ ਨੇੜੇ ਤੋਂ ਬਰਾਮਦ ਹੋਈਆਂ।

ਅਜੇ ਤੱਕ ਇਹ ਭੇਦ ਬਣਿਆ ਹੋਇਆ ਕਿ ਆਖਿਰ ਇਹਨਾਂ ਦੀ ਮੌਤ ਕਿਵੇਂ ਹੋਈ।

9-Oct-PAGE-9.qxd 10/8/2024 10:49 PM Page 1



# ਗੁਰੂਘਰ ਦੀਆਂ ਗੱਡੀਆਂ, ਬਿਜਲੀ ਦਾ ਮੀਟਰ ਤੇ ਹੋਰ ਜਾਇਦਾਦ ਕਿਸ ਦੇ ਨਾਂਅ, ਸਪੱਸ਼ਟ ਕੀਤਾ ਜਾਵੇ : ਅਮਿਤ



**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)**- ਆਲ ਇੰਡੀਆ ਆਦਿਧਰਮ ਮਿਸ਼ਨ (ਰਜਿ.) ਭਾਰਤ ਦੇ ਕੌਮੀ ਕੈਸ਼ੀਅਰ ਅਮਿਤ ਕੁਮਾਰ ਪਾਲ ਦੀ ਸੋਸ਼ਲ ਮੀਡੀਏ 'ਤੇ ਨਸ਼ਰ ਹੋਈ ਦੂਜੀ ਚਿੱਠੀ ਪੜ੍ਹ ਕੇ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਦੇ ਹਿਸਾਬ ਕਿਤਾਬ ਵਿੱਚ ਘਪਲੇਬਾਜ਼ੀ ਦੇ ਸ਼ੰਕੇ, ਹੋ ਰਹੀਆਂ ਬੇਨਿਯਮੀਆਂ ਅਤੇ ਗੈਰ ਸੰਵਿਧਾਨਕ ਕਾਰਵਾਈਆਂ ਪ੍ਰਤੀ ਸੰਗਤਾਂ ਦੇ ਮਨਾਂ ਅੰਦਰ ਸ਼ੱਕ ਦੀਆਂ ਖਾਈਆਂ ਹੋਰ ਡੂੰਘੀਆਂ ਹੋ ਗਈਆਂ ਹਨ ਅਤੇ ਪ੍ਰਬੰਧਕ ਕਮੇਟੀ ਅੰਦਰ ਘਮਾਸਾਨ ਮਚਿਆ ਹੋਇਆ ਹੈ।ਅਮਿਤ ਨੇ ਦੂਜੀ ਚਿੱਠੀ ਵਿੱਚ ਸੰਗਤਾਂ ਨੂੰ ਬੇਨਤੀ ਕੀਤੀ ਕਿ ਪ੍ਰਚਾਰ ਵਾਸਤੇ ਖ਼੍ਰੀਦੀ ਗਈ ਪਾਲਕੀ ਸਾਹਿਬ ਮੇਰੇ ਨਾਂਅ 'ਤੇ ਹੈ ਜਿਸ ਦੀਆਂ ਕਰਜ਼ੇ ਦੀਆਂ ਕਿਸ਼ਤਾਂ ਮੈਂ ਲਗਾਤਾਰ ਆਪਣੇ ਨਿੱਜੀ ਖਾਤੇ ਵਿੱਚੋਂ ਭਰ ਰਿਹਾ ਹਾਂ ਪਰ ਪਾਲਕੀ ਸਾਹਿਬ ਦੀ ਮਾਲਕੀ ਸ੍ਰੀ ਚਰਨਛੋਹ ਗੰਗਾ ਅਤੇ ਆਦਿਧਰਮ ਮਿਸ਼ਨ ਦੀ ਹੈ ਜੋ ਗੱਡੀ ਦੀ ਆਰ ਸੀ 'ਤੇ (ਕੇਅਰ ਆਫ) ਲਿਖਿਆ ਹੋਇਆ ਹੈ।ਅਮਿਤ ਨੇ ਪ੍ਰਬੰਧਕ ਕਮੇਟੀ ਨੂੰ ਬੇਨਤੀ ਕੀਤੀ ਕਿ ਸੰਗਤਾਂ ਨੂੰ ਸਪੱਸ਼ਟ ਦੱਸਿਆ ਜਾਵੇ ਕਿ ਗੁਰੂਘਰ ਦੀਆਂ ਗੱਡੀਆਂ, ਬਿਜਲੀ ਦਾ ਮੀਟਰ ਅਤੇ ਹੋਰ ਪ੍ਰਾਪਰਟੀ ਕਿਸ ਦੇ ਨਾਂਅ 'ਤੇ ਹੈ।ਅਮਿਤ ਨੇ ਕਿਹਾ ਕਿ ਸਾਰਿਆਂ ਮੈਂਬਰਾਂ ਦੇ ਕਹਿਣ 'ਤੇ ਮੈਂ 20 ਜੂਨ 2024 ਨੂੰ ਆਲ ਇੰਡੀਆ ਆਦਿਧਰਮ ਮਿਸ਼ਨ ਦਾ ਬਾਕੀ ਰਹਿੰਦਾ ਚਾਰ ਸਾਲ ਦਾ ਹਿਸਾਬ ਸਹਾਇਕ ਕੈਸ਼ੀਅਰ ਮਨਜੀਤ ਮੁੱਗੋਵਾਲ ਦੇ ਘਰ ਦੇ ਕੇ ਆਇਆ ਸੀ ਅਤੇ ਮੇਰੇ ਕੈਸ਼ੀਅਰ ਸਮੇਂ ਦੌਰਾਨ ਜੋ ਵੀ ਪੈਸਾ ਆਦਿਧਰਮ ਮਿਸ਼ਨ ਨੇ ਖਰਚ ਕੀਤਾ, ਉਸ ਵਿੱਚ ਪਾਲਕੀ ਸਾਹਿਬ, ਦੂਰਦਰਸ਼ਨ, ਆਦਿ ਧਰਮ ਪੱਤ੍ਰਿਕਾ ਅਤੇ ਬਾਕੀ ਅਖਬਾਰਾਂ ਦੇ ਇਸ਼ਤਿਹਾਰ, ਪ੍ਰਚਾਰ ਯਾਤਰਾਵਾਂ, ਲੁਧਿਆਣਾ ਆਦਿਧਰਮ ਸਮਾਗਮ ਅਤੇ ਹੋਰ ਸਾਰੇ ਖਰਚਿਆਂ ਸਮੇਤ ਬਿੱਲ ਹਿਸਾਬ ਦੇ ਚੁੱਕਾ ਹਾਂ। ਸੰਗਤ ਜੀ ਹੁਣ ਗੁਰੂਘਰ ਦੇ ਪ੍ਰਧਾਨ ਵਲੋਂ ਇਹ ਕਹਿਣਾ ਕਿ ਹਿਸਾਬ ਅਧੂਰਾ ਦਿੱਤਾ ਹੈ ਤਾਂ ਮੇਰੀ ਬੇਨਤੀ ਹੈ ਕਿ ਇਕ ਖੁੱਲ੍ਹਾ ਇਕੱਠ ਬੁਲਾਇਆ ਜਾਵੇ, ਮੈਂ ਇਕ ਇਕ ਪੈਸੇ ਦਾ ਹਿਸਾਬ ਸੰਗਤ ਸਾਹਮਣੇ ਰੱਖ ਦਿਆਂਗਾ ਅਤੇ ਸ੍ਰੀ ਚਰਨਛੋਹ ਗੰਗਾ ਦਾ ਸਾਰਾ ਹਿਸਾਬ ਵੀ ਸੰਗਤ ਨੂੰ ਜਾਣੂ ਕਰਾਇਆ ਜਾਵੇ।ਕਮੇਟੀ ਵਲੋਂ ਮੇਰੇ ਤੋਂ ਅਸ਼ਟਾਮ ਮੰਗਿਆ ਜਾ ਰਿਹਾ ਹੈ ਕਿ ਪਾਲਕੀ ਸਾਹਿਬ ਤੇ ਕਬਜ਼ਾ ਨਾ ਕਰ ਲਵੇ ਪਰ ਇਹ ਸ਼ਰਤ ਪ੍ਰਧਾਨ 'ਤੇ ਕਿਉਂ ਨਹੀਂ ਲਾਗੂ ਹੁੰਦੀ ? ਪ੍ਰਧਾਨ ਨੂੰ ਵੀ ਲਿਖ ਕੇ ਦੇਣਾ ਚਾਹੀਦਾ ਕਿ ਜੋ ਮੇਰੇ ਨਾਂਅ 'ਤੇ ਗੱਡੀਆਂ, ਬਿਜਲੀ ਦਾ ਮੀਟਰ, ਮਾਲ ਡੰਗਰ ਤੇ ਜ਼ਮੀਨ ਜੋ ਵੀ ਹੈ ਇਹ ਸ੍ਰੀ ਚਰਨਛੋਹ ਗੰਗਾ ਦੀ ਹੈ, ਮੇਰੇ ਤੋਂ ਬਾਅਦ ਮੇਰੇ ਪਰਵਾਰ ਦਾ ਇਸ 'ਤੇ ਕੋਈ ਕਨੂੰਨੀ ਹੱਕ ਨਹੀਂ ਹੋਵੇਗਾ, ਮੇਰਾ ਇਹ ਬਿਆਨ ਸਹੀ ਮੰਨਿਆ ਜਾਵੇ। ਸੰਗਤ ਜੀ ਮੈਂ ਅਮਿਤ ਕੁਮਾਰ ਪਾਲ ਕੌਮੀ ਕੈਸ਼ੀਅਰ ਆਦਿਧਰਮ ਮਿਸ਼ਨ ਇਹ ਬਿਆਨ ਜਨਤਕ ਕਰਦਾਂ ਹਾਂ ਕਿ ਗੁਰੂਘਰ ਦੀ ਕਿਸੇ ਵੀ ਚੀਜ਼ 'ਤੇ ਮੇਰਾ ਜਾਂ ਮੇਰੇ ਪਰਵਾਰ ਦਾ ਕੋਈ ਹੱਕ ਨਹੀਂ ਹੈ। ਗੁਰੂਘਰ ਦੇ ਪੈਸੇ ਨਾਲ ਖ਼੍ਰੀਦੀ ਹਰ ਚੀਜ਼ ਗੁਰੂਘਰ ਦੀ ਹੈ। ਸੰਗਤ ਜੀ,ਪ੍ਰਧਾਨ ਗਿਆਨ ਚੰਦ ਦੀਵਾਲੀ ਦੇ ਵਿਸ਼ਵਾਸ ਦਿਵਾਉਣ 'ਤੇ ਪਾਲਕੀ ਸਾਹਿਬ ਦੀ ਇਕ ਕਿਸ਼ਤ 19350 ਰੁਪਏ ਚੈੱਕ ਨੰਬਰ 030985 ਮੇਰੇ ਖਾਤੇ ਵਿੱਚ ਪਾਏ ਗਏ ਹਨ ਜਦਕਿ ਮੇਰੇ ਵਲੋਂ ਖਰਚ ਕੀਤੇ ਪਾਲਕੀ ਸਾਹਿਬ 231473.60 ਅਤੇ ਆਦਿਧਰਮ ਮਿਸ਼ਨ ਦਾ ਬਣਦਾ 356509 ਬਾਕੀ ਹਨ। ਇਹ ਮੇਰਾ ਬਕਾਇਆ ਵੀ ਚੈਕ ਰਾਹੀਂ ਦਿੱਤਾ ਜਾਵੇ।

# ਹਲਕਾ ਇੰਚਾਰਜ ਪ੍ਰਿੰ. ਪ੍ਰੇਮ ਕੁਮਾਰ ਤੇ ਐੱਸ ਡੀ ਐੱਮ ਨੇ ਸਰਕਾਰੀ ਖਰੀਦ ਕਰਵਾਈ ਸ਼ੁਰੂ



**ਫਿਲੌਰ (ਨਿਰਮਲ)**- ਦਾਣਾ ਮੰਡੀ ਫਿਲੌਰ ਵਿਖੇ ਵਾਇਸ ਚੇਅਰਮੈਨ ਐਜੂਕੇਸ਼ਨ ਬੋਰਡ ਪੰਜਾਬ ਅਤੇ ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਅਤੇ ਐੱਸ. ਡੀ.ਐੱਮ ਫਿਲੌਰ ਅਮਨਪਾਲ ਸਿੰਘ ਵਲੋਂ ਸਰਕਾਰੀ ਅਧਿਕਾਰੀਆਂ ਨੂੰ ਨਾਲ ਲੈ ਕੇ ਝੋਨੇ ਦੀ ਖਰੀਦ ਸ਼ੁਰੂ ਕਰਵਾਈ ਗਈ। ਇਸ ਮੌਕੇ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਫਿਲੌਰ ਰੋਸ਼ਨ ਲਾਲ ਰੋਸ਼ੀ, ਬਲਾਕ ਪ੍ਰਧਾਨ ਸੁਰਿੰਦਰ ਸਿੰਘ ਬੱਛੋਵਾਲ, ਜਰਨੈਲ ਸਿੰਘ ਮੋਤੀਪੁਰ ਖਾਲਸਾ, ਸੁਖਦੀਪ ਅੱਪਰਾ, ਜਤਿੰਦਰ ਸਿੰਘ, ਤਜਿੰਦਰ ਅੱਪਰਾ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਸਹਿਬਾਨ ਮੌਜੂਦ ਸਨ।

# ਭੁਲੱਥ 'ਚ ਦਾਣਾ ਮੰਡੀ ਮਜ਼ਦੂਰ ਯੂਨੀਅਨ ਪੰਜਾਬ ਦਾ ਹੋਇਆ ਗਠਨ



**ਭੁਲੱਥ, (ਮਨਪ੍ਰੀਤ ਸਿੰਘ)**-ਸਬ ਡਵੀਜ਼ਨ ਕਸਬਾ ਭੁਲੱਥ ਦੀ ਦਾਣਾ ਮੰਡੀ ਦੇ ਮਜ਼ਦੂਰਾਂ ਵੱਲੋਂ ਕਾਮਰੇਡ ਗੰਗਾ ਪ੍ਰਸਾਦ ਸੂਬਾ ਪ੍ਰਧਾਨ ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਦਾਣਾ ਮੰਡੀ ਮਜ਼ਦੂਰ ਪੰਜਾਬ ਦਾ ਗਠਨ ਕੀਤਾ ਗਿਆ। ਇਸ ਮੌਕੇ ਯੂਨੀਅਨ ਦੇ ਪ੍ਰਧਾਨ ਜਯ ਕਿਸ਼ੋਰ ਮੰਡਲ, ਵਾਈਸ ਪ੍ਰਧਾਨ ਇੰਦਰਾਮ, ਸੰਤੋਸ਼ ਮੰਡਲ, ਅੰਗਦ ਸ਼ਰਮਾ, ਸੈਕਟਰੀ ਫੁਚੁਲ ਸ਼ਰਮਾ, ਜੋਇੰਟ ਸੈਕਟਰੀ ਸਲਿੰਦਰ ਸ਼ਾਹ, ਸਤੀਸ਼ ਮੰਡਲ, ਧਰਿੰਦਰ ਯਾਦਵ ਤੇ ਖਜ਼ਾਨਚੀ ਰਾਮੂ ਮੰਡਲ ਨੂੰ ਚੁਣਿਆ ਗਿਆ।

ਇਸ ਮੌਕੇ ਗਠਨ ਦੌਰਾਨ ਆਪਣੀਆਂ ਮੰਗਾਂ ਬਾਰੇ ਵਿਚਾਰ ਚਰਚਾ ਹੋਈ । ਇਸ ਮੌਕੇ ਮਜ਼ਦੂਰ ਆਗੂਆਂ ਕਿਹਾ ਕਿ ਮੰਡੀ ਵਿੱਚ ਲਿਫਟਿੰਗ ਟਾਈਮ ਨਾਲ ਹੋਣੀ ਚਾਹੀਦੀ ਹੈ, ਕਿਉਂਕਿ ਇਸ ਨਾਲ ਮਜ਼ਦੂਰਾਂ ਨੂੰ ਬਹੁਤ ਘਾਟਾ ਪੈਂਦਾ ਹੈ। ਉਹਨਾਂ ਕਿਹਾ ਕਿ ਜਿੰਨਾ ਚਿਰ ਲਿਫਟਿੰਗ ਨਹੀਂ ਹੁੰਦੀ ਮਜ਼ਦੂਰ ਵਰਗ ਉਥੇ ਬੈਠਾ ਰਹਿੰਦਾ ਹੈ। ਜੇਕਰ ਇਹ ਲਿਫਟਿੰਗ ਟਾਈਮ ਨਾਲ ਨਹੀਂ ਹੁੰਦੀ ਤਾਂ ਇਸ ਦਾ ਘਾਟਾ ਪੂਰਾ ਕਰਨਾ ਪਵੇਗਾ, ਨਹੀਂ ਤਾਂ ਮਜ਼ਦੂਰਾਂ ਨੂੰ ਵਾਧੂ ਦਿਹਾੜੀ ਦੇਣੀ ਪਵੇਗੀ। ਉਹਨਾਂ ਕਿਹਾ ਕਿ ਸੁਕਾਈ ਦਾ ਰੇਟ 7 ਰੁਪਏ ਪ੍ਰਤੀ ਬੋਰੀ ਹੋਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਲੋਡ ਜਾਂ ਅਨਲੋਡ ਸਮੇਂ ਜੋ ਪੰਜਾਬ ਸਰਕਾਰ ਦਾ ਜੋ ਮੰਡੀ ਬੋਰਡ ਦਾ ਰੇਟ ਹੈ ਉਹੀ ਰੇਟ ਭੁਲੱਥ ਮੰਡੀ ਵਿੱਚ ਲਾਗੂ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਜਦੋਂ ਰਾਤ ਦਾ ਸਮਾਂ ਹੁੰਦਾ ਹੈ ਤਾਂ ਮੰਡੀ ਵਿੱਚ ਚੋਰੀ ਦਾ ਵੀ ਬਹੁਤ ਖਤਰਾ ਹੈ, ਜਿਸ ਕਰਕੇ ਮੰਡੀ ਨੂੰ ਗੇਟ ਲਗਵਾਉਣੇ ਚਾਹੀਦੇ ਹਨ ਤੇ ਚੌਕੀਦਾਰ ਵੀ ਹੋਣੀ ਚਾਹੀਦੇ ਹਨ । ਇਸ ਮੌਕੇ ਹੋਰਨਾਂ ਤੋਂ ਇਲਾਵਾ ਵਾਈਸ ਪ੍ਰਧਾਨ ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਬਲਵਿੰਦਰ ਸਿੰਘ, ਰਾਜ ਕਮੇਟੀ ਮੈਂਬਰ ਅਬਦੇਸ਼ ਕੁਮਾਰ ਯਾਦਵ, ਅਮਰਿੰਦਰ ਕੁਮਾਰ ਸੈਕਟਰੀ, ਭੂਟੋ ਮੰਡਲ, ਸੰਤੋਸ਼ ਕੁਮਾਰ ਯਾਦਵ, ਸੁੰਦਰ ਹੰਸਪਾਲ, ਰਵੀ ਮਹਤੋ, ਰਣਜੀਤ ਮੰਡਲ, ਗਜਿੰਦਰ ਯਾਦਵ, ਤਲੂ ਵਿਸ਼ਰਾ, ਜੰਦੂਆ ਮਹਤੋ, ਸਤੀਰਾ ਮੰਡਲ , ਵਰੁਣ ਮੰਡਲ, ਸਿਕੰਦਰ ਯਾਦਵ, ਆਨੀਲ ਯਾਦਵ, ਮਨੀਸ਼ ਕੁਮਾਰ, ਨਿਰੰਜਨ ਸਿੰਘ, ਬਹੁਜਨ ਯਾਦਵ, ਸੰਤੋਸ਼ ਯਾਦਵ, ਗਗੇਸ਼ ਪੰਡਿਤ, ਕ੍ਰਿਸ਼ਨਾ ਕੁਮਾਰ, ਆਨੀਲ ਯਾਦਵ, ਵਿਕਾਸ ਯਾਦਵ, ਕਪੇਸ਼ ਯਾਦਵ, ਗਜਿੰਦਰ ਯਾਦਵ, ਜਰਨੈਲ ਮੰਡਲ, ਮੰਦੇਸ਼ ਮੰਡਲ, ਦਲੀਪ ਮੰਡਲ, ਰਾਮ ਬਿਲਾਸ, ਕਨੋਸ਼ ਸਰਦਾਰ, ਦਇਆ ਸ਼ਰਮਾ ਤੇ ਹੋਰ ਹਾਜ਼ਰ ਸਨ ।

# ਮਹਿੰਦਰਾ ਪਬਲਿਕ ਸਕੂਲ 'ਚ ਆਵਾਸ ਦਿਵਸ ਮਨਾਇਆ




**ਕਰਤਾਪੁਰ (ਹਰਮੇਸ਼ ਦੱਤ)**- ਮਹਿੰਦਰਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਿਆਲਪੁਰ ਜ਼ਿਲ੍ਹਾ ਕਪੂਰਥਲਾ ਵਿਖੇ ਈਕੋ ਕਲੱਬ ਦੇ ਮੈਂਬਰਾਂ ਦੀ ਅਗਵਾਈ ਵਿੱਚ ਆਵਾਸ ਦਿਵਸ ਮਨਾਇਆ ਗਿਆ, ਜਿਸ ਵਿੱਚ ਸਕੂਲ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਦਿਵਸ ਨੂੰ ਅਕਤੂਬਰ ਮਹੀਨੇ ਦੇ ਪਹਿਲੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ। ਇਸ ਦਾ ਉਦੇਸ਼ ਹੈ ਕਿ ਹਰੇਕ ਇਨਸਾਨ ਕੋਲ ਘਰ ਹੋਣਾ ਚਾਹੀਦਾ ਹੈ ਤਾਂ ਜੋ ਉਹ ਸੁਰੱਖਿਅਤ ਰਹੇ। ਇਹ ਹਰੇਕ ਵਿਅਕਤੀ ਦਾ ਅਧਿਕਾਰ ਵੀ ਹੈ। ਸਕੂਲਾਂ, ਕਾਲਜਾਂ, ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿੱਚ ਇਸ ਦਿਨ ਨਾਲ ਸੰਬੰਧਤ ਪ੍ਰੋਗਰਾਮ, ਵਰਕਸ਼ਾਪਾਂ ਤੇ ਸੈਮੀਨਾਰ ਲਗਾਏ ਜਾਂਦੇ ਹਨ ਤਾਂ ਜੋ ਸਾਰਿਆਂ ਨੂੰ ਇਸ ਦਿਨ ਬਾਰੇ ਜਾਣੂ ਕਰਵਾਇਆ ਜਾ ਸਕੇ। ਪ੍ਰੋਗਰਾਮ ਦੌਰਾਨ ਪਰਮਜੀਤ ਕੌਰ ਕਾਹਲੋਂ ਅਤੇ ਮੈਡਮ ਪਰਮਜੀਤ ਕੌਰ ਢਾਅ ਨੇ ਕਿਹਾ ਕਿ ਸਰਕਾਰੀ, ਗੈਰ ਸਰਕਾਰੀ ਸੰਸਥਾਵਾਂ, ਸਭਾਵਾਂ, ਜਥੇਬੰਦੀਆਂ ਤੇ ਮੀਡੀਆ ਨੂੰ ਇਕਜੁੱਟ ਹੋ ਕੇ ਪਿੰਡਾਂ, ਸ਼ਹਿਰਾ ਤੇ ਕਸਬਿਆਂ ਦੀ ਦਿਸ਼ਾ ਸੁਧਾਰਨ ਲਈ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਪਿੰਡਾਂ ਤੇ ਸ਼ਹਿਰਾਂ ਵਿੱਚ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਲਈ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦੌਰਾਨ ਵਿਦਿਆਰਥੀਆ ਵਿੱਚ ਭਾਸ਼ਣ ਮੁਕਾਬਲੇ ਕਰਵਾਏ ਗਏ। ਸਰਨਪ੍ਰੀਤ ਕੌਰ, ਗੁਰਸਿਮਰਨ ਕੌਰ ਨੇ ਪਹਿਲੀ ਪੁਜੀਸ਼ਨ ਹਾਸਲ ਕੀਤੀ, ਰਾਧਿਕਾ, ਸਿਮਰਨਜੀਤ ਕੌਰ ਨੇ ਦੂਸਰਾ ਸਥਾਨ ਅਤੇ ਜਸਮੀਨ, ਪ੍ਰਭਨੂਰ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਦਮਨਪ੍ਰੀਤ ਕੌਰ ਤੇ ਸਿਮਰਨਪ੍ਰੀਤ ਕੌਰ ਨੂੰ ਕੰਨਸੋਲੇਸ਼ਨ ਪਰਾਈਜ਼ ਦੇ ਕੇ ਸ਼ਲਾਘਾ ਕੀਤੀ ਅਤੇ ਸਕੂਲ ਮੈਨੇਜਮੈਂਟ ਨੇ ਜਿੱਤ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ। ਪ੍ਰੋਗਰਾਮ ਸਕੂਲ ਸੰਚਾਲਕ ਮੈਡਮ ਮਹਿੰਦਰ ਕੌਰ ਪੱਡਾ ਅਤੇ ਚੇਅਰਪਰਸਨ ਹਰਮਨ ਸਿੰਘ ਪੱਡਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਨੇਪਰੇ ਚੜ੍ਹਿਆ। ਇਸ ਮੌਕੇ ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਚੱਬੇਵਾਲ ਤੇ ਜ਼ਿਲ੍ਹਾ ਮੈਜਿਸਟ੍ਰੇਟ ਕੋਮਲ ਮਿੱਤਲ ਨੇ ਝੋਨੇ ਦੀ ਖ਼ਰੀਦ ਸ਼ੁਰੂ ਕਰਵਾਈ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਹੁਸ਼ਿਆਰਪੁਰ ਦੇ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਜ਼ਿਲ੍ਹਾ ਮੈਜਿਸਟ੍ਰੇਟ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਸਥਾਨਕ ਅਨਾਜ ਮੰਡੀ ਦਾ ਦੌਰਾ ਕੀਤਾ ਅਤੇ ਝੋਨੇ ਦੀ ਖਰੀਦ ਸ਼ੁਰੂ ਕਰਵਾਈ। ਡਾ. ਰਾਜ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਜਾਇਜ਼ਾ ਲਿਆ। ਉਨ੍ਹਾਂ ਮੰਡੀ ਵਿੱਚ ਝੋਨੇ ਦੀ ਖਰੀਦ ਪ੍ਰਕਿਰਿਆ ਦਾ ਨਿਰੀਖਣ ਕੀਤਾ ਅਤੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਾ ਆਉਣ ਨੂੰ ਯਕੀਨੀ ਬਣਾਇਆ। ਇਸ ਦੌਰਾਨ ਉਨ੍ਹਾਂ ਨੇ ਕਿਸਾਨਾਂ ਅਤੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਝੋਨੇ ਦੀ ਖਰੀਦ ਅਤੇ ਲਿਫਟਿੰਗ ਦੀ ਪ੍ਰਕਿਰਿਆ ਦਾ ਬਾਰੀਕੀ ਨਾਲ ਨਿਰੀਖਣ ਕੀਤਾ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਖਰੀਦ ਪ੍ਰਕਿਰਿਆ ਵਿੱਚ ਕਿਸੇ ਕਿਸਮ ਦੀ ਦੇਰੀ ਨਾ ਹੋਣ ਦਿੱਤੀ ਜਾਵੇ ਅਤੇ ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀ ਦੇ ਪ੍ਰਬੰਧ ਕੀਤੇ ਜਾਣ। ਮੰਡੀ ਵਿੱਚ ਕਿਸਾਨਾਂ ਨਾਲ ਮੀਟਿੰਗ ਦੌਰਾਨ ਸੰਸਦ ਮੈਂਬਰ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਅਧਿਕਾਰੀਆਂ ਨੂੰ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇ, ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਆਰਥਿਕ ਤੰਗੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੌਰਾਨ ਸੰਸਦ ਮੈਂਬਰ ਡਾ. ਚੱਬੇਵਾਲ ਨੇ ਵੀ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਦੇ ਹਿੱਤ ਵਿੱਚ ਕੰਮ ਕਰੇਗੀ। ਕਿਸਾਨ ਅਤੇ ਉਨ੍ਹਾਂ ਦੀ ਪਾਰਟੀ ਦਾ ਉਦੇਸ਼ ਕਿਸਾਨਾਂ ਦੀ ਆਮਦਨ ਵਧਾਉਣਾ ਹੈ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਕਿਸਾਨ ਨੂੰ ਕੋਈ ਸਮੱਸਿਆ ਹੈ ਤਾਂ ਉਹ ਉਨ੍ਹਾਂ ਨਾਲ ਸਿੱਧਾ ਸੰਪਰਕ ਕਰ ਸਕਦਾ ਹੈ। ਇਸ ਮੌਕੇ ਰੋਹਿਤ, ਹਨੀ ਸੂਦ, ਪ੍ਰਧਾਨ ਦਾਣਾ ਮੰਡੀ ਸੁਧੀਰ ਸੂਦ, ਜ਼ਿਲ੍ਹਾ ਪ੍ਰਧਾਨ ਤਰਸੇਮ ਮੌਦਗਿਲ, ਨਰਿੰਦਰ ਮੋਹਨ, ਵਿਸ਼ਾਲ ਬਾਂਸਲ, ਰਿੰਕੂ, ਪਰਵੀਨ, ਸ਼ਮਸ਼ੇਰ ਸਿੰਘ ਆਦਿ ਹਾਜ਼ਰ ਸਨ।

# ਸੇਵਾ-ਮੁਕਤ ਪ੍ਰੋਫੈਸਰ ਨਰੇਸ਼ ਚੰਦ ਤਿਆਗੀ ਨੂੰ ਸੇਜਲ ਅੱਖਾਂ ਨਾਲ ਅੰਤਮ ਵਿਦਾਇਗੀ



**ਬਲਾਚੌਰ (ਜਸਵਿੰਦਰ ਬੈਂਸ)** -ਤਿਆਗੀ ਹਸਪਤਾਲ ਬਾਈਪਾਸ ਮੋੜ ਰੁੜਕੀ ਕਲਾਂ ਮਾਲਕ ਡਾ. ਅਨੁਪਮ ਤਿਆਗੀ ਦੇ ਸਤਿਕਾਰਯੋਗ ਪਿਤਾ ਸੰਤ ਗੁਰਮੇਲ ਸਿੰਘ ਚੈਰੀਟੇਬਲ ਹਸਪਤਾਲ ਗੜ੍ਹੀ ਕਾਨੂੰਗੋਆ ਦੇ ਡਾ. ਪਰਮਜੀਤ ਦੇ ਸਹੁਰਾ ਸਾਹਿਬ ਅਤੇ ਡਾ. ਸ਼ਵੈਤਾ ਦੇ ਪਿਤਾ ਸੇਵਾ ਮੁਕਤ ਪ੍ਰੋਫੈਸਰ ਨਰੇਸ਼ ਚੰਦ ਤਿਆਗੀ (86) ਜਿਹੜੇ ਕਿ ਬੀਤੇ ਦਿਨ ਸਵਾਸਾ ਦੀ ਪੂੰਜੀ ਨੂੰ ਭੋਗਦੇ ਹੋਏ ਅਕਾਲ ਚਲਾਣਾ ਕਰ ਗਏ ਸਨ, ਮੰਗਲਵਾਰ ਉਨ੍ਹਾਂ ਦਾ ਅੰਤਿਮ ਸੰਸਕਾਰ ਤਹਿਸੀਲ ਬਲਾਚੌਰ ਦੇ ਪਿੰਡ ਰੁੜਕੀ ਕਲਾਂ ਦੇ ਸ਼ਮਸ਼ਾਨਘਾਟ ਵਿੱਚ ਪਰਵਾਰਕ ਮੈਂਬਰਾਂ ਤੇ ਵੱਡੀ ਗਿਣਤੀ ਵਿੱਚ ਵੱਖ ਵੱਖ ਸਥਾਨਾਂ ਦੇ ਡਾਕਟਰਾਂ, ਸਿਆਸੀ ਪਾਰਟੀਆਂ ਦੇ ਆਗੂਆਂ, ਸਮਾਜ ਸੇਵੀਆਂ, ਧਾਰਮਿਕ ਜਥੇਬੰਦੀਆਂ ਦੇ ਇਕੱਤਰ ਹੋਏ ਲੋਕਾਂ ਵਲੋਂ ਕੀਤਾ ਗਿਆ । ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਤਿੰਨ ਪੁੱਤਰਾਂ ਅਨੁਰਾਗ ਤਿਆਗੀ, ਡਾ. ਅਨੁਪਮ ਤਿਆਗੀ, ਅਤੁੱਲ ਤਿਆਗੀ ਵਲੋਂ ਵਿਖਾਈ ਗਈ ।ਇਸ ਮੌਕੇ ਆਪ ਆਗੂ ਅਸ਼ੋਕ ਕਟਾਰੀਆ, ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ, ਚੇਅਰਮੈਨ ਐਮ ਆਰ ਸਿਟੀ ਸਕੂਲ ਬਲਾਚੌਰ ਰਾਮ ਜੀ ਦਾਸ, ਮਨਦੀਪ ਸਿੰਘ, ਡਾ. ਦੁਪਿੰਦਰ ਸੰਧੂ, ਡਾ. ਜਸਵਿੰਦਰ ਸਿੰਘ ਰਾਜਾ ਹਸਪਤਾਲ, ਡਾ. ਜਿਵਤੈਸ਼ ਪਾਹਵਾ ਨਵਾਂਸ਼ਹਿਰ, ਡਾ. ਵਿਸ਼ੇਸ਼ ਲੰਬ ਗੜ੍ਹਸ਼ੰਕਰ, ਨਿਤਨ ਮਿੱਤਲ ਹੋਮ ਹਸਪਤਾਲ, ਦੀਪਕ ਅਹੂਜਾ, ਰਾਜਵੀਰ ਸਿੰਘ ਮਾਨ, ਨਵੀਨ ਆਦੋਆਣਾ, ਅਜ਼ਾਦ ਪ੍ਰੈਸ ਐਂਡ ਵੈਲਫੇਅਰ ਕਲੱਬ ਬਲਾਚੌਰ ਦੇ ਪ੍ਰਧਾਨ ਰਾਣਾ ਨਰੇਸ਼ ਕੁਮਾਰ ਹੈਪੀ, ਸਮਰਦੀਪ ਸਿੰਘ ਵਲੋਂ ਪਰਵਾਰ ਨਾਲ ਦੁੱਖ ਸਾਂਝਾ ਕਰਦਿਆ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਅਤੇ ਪਰਵਾਰ ਨੂੰ ਭਾਣਾ ਮੰਨਣ ਦੀ ਤਾਕਤ ਬਖਸ਼ਣ ਦੀ ਅਰਦਾਸ ਕੀਤੀ ਗਈ।

# ਨਸਰਾਲਾ 'ਚ ਪੰਚਾਇਤ ਦੀ ਸਰਬਸੰਮਤੀ ਨਾਲ ਚੋਣ



**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**-ਜ਼ਿਲ੍ਹੇ ਦਾ ਪ੍ਰਮੁੱਖ ਕਸਬਾ ਨਸਰਾਲਾ ਜੋ ਕਿ ਇੰਡਸਟਰੀਅਲ ਏਰੀਆ ਵਜੋਂ ਜ਼ਿਲ੍ਹੇ ਵਿੱਚ ਆਪਣੀ ਅਲੱਗ ਪਹਿਚਾਣ ਰੱਖਦਾ ਹੈ ਅਤੇ ਜਿਸ ਨੂੰ ਹਲਕਾ ਸ਼ਾਮਚੁਰਾਸੀ ਦਾ ਇੱਕ ਵੱਡਾ ਪਿੰਡ ਹੋਣ ਦਾ ਮਾਣ ਪ੍ਰਾਪਤ ਹੈ ਅਤੇ ਸਿਆਸੀ ਗਲਿਆਰਿਆਂ ਵਿੱਚ ਜਿਸ ਦੀ ਅਲੱਗ ਪਹਿਚਾਣ ਹੈ, ਵਿੱਚ ਪੂਰੀ ਪੰਚਾਇਤ ਦੀ ਦਹਾਕਿਆਂ ਬਾਅਦ ਸਰਬਸੰਮਤੀ ਨਾਲ ਚੋਣ ਹੋਈ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਸਰਬਸੰਮਤੀ ਨਾਲ ਚੁਣੀ ਇਸ ਪੰਚਾਇਤ ਵਿੱਚ ਡਾ. ਜਰਨੈਲ ਸਿੰਘ ਨੂੰ ਸਰਪੰਚ ਅਤੇ ਬਤੌਰ ਮੈਂਬਰ ਪੰਚਾਇਤ ਜ਼ੋਰਾਵਰ ਸਿੰਘ, ਹਰੀ ਸਿੰਘ, ਮਨਜੀਤ ਸਿੰਘ, ਕੁਲਵਿੰਦਰ ਸਿੰਘ, ਰਾਜ ਕੁਮਾਰ, ਮਧੂ ਰਾਣੀ, ਕੁਲਵਿੰਦਰ ਕੌਰ, ਮੀਨਾ ਰਾਣੀ, ਸਰਬਜੀਤ ਕੌਰ ਦੀ ਸਰਬਸੰਮਤੀ ਨਾਲ ਚੋਣ ਹੋਈ। ਇਸ ਮੌਕੇ ਹਰਪਾਲ ਸਿੰਘ ਪਾਲਾ, ਲਾਭ ਸਿੰਘ ਲੰਬੜਦਾਰ, ਮੋਹਨ ਸਿੰਘ ਮੋਹਣਾ, ਰਵਿੰਦਰ ਸਿੰਘ ਰਵੀ, ਦੀਪ ਕੌਰ ਸਾਬਕਾ ਸਰਪੰਚ, ਗੁਰਬਖ਼ਸ਼ ਸਿੰਘ ਬਖਸ਼ਾ, ਦਿਆਲ ਸਿੰਘ, ਪੰ. ਰਾਜ ਕੌਸ਼ਲ, ਪੰ. ਜੋਗਿੰਦਰ ਪਾਲ ਪੱਪੀ, ਹਰਸੁਰਿੰਦਰ ਸਿੰਘ, ਕਰਮਜੀਤ ਸਿੰਘ ਸਾਬੀ, ਬਲਜੀਤ ਸਿੰਘ, ਦਲਵੀਰ ਸਿੰਘ, ਮਨਜੀਤ ਸਿੰਘ, ਹਰਜਿੰਦਰ ਸਿੰਘ ਹਿੰਦਰ, ਅਮਰਜੀਤ ਸਿੰਘ ਸੰਧਰ, ਜਸਵੀਰ ਸਿੰਘ ਸ਼ੀਰਾ,ਮਾਸਟਰ ਵਿਕਾਸ ਸ਼ਰਮਾ, ਰਾਜੀਵ ਕੁਮਾਰ ਸੋਨੂੰ ,ਰਾਹੁਲ ਕੁਮਾਰ ,ਬਲਕਾਰ ਸਿੰਘ, ਬਲਦੇਵ ਸਿੰਘ, ਸੁਖਵਿੰਦਰ ਸਿੰਘ ਸੁੱਖਾ, ਹਰਜੀਤ ਸਿੰਘ ਜੀਤਾ, ਮਨਵੀਰ ਸਿੰਘ ਮੰਨਾ, ਬਲਵੀਰ ਸਿੰਘ ਬੀਰਾ, ਸਤਨਾਮ ਸਿੰਘ, ਤਰਲੋਚਨ ਸਿੰਘ, ਕੈਪਟਨ ਸੁਚੇਤ ਸਿੰਘ, ਗੁਰਮੇਲ ਸਿੰਘ ਗੇਲਾ, ਬੰਧੂ ਸਿੰਘ, ਨਰੇਸ਼ ਕੁਮਾਰੀ, ਪਰਮਜੀਤ ਕੌਰ, ਮਨਜੀਤ ਕੌਰ, ਸਰਬਜੀਤ ਕੌਰ, ਰਕਸ਼ਾ ਰਾਣੀ ਸਹਿਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਲਲਿਤ ਰਾਣਾ ਮੰਦਰ ਕਮੇਟੀ ਦੇ ਪ੍ਰਧਾਨ ਬਣੇ



**ਬਲਾਚੌਰ (ਜਸਵਿੰਦਰ ਬੈਂਸ)**-ਪ੍ਰਬੰਧਕ ਕਮੇਟੀ ਦੇ ਗਠਨ ਨੂੰ ਲੈ ਕੇ ਸਥਾਨਕ ਬਾਬਾ ਬਲਰਾਜ ਮੰਦਰ ਵਿੱਚ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸਭ ਤੋਂ ਪਹਿਲਾਂ ਪੁਰਾਣੀ ਕਮੇਟੀ ਵੱਲੋਂ ਆਮਦਨ ਅਤੇ ਖਰਚੇ ਦਾ ਹਿਸਾਬ-ਕਿਤਾਬ ਦੇਣ ਤੋਂ ਬਾਅਦ ਮੰਦਰ ਨਾਲ ਸਬੰਧਤ ਕਈ ਮੁੱਦਿਆਂ 'ਤੇ ਚਰਚਾ ਕੀਤੀ ਗਈ। ਇਸ ਦੌਰਾਨ ਦੀਵਾਲੀ ਦੇ ਤਿਉਹਾਰ ਦੇ ਅਗਲੇ ਦਿਨ ਹੋਣ ਵਾਲੇ ਛਿੰਝ ਮੇਲੇ ਸਬੰਧੀ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਦੇ ਅੰਤ ਵਿੱਚ ਸਰਬਸੰਮਤੀ ਨਾਲ ਅਗਲੇ ਸਾਲ ਲਈ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਹਰਮੇਸ਼ ਚੰਦ ਨੂੰ ਚੇਅਰਮੈਨ ਅਤੇ ਲਲਿਤ ਰਾਣਾ ਨੂੰ ਪ੍ਰਧਾਨ ਨਾਮਜ਼ਦ ਕੀਤਾ ਗਿਆ।ਇਸ ਤੋਂ ਇਲਾਵਾ ਰਾਜਵੀਰ ਰਾਣਾ ਨੂੰ ਵਾਈਸ ਚੇਅਰਮੈਨ, ਵਿਸ਼ਵਜੀਤ ਰਾਣਾ ਨੂੰ ਉਪ ਚੇਅਰਮੈਨ, ਗਗਨਦੀਪ ਸਿੰਘ ਨੂੰ ਸਕੱਤਰ, ਰਾਜ ਕੁਮਾਰ ਨੂੰ ਉਪ ਸਕੱਤਰ, ਪ੍ਰਭਾਤ ਸਿੰਘ ਨੂੰ ਖਜ਼ਾਨਚੀ, ਪੰਕਜ ਰਾਣਾ ਨੂੰ ਕੋ-ਕੈਸ਼ੀਅਰ, ਜੰਗ ਪਰਮਿੰਦਰ ਨੂੰ ਸੰਪਾਦਕ, ਸੁਭਾਸ਼ ਰਾਣਾ ਨੂੰ ਕੋ. -ਸੰਪਾਦਕ ਨਾਮਜ਼ਦ ਕੀਤਾ ਗਿਆ ।

# ਖੇਤੀ ਮਸ਼ੀਨਾਂ ਦਾ ਡਰਾਅ ਅੱਜ ਕੱਢਿਆ ਜਾਵੇਗਾ



**ਨਵਾਂਸ਼ਹਿਰ, (ਮਨੋਜ ਲਾਡੀ)**-ਪੰਜਾਬ ਸਰਕਾਰ ਵੱਲੋਂ ਸਬ ਮਿਸ਼ਨ ਆਨ ਐਗਰੀਕਲਚਰ ਮੈਕੇਨਾਈਜ਼ੇਸ਼ਨ (ਸਮੈਮ) ਸਕੀਮ ਅਧੀਨ ਸਾਲ 2024-25 ਦੌਰਾਨ ਕਿਸਾਨਾਂ ਨੂੰ ਮਸ਼ੀਨਾਂ ਸਬਸਿਡੀ ਉੱਤੇ ਦੇਣ ਲਈ ਪੋਰਟਲ ਉੱਪਰ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ।ਇਸ ਸਬੰਧ ਵਿਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਮੁੱਖ ਖੇਤੀਬਾੜੀ ਅਫਸਰ ਡਾ. ਰਜਿੰਦਰ ਕੁਮਾਰ ਕੰਬੋਜ ਨੇ ਦੱਸਿਆ ਕਿ ਇਸ ਸਕੀਮ ਤਹਿਤ ਮਸ਼ੀਨਾਂ ਉਪਦਾਨ ਉੱਤੇ ਲੈਣ ਲਈ ਕਿਸਾਨਾਂ ਵੱਲੋਂ ਅਰਜ਼ੀਆਂ ਪ੍ਰਾਪਤ ਹੋਈਆਂ ਹਨ।ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਐੱਸ.ਸੀ. ਅਤੇ ਜਨਰਲ ਸ਼੍ਰੇਣੀ ਦੇ ਕਿਸਾਨਾਂ ਨੂੰ ਖੇਤੀ ਮਸ਼ੀਨਰੀ ਉਪਦਾਨ ਉੱਤੇ ਦੇਣ ਲਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਵੱਖ-ਵੱਖ ਟੀਚੇ ਅਲਾਟ ਹੋਏ ਹਨ ਅਤੇ ਇਨ੍ਹਾਂ ਟੀਚਿਆਂ ਅਨੁਸਾਰ ਕਿਸਾਨਾਂ ਨੂੰ ਮਸ਼ੀਨਾਂ ਉਪਦਾਨ 'ਤੇ ਦੇਣ ਲਈ ਕੁੱਲ ਪ੍ਰਾਪਤ ਹੋਈਆਂ ਅਰਜ਼ੀਆਂ ਦੀ ਚੋਣ ਲਾਟਰੀ ਰਾਹੀਂ 9 ਅਕਤੂਬਰ ਨੂੰ ਦਫ਼ਤਰ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਵਿਖੇ ਕਮਰਾ ਨੰ. 202 ਵਿਖੇ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮਸ਼ੀਨਾਂ ਦਾ ਡਰਾਅ ਨਿਰਪੱਖ ਤਰੀਕੇ ਨਾਲ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਦੀ ਪ੍ਰਧਾਨਗੀ ਹੇਠ ਗਠਿਤ ਕੀਤੀ ਕਮੇਟੀ ਦੀ ਹਾਜ਼ਰੀ ਵਿੱਚ ਕੱਢਿਆ ਜਾਵੇਗਾ।

# ਕੁੱਲੀ ਬਾਬਾ ਖੁਸ਼ਦਿਲ 'ਚ ਰਾਤਰੀ ਦੀਵਾਨਾਂ ਦੀ ਆਰੰਭਤਾ



**ਅੱਡਾ ਸਰਾਂ (ਜਸਵੀਰ ਕਾਜਲ )**-ਬਾਬਾ ਸੰਗਤ ਸਿੰਘ ਜੀ ਅਤੇ ਬਾਬਾ ਜੀਵਨ ਸਿੰਘ ਜੈਤਾ ਰੰਘੇਟਾ ਗੁਰੂ ਕਾ ਬੇਟਾ ਜੀ ਨੂੰ ਸਮਰਪਿਤ 51ਵਾਂ ਸਾਲਾਨਾ ਖੁਸ਼ਦਿਲ ਕੀਰਤਨ ਦਰਬਾਰ ਅਤੇ 28ਵੀਂ ਸਾਲਾਨਾ ਬਰਸੀ ਪਿੰਡ ਦਰੀਆ ਹੁਸ਼ਿਆਰਪੁਰ ਵਿਖੇ ਆਰੰਭਤਾ ਹੋ ਚੁੱਕੀ ਹੈ ।ਜਿਸ ਵਿਚ ਰਾਤਰੀ ਦੇ ਦੀਵਾਨਾਂ ਦੀ ਆਰੰਭਤਾ ਭਾਈ ਮਲਕੀਤ ਸਿੰਘ ਖਾਨਪੁਰ ਥਿਆੜੇ ਵਾਲਿਆਂ ਦੇ ਜਥੇ ਨੇ ਅਤੇ ਭਾਈ ਹਰਭਜਨ ਸਿੰਘ ਸਿੰਘ ਸੋਤਲਾ ਵਾਲਿਆਂ ਦੇ ਕੀਰਤਨੀ ਜਥੇ ਨੇ ਹਾਜ਼ਰੀ ਭਰ ਕੇ ਕੀਤੀ। ਸੰਤ ਬਾਬਾ ਮੱਖਣ ਸਿੰਘ ਦੀ ਰਹਿਨੁਮਾਈ ਹੇਠ ਹੋ ਰਹੇ ਇਸ ਸਮਾਗਮ ਵਿਚ ਉਨ੍ਹਾਂ ਦੱਸਿਆ ਕਿ ਅੱਜ ਤੋਂ ਰਾਤਰੀ ਦੇ ਦੀਵਾਨਾਂ ਦੀ ਆਰੰਭਤਾ ਹੋ ਗਈ ਹੈ। ਜਿਸ ਦੌਰਾਨ ਸੰਤ ਸੁਲੱਖਣ ਸਿੰਘ ਤਸਕਾਲੀ ਰੋਜ਼ਾਨਾ ਰਾਤ 8 ਤੋਂ 9 ਵਜੇ ਤੱਕ ਕਥਾ ਕਰਦੇ ਹਨ। ਅਗਲੇ ਦਿਨਾਂ ਵਿੱਚ ਸੰਤ ਸੁਖਰਾਜ ਸਿੰਘ ਪ੍ਰੀਤਮਪੁਰ ਵਾਲੇ, ਢਾਡੀ ਭਾਈ ਦਾਤਾਰ ਸਿੰਘ ਕੰਧਾਲਾ ਜੱਟਾਂ ਵਾਲੇ ਲੜੀਵਾਰ ਦਿਨਾਂ ਵਿਚ ਰਾਤਰੀ ਨੇ ਦੀਵਾਨਾਂ ਵਿਚ ਹਾਜ਼ਰੀ ਭਰਨਗੇ ।

ਸ੍ਰੀ ਅਖੰਡ ਪਾਠ ਸਾਹਿਬ ਦੇ ਲੜੀਵਾਰ ਪਾਠਾਂ ਦੇ ਭੋਗ ਤੋਂ ਉਪਰੰਤ 11 ਅਕਤੂਬਰ ਨੂੰ ਨਗਰ ਕੀਰਤਨ ਸਜਾਏ ਜਾਣਗੇ ਜੋ ਪਿੰਡ ਦਰੀਆ ਤੋਂ ਅਰੰਭ ਹੋ ਕੇ ਪਿੰਡ ਕੰਧਾਲਾ ਜੱਟਾਂ, ਬਾਬਕ, ਘੋੜੇਵਾਹਾ ਪਰਕਰਮਾ ਕਰਦੇ ਹੋਏ ਪਿੰਡ ਦਰੀਆ ਪਹੁੰਚ ਕੇ ਸਮਾਪਤੀ ਹੋਵੇਗੀ । 12 ਅਕਤੂਬਰ ਨੂੰ ਮਹਾਨ ਕੀਰਤਨ ਦਰਬਾਰ ਵੀ ਕਰਵਾਇਆ ਜਾਵੇਗਾ ਜਿਸ ਵਿਚ ਪੰਥ ਦੇ ਮਹਾਨ ਕੀਰਤਨੀ ਜਥੇ, ਕਵੀਸ਼ਰ ਅਤੇ ਢਾਡੀ ਜਥੇ ਹਾਜ਼ਰੀ ਭਰਨਗੇ ।

# ਰੂਡਸੈਟ ਸੰਸਥਾ ਨੇ 'ਸਵੱਛਤਾ ਹੀ ਸੇਵਾ' ਅਭਿਆਨ ਤਹਿਤ ਕੱਢੀ ਜਾਗਰੂਕਤਾ ਰੈਲੀ




**ਜਲੰਧਰ (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ ਦੇ ਜ਼ਿਲ੍ਹਾ ਵਾਸੀਆਂ ਤੱਕ ਸਵੱਛਤਾ ਅਤੇ ਵਾਤਾਵਰਣ ਦੀ ਸੰਭਾਲ ਦਾ ਸੱਦਾ ਪਹੁੰਚਾਉਣ ਦੇ ਮੰਤਵ ਨਾਲ ਰੂਡਸੈਟ ਸੰਸਥਾ ਵੱਲੋਂ 'ਸਵੱਛਤਾ ਹੀ ਸੇਵਾ ਅਭਿਆਨ-2024' ਤਹਿਤ ਮਾਡਲ ਹਾਊਸ ਵਿਖੇ ਸਵੱਛਤਾ ਜਾਗਰੂਕਤਾ ਰੈਲੀ ਕੱਢੀ ਗਈ ਅਤੇ ਮਾਡਲ ਹਾਊਸ ਪਾਰਕ, ਥਾਣਾ ਭਾਰਗਵ ਕੈਂਪ ਅਤੇ ਸ਼ਹੀਦ ਕੈਪਟਨ ਮਨਦੀਪ ਸਿੰਘ ਸਰਕਾਰੀ ਸਕੂਲ ਵਿਖੇ ਬੂਟੇ ਲਗਾਏ ਗਏ।ਸਵੱਛਤਾ ਜਾਗਰੂਕਤਾ ਰੈਲੀ ਦੀ ਅਗਵਾਈ ਕੈਨਰਾ ਬੈਂਕ ਦੇ ਏ.ਜੀ.ਐਮ. ਵਿਸ਼ਵਜੀਤ ਸਿੰਘ ਰਘੂਵੰਸ਼ੀ ਅਤੇ ਰੂਡਸੈਟ ਇੰਸਟੀਚਿਊਟ ਦੇ ਡਾਇਰੈਕਟਰ ਸੰਜੀਵ ਕੁਮਾਰ ਚੌਹਾਨ ਵੱਲੋਂ ਕੀਤੀ ਗਈ।

ਡਾਇਰੈਕਟਰ ਰੂਡਸੈਟ ਨੇ ਦੱਸਿਆ ਕਿ 'ਸਵੱਛ ਭਾਰਤ ਮਿਸ਼ਨ' ਦੇ 10 ਸਾਲ ਪੂਰੇ ਹੋਣ 'ਤੇ ਸਵੱਛਤਾ ਹੀ ਸੇਵਾ ਅਭਿਆਨ-2024 ਤਹਿਤ ਇਹ ਜਾਗਰੂਕਤਾ ਰੈਲੀ ਕੱਢੀ ਗਈ ਹੈ, ਜਿਸ ਦੌਰਾਨ 'ਕੁਦਰਤ ਸਵੱਛਤਾ-ਸੰਸਕਾਰ ਸਵੱਛਤਾ' ਵਿਸ਼ੇ 'ਤੇ ਜ਼ੋਰ ਦਿੱਤਾ ਗਿਆ ਹੈ।ਉਨ੍ਹਾਂ ਲੋਕਾਂ ਨੂੰ ਸੂਬੇ ਅਤੇ ਦੇਸ਼ ਨੂੰ ਸਾਫ-ਸੁਥਰਾ ਰੱਖਣ ਲਈ ਸ਼ੁਰੂ ਕੀਤੇ ਗਏ ਸਵੱਛਤਾ ਅਭਿਆਨ ਨਾਲ ਵੱਧ ਤੋਂ ਵੱਧ ਜੁੜਨ ਦਾ ਸੱਦਾ ਦਿੱਤਾ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਸਵੱਛ ਵਾਤਾਵਰਣ ਯਕੀਨੀ ਬਣਾਇਆ ਜਾ ਸਕੇ।ਇਸ ਮੌਕੇ ਨਹਿਰੂ ਯੁਵਾ ਕੇਂਦਰ ਜਲੰਧਰ ਦੀ ਜ਼ਿਲ੍ਹਾ ਯੁਵਾ ਅਫ਼ਸਰ ਨੇਹਾ ਸ਼ਰਮਾ ਨੇ ਨੌਜਵਾਨਾਂ ਨੂੰ ਸਵੱਛਤਾ ਅਭਿਆਨ ਵਿੱਚ ਵੱਧ ਚੜ੍ਹਕੇ ਸ਼ਿਰਕਤ ਕਰਨ ਅਤੇ ਆਪਣੇ ਆਲੇ-ਦੁਆਲੇ ਦੀ ਸਫ਼ਾਈ ਰੱਖਣ ਦੀ ਸਹੁੰ ਚੁਕਾਈ।ਉਨ੍ਹਾਂ ਸਵੱਛ ਭਾਰਤ ਅਭਿਆਨ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਲੈ ਕੇ ਜਾਣ ਦੀ ਅਪੀਲ ਕੀਤੀ। ਉਨ੍ਹਾਂ ਇਕ ਵਾਰ ਵਰਤੋਂ 'ਚ ਆਉਣ ਵਾਲੇ ਪਲਾਸਟਿਕ ਤੋਂ ਹੋਣ ਵਾਲੇ ਨੁਕਸਾਨ ਬਾਰੇ ਦੱਸਦਿਆਂ ਸਫਾਈ ਕਰਮਚਾਰੀਆਂ ਦਾ ਸਤਿਕਾਰ ਕਰਨ ਲਈ ਵੀ ਕਿਹਾ।

ਸਵੱਛਤਾ ਰੈਲੀ ਦੌਰਾਨ ਸ਼ਹੀਦ ਕੈਪਟਨ ਮਨਦੀਪ ਸਿੰਘ ਸਰਕਾਰੀ ਸਕੂਲ ਭਗਵਾਨਪੁਰ ਦੀ ਪ੍ਰਿੰਸੀਪਲ ਪੂਨਮ ਪੁਰੀ ਨੇ ਵੀ ਸਵੱਛਤਾ ਅਭਿਆਨ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਨਾਗਰਿਕ ਦੀ ਭੂਮਿਕਾ ਨਿਭਾਉਂਦਿਆਂ ਇਕ ਰੁੱਖ ਜ਼ਰੂਰ ਲਾਉਣ ਅਤੇ ਉਸ ਦੀ ਸਾਂਭ-ਸੰਭਾਲ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਸੀਨੀਅਰ ਫੈਕਲਟੀ ਪਰਗਟ ਸਿੰਘ ਨੇ ਸਵੱਛਤਾ ਦਾ ਹੋਕਾ ਦਿੰਦਿਆਂ ਵਿਦਿਆਰਥੀਆਂ ਨੂੰ ਰੂਡਸੈਟ ਸੰਸਥਾ ਵਿਖੇ ਸ਼ੁਰੂ ਕੀਤੇ ਜਾ ਰਹੇ ਵੱਖ-ਵੱਖ ਮੁਫ਼ਤ ਸਿਖਲਾਈ ਕੋਰਸਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦਾ ਸੱਦਾ ਦਿੱਤਾ।ਇਸ ਮੌਕੇ ਕੈਨਰਾ ਬੈਂਕ ਭਗਵਾਨਪੁਰ ਦੇ ਮੈਨੇਜਰ ਗਗਨ ਜਿੰਦਲ, ਮੈਡਮ ਮੀਨਲ, ਮੈਡਮ ਦੀਪਿਕਾ, ਅਰਸ਼ਦੀਪ, ਪੰਕਜ ਦਾਸ, ਵਿਸ਼ਾਲ ਅਤੇ ਸਿਖਿਆਰਥੀ ਵੀ ਮੌਜੂਦ ਸਨ।

# ਮਦਨ ਲਾਲ ਜਨਾਗਲ ਸ੍ਰੀ ਗੁਰੂ ਰਵਿਦਾਸ ਸਭਾ ਖਰੜ ਦੇ ਪ੍ਰਧਾਨ ਬਣੇ



**ਖਰੜ (ਹਰਨਾਮ ਸਿੰਘ ਡੱਲਾ)**- ਖਰੜ ਦੀ ਸਮਾਜਿਕ ਜਥੇਬੰਦੀ ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਨੇ ਸਾਲਾਨਾ ਚੋਣ 2024-25 ਲਈ ਮਦਨ ਲਾਲ ਜਨਾਗਲ ਨੂੰ ਮੁੜ ਪ੍ਰਧਾਨ ਚੁਣ ਲਿਆ ਹੈ। ਸਰਬਸੰਮਤੀ ਨਾਲ ਹੋਈ ਇਸ ਚੋਣ ਵਿੱਚ ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਧਾਲੀਵਾਲ, ਮੀਤ ਪ੍ਰਧਾਨ ਬਲਬੀਰ ਚੰਦ ਤੇ ਜਸਪਾਲ ਸਿੰਘ, ਜਨਰਲ ਸਕੱਤਰ ਹਰਨਾਮ ਸਿੰਘ ਡੱਲਾ, ਸਹਾਇਕ ਜਨਰਲ ਸਕੱਤਰ ਚਰਨ ਸਿੰਘ ਕੰਗ, ਵਿੱਤ ਸਕੱਤਰ ਜੰਗ ਸਿੰਘ, ਸਹਾਇਕ ਵਿੱਤ ਸਕੱਤਰ ਐੱਸ.ਆਰ. ਮੱਲ, ਸਲਾਹਕਾਰ ਜੈ ਪਾਲ ਸਿੰਘ ਤੇ ਹਰਭਜਨ ਸਿੰਘ, ਕਾਨੂੰਨੀ ਸਲਾਹਕਾਰ ਐਡਵੋਕੇਟ ਜਗਪਾਲ ਸਿੰਘ, ਸਹਾਇਕ ਸਲਾਹਕਾਰ ਕੈਪਟਨ ਚੰਦਰ ਗੇਰਾ, ਭਵਨ ਇੰਚਾਰਜ ਸਵਰਨ ਸਿੰਘ ਬਡਵਾਲੀ ਤੇ ਧਰਮਪਾਲ ਸਿੰਘ, ਸੰਗਠਨ ਸਕੱਤਰ ਸੱਜਣ ਸਿੰਘ, ਆਡੀਟਰ ਬਲਦੇਵ ਸਿੰਘ,ਧਾਰਮਿਕ ਮਾਮਲੇ ਸਕੱਤਰ ਹਰਨੇਕ ਸਿੰਘ ਦੇਵਪੁਰੀ, ਸਿਖਿਆ ਸਲਾਹਕਾਰ ਹਰਚਰਨ ਸਿੰਘ (ਪ੍ਰਿੰਸੀਪਲ ਰਿਟਾ:) ਮੈਂਬਰ ਕਾਰਜਕਾਰਨੀ ਕਸ਼ਮੀਰਾ ਸਿੰਘ, ਹਰਜੀਤ ਸਿੰਘ ਜਨਾਗਲ, ਹਰਕਾਦਾਸ, ਰਾਜਿੰਦਰ ਸਿੰਘ ਰਾਜਾ, ਪਾਲ ਸਿੰਘ ਗੇੜਾ ਅਤੇ ਸਭਾ ਦੇ ਸਾਬਕਾ ਪ੍ਰਧਾਨ ਮਹਿੰਦਰ ਰਾਮ ਪਾਲ ਚੁਣੇ ਗਏ। ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਪਿਛਲੇ ਸਤਾਰਾਂ ਸਾਲਾਂ ਤੋਂ ਲੋੜਵੰਦ ਵਿਦਿਅਆਰਥੀਆਂ ਦੀ ਉਚੇਰੀ ਪੜ੍ਹਾਈ ਲਈ ਮੈਰਿਟ ਦੇ ਆਧਾਰ 'ਤੇ ਚੋਣ ਕਰਕੇ ਆਰਥਿਕ ਮਦਦ ਕਰਨ ਲਈ ਯਤਨਸ਼ੀਲ ਹੈ। ਸਭਾ ਗਰੀਬ ਵਿਦਿਆਰਥੀਆਂ ਵਲੋਂ ਪਹੁੰਚ ਕਰਨ ਉੱਤੇ ਬਿਨਾਂ ਕਿਸੇ ਜਾਤੀ ਭੇਦਭਾਵ ਤੋਂ ਵਿਦਿਅਕ ਕਾਰਜ ਕਰਦੀ ਆ ਰਹੀ ਹੈ।

# 3 ਨਸ਼ਾ ਤਸਕਰ ਹੈਰੋਇਨ ਸਮੇਤ ਕਾਬੂ



**ਫਿਲੌਰ, (ਨਿਰਮਲ)**- ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਰਵਣ ਸਿੰਘ ਬੱਲ ਉਪ ਪੁਲਸ ਕਪਤਾਨ ਸਬ ਡਵੀਜ਼ਨ ਫਿਲੌਰ ਨੇ ਦੱਸਿਆ ਕਿ ਇੰਸਪੈਕਟਰ ਸੁਖਦੇਵ ਸਿੰਘ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਦੇ ਸਹਾਇਕ ਸਬ ਇੰਸਪੈਕਟਰ ਧਰਮਿੰਦਰ ਵੱਲੋਂ ਗੰਨਾ ਪਿੰਡ ਵਿਖੇ ਚਲਾਏ ਸਪੈਸ਼ਲ ਚੈਕਿੰਗ ਆਪ੍ਰੇਸ਼ਨ ਦੌਰਾਨ ਅਨੀਤਾ ਰਾਣੀ ਪਤਨੀ ਲੇਟ ਮੰਗਤ ਰਾਮ ਪੁੱਤਰ ਲੇਟ ਬਲਰਾਜ ਵਾਸੀ ਗੰਨਾ ਪਿੰਡ ਥਾਣਾ ਫਿਲੌਰ ਨੂੰ ਗ੍ਰਿਫਤਾਰ ਕਰਕੇ ਇਸ ਦੇ ਕਬਜ਼ੇ ਵਿੱਚੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੀ ਸੀ ਜੋ ਅਨੀਤਾ ਨੇ ਪੁੱਛਗਿੱਛ ਕਰਨ 'ਤੇ ਦੱਸਿਆ ਕਿ ਉਹ ਇਹ ਹੈਰੋਇਨ ਨਸ਼ਾ ਤਸਕਰ ਸ਼ਸ਼ੀਕਾਂਤ ਵਾਸੀ ਪੰਜਢੇਰਾ ਅਤੇ ਉਸ ਦੀ ਪਤਨੀ ਰਾਣੀ ਤੋਂ ਸਸਤੇ ਭਾਅ ਲੈ ਕੇ ਮਹਿੰਗੇ ਭਾਅ ਵੇਚਦੀ ਹੈ। ਜਿਸ ਫੌਰੀ ਕਾਰਵਾਈ ਕਰਦੇ ਹੋਏ ਮੁੱਖ ਨਸ਼ਾ ਤਸਕਰ ਸ਼ਸ਼ੀਕਾਂਤ ਪੁੱਤਰ ਪਦਮ ਬਹਾਦਰ ਅਤੇ ਇਸ ਦੀ ਪਤਨੀ ਰਾਣੀ ਵਾਸੀਆਨ ਪਿੰਡ ਜਗਤਪੁਰ ਪੰਜਢੇਰਾ ਫਿਲੌਰ ਥਾਣਾ ਫਿਲੌਰ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਮੁਕੱਦਮਾ ਵਿੱਚ ਵਾਧਾ ਜੁਰਮ 29-ਐਨ.ਡੀ.ਪੀ.ਐਸ ਐਕਟ ਦਾ ਕੀਤਾ ਗਿਆ ਹੈ।ਮੁਢਲੀ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਅਨੀਤਾ, ਸ਼ਸ਼ੀਕਾਂਤ ਅਤੇ ਇਸ ਦੀ ਪਤਨੀ ਰਾਣੀ ਖਿਲਾਫ ਪਹਿਲਾਂ ਵੀ ਵੱਖ ਵੱਖ ਮੁਕੱਦਮੇ ਦਰਜ ਹਨ ਅਤੇ ਸ਼ਸ਼ੀਕਾਂਤ ਆਪਣੀ ਹੈਰੋਇਨ ਇਹਨਾਂ ਰਾਹੀਂ ਵੱਖ ਵੱਖ ਗਾਹਕਾਂ ਨੂੰ ਸਪਲਾਈ ਕਰਦਾ ਹੈ। ਜਿਨ੍ਹਾਂ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

# ਸੈਂਟ ਸੋਲਜਰ ਸਕੂਲ 'ਚ ਟ੍ਰੈਫਿਕ ਪੁਲਸ ਨੇ ਨਸ਼ਿਆਂ ਖ਼ਿਲਾਫ਼ ਕਰਵਾਇਆ ਸੈਮੀਨਾਰ



**ਮੋਹਾਲੀ,: (ਗੁਰਜੀਤ ਬਿੱਲਾ)** ਦੀਪਕ ਪਾਰਿਕ ਆਈ ਪੀ ਐਸ ਸੀਨੀਅਰ ਕਪਤਾਨ ਪੁਲਸ ਜਿਲ੍ਹਾ ਐਸ ਏ ਐਸ ਨਗਰ, ਹਰਿੰਦਰ ਸਿੰਘ ਮਾਨ ਪੀ ਪੀ ਐਸ, ਕਪਤਾਨ ਪੁਲਸ ਜਿਲ੍ਹਾ ਐਸ ਏ ਐਸ ਨਗਰ ਵੱਲੋਂ ਨਸ਼ਿਆਂ ਖ਼ਿਲਾਫ਼ ਅਤੇ ਟ੍ਰੈਫਿਕ ਨਿਯਮਾਂ ਦੀ ਜਾਗਰੂਕਤਾ ਸੰਬੰਧੀ ਚਲਾਈ ਗਈ ਮੁਹਿਮ ਤਹਿਤ ਦਿੱਤੇ ਗਏ ਦਿਸ਼ਾ ਨਿਰਦੇਸ਼ਾ ਹੇਠ ਕਰਨੈਲ ਸਿੰਘ ਪੀ ਪੀ ਐਸ, ਉਪ ਕਪਤਾਨ ਪੁਲਸ, ਟ੍ਰੈਫਿਕ ਜਿਲ੍ਹਾ ਐਸ ਏ ਐਸ ਨਗਰ ਵੱਲੋਂ ਸਮੇਤ ਐਸ ਆਈ ਪਰਮਿੰਦਰ ਸਿੰਘ ਇੰਚਾਰਜ ਟ੍ਰੈਫਿਕ ਜੋਨ-2, ਏ ਐਸ ਆਈ ਜਨਕ ਰਾਜ ਇੰਚਾਰਜ ਐਜੂਕੇਸ਼ਨ ਸੈੱਲ ਮੋਹਾਲੀ ਵੱਲੋਂ ਸੈਂਟ ਸੋਲਜਰ ਸਕੂਲ, ਫੇਸ-7, ਮੋਹਾਲੀ ਵਿਖੇ ਵਿਦਿਆਰਥੀਆ ਨੂੰ ਨਸ਼ਿਆਂ ਦੀ ਵਰਤੋਂ ਨਾ ਕਰਨ ਸੰਬੰਧੀ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਸੰਬੰਧੀ ਇੱਕ ਵਿਸ਼ੇਸ਼ ਸੈਮੀਨਾਰ ਲਗਾ ਕੇ ਜਾਗਰੂਕ ਕੀਤਾ ਗਿਆ। ਇਸ ਸੈਮੀਨਾਰ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾ ਅਤੇ ਟ੍ਰੈਫਿਕ ਨਿਯਮਾ ਦੀ ਪਾਲਣਾ ਕਰਨ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ।ਇਸ ਮੌਕੇ ਡੀ ਐੱਸ ਪੀ ਕਰਨੈਲ ਸਿੰਘ ਨੇ ਕਿਹਾ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆ ਨੂੰ ਵਹੀਕਲ ਨਾ ਚਲਾਉਣ ਸੰਬੰਧੀ ਜਾਣੂ ਕਰਵਾਇਆ ਗਿਆ ਅਤੇ ਇਹ ਵੀ ਦੱਸਿਆ ਗਿਆ ਕਿ ਜੇਕਰ 18 ਸਾਲ ਤੋਂ ਘੱਟ ਉਮਰ ਦਾ ਕੋਈ ਬੱਚਾ ਵਹੀਕਲ ਚਲਾਉਂਦਾ ਹੈ ਤਾਂ ਉਸਦੇ ਮਾਪਿਆ ਨੂੰ 3 ਸਾਲ ਦੀ ਕੈਦ, 25 ਹਜ਼ਾਰ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ, ਜਿਸ ਵਿਅਕਤੀ ਵੱਲੋਂ 18 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਵਹੀਕਲ ਦਿੱਤਾ ਉਸ ਵਿਅਕਤੀ ਨੂੰ ਵੀ 3 ਸਾਲ ਦੀ ਸਜਾ ਜਾਂ ਜੁਰਮਾਨਾ ਹੋ ਸਕਦਾ ਹੈ।ਕਰਨੈਲ ਸਿੰਘ ਪੀ.ਪੀ.ਐਸ, ਉਪ ਕਪਤਾਨ ਪੁਲਸ ਟ੍ਰੈਫਿਕ ਨੇ ਵਿਦਿਆਰਥੀਆ ਨੂੰ ਖੇਡਾਂ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਅੰਜਲੀ ਸ਼ਰਮਾ ਅਤੇ ਹੋਰ ਅਧਿਆਪਕਾਂ ਦੀਆਂ ਕੋਸ਼ਿਸ਼ਾਂ ਸਦਕਾ ਵਿਦਿਆਰਥੀਆਂ ਨੂੰ ਹੈਲਥ ਸੈਫਟੀ ਐਂਡ ਅਵੇਰਨੈਸ ਮਿਸ਼ਨ ਦੇ ਤਹਿਤ ਨਸ਼ਿਆ ਤੋਂ ਹੋਣ ਵਾਲੇ ਸ਼ਰੀਰਕ, ਮਾਨਸਿਕ ਅਤੇ ਸਮਾਜਿਕ ਨੁਕਸਾਨ ਬਾਰੇ ਵੀ ਸਮਝਾਇਆ ਗਿਆ। ਪ੍ਰਿੰਸੀਪਲ ਅੰਜਲੀ ਸ਼ਰਮਾ ਨੇ ਡੀਐਸਪੀ ਟ੍ਰੈਫਿਕ ਕਰਨੈਲ ਸਿੰਘ ਵੱਲੋਂ ਕੀਤੇ ਗਏ ਉਪਰਾਲੇ ਦੀ ਸ਼ਲਾਘਾ ਕੀਤੀ।ਉਹਨਾਂ ਕਿਹਾ ਕਿ ਸਾਨੂੰ ਅਜਿਹੇ ਸੈਮੀਨਾਰਾਂ ਦੇ ਵਿੱਚ ਵਿਦਿਆਰਥੀਆਂ ਦੀ ਸ਼ਮੂਲੀਅਤ ਕਰਵਾਉਣੀ ਚਾਹੀਦੀ ਹੈ ਤਾਂਕਿ ਵਿਦਿਆਰਥੀਆਂ ਨੂੰ ਨਸ਼ਿਆਂ ਤੇ ਸਮਾਜ ਵਿਰੋਧੀ ਭੈੜੀਆਂ ਅਲਾਮਤਾਂ ਬਾਰੇ ਜਾਗਰੂਕ ਕੀਤਾ ਜਾ ਸਕੇ ਤੇ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਸਬੰਧੀ ਵਿਦਿਆਰਥੀਆਂ ਨੂੰ ਸਹੀ ਜਾਣਕਾਰੀ ਦਿੱਤੀ ਜਾ ਸਕੇ।

# 30 ਵਾਂ ਕੀਰਤਨ ਦਰਬਾਰ ਕਰਵਾਇਆ



**ਆਦਮਪੁਰ, (ਪਰਮਜੀਤ ਸਿੰਘ)**- ਗੁਰੂ ਨਾਨਕ ਸਭਾ ਆਦਮਪੁਰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਅਮਰਦਾਸ ਜੀ ਦੀ 450ਵਾਂ ਸਾਲਾ ਜੋਤੀ ਜੋਤ ਸ਼ਤਾਬਦੀ ਦੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ 450ਵਾਂ ਸਾਲਾ ਗੁਰਤਾਗੱਦੀ ਸ਼ਤਾਬਦੀ ਨੂੰ ਸਮਰਪਿਤ 30 ਵਾਂ ਮਹਾਨ ਕੀਰਤਨ ਦਰਬਾਰ ਸ਼ਾਮ 5 ਵਜੇ ਤੋਂ ਰਾਤ 1 ਵਜੇ ਤੱਕ ਸਰਕਾਰੀ ਸੀਨੀਅਰ ਸੈਕੰਡਰੀ ਸੀਨੀਅਰ ਸੈਕੰਡਰੀ ਖੁਰਦਪੁਰ ਦੀ ਗਰਾਊਂਡ ਵਿਖੇ ਕਰਵਾਇਆ ਗਿਆ । ਜਿਸ ਵਿੱਚ ਕੌਮ ਦੇ ਪ੍ਰਸਿੱਧ ਰਾਗੀ ਢਾਡੀ ਤੇ ਕਥਾਵਾਚਕਾਂ ਹਾਜ਼ਰੀ ਲਵਾਈ। ਸਮਾਪਤੀ ਉਪਰੰਤ ਗੁਰੂ ਨਾਨਕ ਸਭਾ ਵਲੋਂ ਹਲਕਾ ਵਿਧਾਇਕ ਸੁਖਵਿੰਦਰ ਕੋਟਲੀ, ਚੇਅਰਮੈਨ ਪਰਮਜੀਤ ਸਿੰਘ ਰਾਜ ਵੰਸ਼, ਬਾਬਾ ਮਨਮੋਹਨ ਸਿੰਘ, ਸਮੇਤ ਸਹਿਯੋਗੀ ਸੰਗਤਾਂ ਵੱਖ-ਵੱਖ ਧਾਰਮਿਕ ਸੰਸਥਾਵਾਂ ਸਮੇਤ ਜਥੇਬੰਦੀਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਸਨਮਾਨ ਕਰ ਸੰਗਤਾਂ ਦਾ ਧੰਨਵਾਦ ਵੀ ਕੀਤਾ ਗਿਆ।ਇਸ ਮੌਕੇ ਕੁਲਵਿੰਦਰ ਸਿੰਘ ਟੋਨੀ, ਹਰਵਿੰਦਰ ਸਿੰਘ ਭੂਈ, ਕਮਲਜੀਤ ਸਿੰਘ ਬਿੱਟੂ,ਪਰਮਜੀਤ ਸਿੰਘ ਨੋਤਾ, ਤਰਨਜੀਤ ਸਿੰਘ ਭੋਗਲ, ਕੁਲਜੀਤ ਸਿੰਘ ਭੂਈ, ਹਰਜਿੰਦਰ ਸਿੰਘ ਸੂਰੀ ਰਣਜੋਤ ਸਿੰਘ ਸੂਰੀ, ਓਂਕਾਰ ਸਿੰਘ ਫਲੋਰਾ, ਬਲਜਿੰਦਰ ਸਿੰਘ ਭਵਰਾ, ਅਮਰਜੀਤ ਸਿੰਘ, ਭੁਪਿੰਦਰ ਸਿੰਘ, ਗੁਰਪੁਨੀਤ ਸਿੰਘ, ਮਨਵੀਰ ਸਿੰਘ, ਹਰਮਨ ਸਿੰਘ, ਅੰਮ੍ਰਿਤਪਾਲ ਸਿੰਘ, ਤਰਨਜੋਤ ਸਿੰਘ, ਜੋਤਦੀਪ ਸਿੰਘ, ਇੰਦਰਜੀਤ ਸਿੰਘ, ਹਰਜੋਤ ਸਿੰਘ, ਹਰਪਿੰਦਰ ਸਿੰਘ ਹਾਜ਼ਰ ਸਨ।

# ਕਣਕ ਦਾ ਝਾੜ ਵਧਾਉਣ ਲਈ ਜੜ੍ਹੀ-ਬੂਟੀਆਂ ਨਾਸ਼ਕ ਤੇ ਸਪਰੇਅਰ ਕੀਤਾ ਲਾਂਚ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਕਿਸਾਨਾਂ ਲਈ ਕਣਕ ਦੇ ਝਾੜ ਨੂੰ ਵਧਾਉਣ ਲਈ ਵਰਡੀਨੋ ਹਰਬਰਸਾਈਡ ਲਾਂਚ ਕੀਤਾ ਗਿਆ। ਵਰਡੀਨੋ ਨਦੀਨਾਂ 'ਤੇ ਵਧੀਆ ਢੰਗ ਨਾਲ ਨਿਯੰਤਰਣ ਰੱਖ ਸਕੇਗਾ। ਇਸ ਨੂੰ ਖਾਸ ਤੌਰ 'ਤੇ ਭਾਰਤ ਦੇ ਕਣਕ ਦੇ ਕਿਸਾਨਾਂ ਨੂੰ ਧਿਆਨ 'ਚ ਰੱਖ ਕੇ ਤਿਆਰ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸਭ ਤੋਂ ਕਿਫਾਇਤੀ ਅਤੇ ਮੇਡ ਇਨ ਇੰਡੀਆ ਕਣਕ 600 ਬੂਮ ਸਪਰੇਅਰ ਵੀ ਲਾਂਚ ਕੀਤਾ ਗਿਆ ਹੈ।ਵਰਡੀਨੋ ਇੱਕ ਨਦੀਨਨਾਸ਼ਕ ਹੈ ਜੋ ਵਿਸ਼ੇਸ਼ ਤੌਰ 'ਤੇ ਕਣਕ ਦੇ ਖੇਤਾਂ ਵਿੱਚ ਨਦੀਨਾਂ ਨੂੰ ਕੰਟਰੋਲ ਕਰਨ ਲਈ ਤਿਆਰ ਕੀਤਾ ਗਿਆ ਹੈ। ਭਾਰਤ ਵਿੱਚ ਬਣੇ ਵਰਡੀਨੋ ਨਾਲ ਗੁੱਲੀ ਡੰਡਾ (ਮੰਡੂਸੀ) ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੰਟਰੋਲ ਕਰਨਾ ਸੰਭਵ ਹੈ। ਕਣਕ ਦੇ ਕਿਸਾਨਾਂ ਲਈ ਇਹ ਸਭ ਤੋਂ ਪ੍ਰੇਸ਼ਾਨੀ ਵਾਲੀ ਨਦੀਨ ਹੈ।ਕ੍ਰਿਸਟਲ ਕਰੌਪ ਪ੍ਰੋਟੈਕਸ਼ਨ ਦੇ ਮੈਨੇਜਿੰਗ ਡਾਇਰੈਕਟਰ ਅੰਕੁਰ ਅਗਰਵਾਲ ਨੇ ਕਿਹਾ, ਕਣਕ ਦੀ ਬਿਜਾਈ ਦੇ ਪਹਿਲੇ ਤਿੰਨ ਦਿਨਾਂ ਦੇ ਅੰਦਰ ਇਸ ਦੀ ਪਹਿਲਾਂ ਤੋਂ ਮੌਜੂਦ ਵਰਤੋਂ ਇਹ ਯਕੀਨੀ ਬਣਾਉਂਦੀ ਹੈ ਕਿ ਨਦੀਨਾਂ ਨੂੰ ਕੰਟਰੋਲ ਕੀਤਾ ਜਾਵੇ ਇਸ ਤੋਂ ਪਹਿਲਾਂ ਕਿ ਉਹ ਫਸਲ ਦੇ ਵਾਧੇ ਨੂੰ ਪ੍ਰਭਾਵਿਤ ਕਰ ਸਕਣ। ਲੰਬੇ ਸਮੇਂ ਲਈ ਨਦੀਨਾਂ ਦੇ ਨਿਯੰਤਰਣ ਨੂੰ ਯਕੀਨੀ ਬਣਾਉਂਦਾ ਹੈ, ਨਤੀਜੇ ਵਜੋਂ ਇੱਕ ਸਿਹਤਮੰਦ ਕਣਕ ਦੀ ਫਸਲ ਨਾਲ ਹੀ ਅੰਤ ਵਿੱਚ ਝਾੜ ਵਿੱਚ ਵਾਧਾ ਹੁੰਦਾ ਹੈ।ਕਣਕ 600 ਬੂਮ ਸਪਰੇਅਰ 12 ਮੀਟਰ ਬੂਮ ਵਾਲਾ ਭਾਰਤ ਦਾ ਸਭ ਤੋਂ ਵੱਧ ਕਿਫ਼ਾਇਤੀ ਅਤੇ ਵਧੀਆ ਉਪਕਰਨ ਹੈ ਜੋ ਇੱਕ ਵਾਰ ਵਿੱਚ 12 ਮੀਟਰ ਤੱਕ ਉੱਪਰ ਤੋਂ ਹੇਠਾਂ ਤੱਕ ਸਪਰੇਅ ਯਕੀਨੀ ਬਣਾਉਂਦਾ ਹੈ। ਇਹ ਕੀਟਨਾਸ਼ਕਾਂ ਅਤੇ ਹੋਰ ਰਸਾਇਣਾਂ ਦੀ ਸਹੀ ਵਰਤੋਂ ਨੂੰ ਯਕੀਨੀ ਬਣਾਉਂਦਾ ਹੈ ਅਤੇ ਉਹਨਾਂ ਦੀ ਬੱਚਤ ਕਰਦਾ ਹੈ।ਵਰਡੀਨੋ ਅਤੇ ਕਣਕ 600 ਬੂਮ ਸਪਰੇਅਰ ਕ੍ਰਿਸਟਲ ਦੇ ਡਿਸਟਰੀਬਿਊਟਰਾਂ ਅਤੇ ਪ੍ਰਚੂਨ ਵਿਕਰੀ ਸਥਾਨਾਂ 'ਤੇ ਵਿਕਰੀ ਲਈ ਉਪਲਬਧ ਹੈ।

## ਪੰਜਾਬ ਸਰਕਾਰ ਪੈਨਸ਼ਨਰਾਂ ਨਾਲ ਕਰ ਰਹੀ ਮਾੜਾ ਸਲੂਕ



ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਪੰਜਾਬ ਪੈਨਸ਼ਨਰਜ਼ ਯੂਨੀਅਨ ਰਜ਼ਿ. ਦੀ ਮਹੀਨਾਵਾਰੀ ਮੀਟਿੰਗ ਪ੍ਰਧਾਨ ਬਲਵੰਤ ਸਿੰਘ ਸੰਧੂ ਤੇ ਜਨਰਲ ਸਕੱਤਰ ਗੁਰਤੇਜ ਸਿੰਘ ਬਰਾੜ ਦੀ ਪ੍ਰਧਾਨਗੀ ਵਿਚ ਕਾਮਰੇਡ ਜਰਨੈਲ ਸਿੰਘ ਭਵਨ ਵਿਚ ਕੀਤੀ ਗਈ। ਮੀਟਿੰਗ ਦੌਰਾਨ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪੈਨਸ਼ਨਰ ਆਗੂਆਂ ਓਮ ਪ੍ਰਕਾਸ਼, ਮਲਕੀਤ ਚੰਦ ਪਾਸੀ, ਰਾਜ ਪਾਲ ਬੇਰੀ, ਕੁਲਦੀਪ ਸਿੰਘ ਖੁੰਘਰ, ਸੁਰਜੀਤ ਸਿੰਘ, ਹਰਨਾਮ ਸਿੰਘ ਅਤੇ ਦੀਵਾਨ ਚੰਦ ਸੁਖੀਜਾ ਨੇ ਕਿਹਾ ਕਿ ਇਹ ਸਰਕਾਰ ਝੂਠੇ ਲਾਰਿਆਂ ਦੀ ਪੰਡ ਸਾਬਤ ਹੋਈ ਹੈ। ਮੁਲਾਜ਼ਮ ਪੈਨਸ਼ਨਰ ਸਾਂਝਾ ਫਰੰਟ ਨੂੰ 8 ਵਾਰ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗ ਨਹੀਂ ਕੀਤੀ। ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਪੂਰੇ ਨਹੀਂ ਕੀਤੇ, ਪੈਨਸ਼ਨਰਾਂ ਵਿਚ ਸਰਕਾਰ ਪ੍ਰਤੀ ਗੁੱਸਾ ਹੈ, ਕੋਰਟ ਦੇ ਫੈਸਲੇ ਲਾਗੂ ਕਰੇ, ਸਰਕਾਰ 1-1-16 ਤੋਂ 119 ਪ੍ਰਤੀਸ਼ਤ ਡੀਏ ਨਾਲ ਪੇ ਫਿਕਸ ਕਰਕੇ ਬਕਾਇਆ ਦਿੱਤਾ ਜਾਵੇ, ਕੇਂਦਰ ਸਰਕਾਰ ਦੀ ਤਰਜ ਤੇ 12 ਪ੍ਰਤੀਸ਼ਤ ਡੀਏ ਦੇ ਕੇ 38 ਪ੍ਰਤੀਸ਼ ਤੋਂ 50 ਪ੍ਰਤੀਸ਼ਤ ਕੀਤਾ ਜਾਵੇ, ਡੀਏ ਦਾ ਬਕਾਇਆ ਦਿੱਤਾ ਜਾਵੇ, ਮੈਡੀਕਲ ਭੱਤਾ 2000 ਰੁਪਏ ਕੀਤਾ ਜਾਵੇ। ਸਰਕਾਰ ਨੇ ਜੇਕਰ ਪੈਨਸ਼ਨਰਾਂ ਦੀਆਂ ਮੰਗਾਂ ਦਾ ਹੱਲ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿਚ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ।

## ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਵੱਲੋਂ ਸਵੱਛਤਾ ਹੀ ਸੇਵਾ ਮੁਹਿੰਮ ਸ਼ੁਰੂ



ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੀ ਰਾਸ਼ਟਰੀ ਸੇਵਾ ਯੋਜਨਾ ਯੂਨਿਟਾਂ ਨੇ ਅੱਠ ਯੂਨਿਟਾਂ ਦੇ 300 ਸਮਰਪਤ ਐਨਐਸਐਸ ਵਾਲੰਟੀਅਰਾਂ ਨਾਲ ਮਹੀਨਾ ਭਰ ਚੱਲਣ ਵਾਲੀ ਸਵੱਛਤਾ ਹੀ ਸੇਵਾ ਮੁਹਿੰਮ ਦਾ ਸਫਲਤਾਪੂਰਵਕ ਆਯੋਜਨ ਕੀਤਾ।ਡਾ. ਹਰਨੀਤ ਬਿਲਿੰਗ, ਪ੍ਰੋਗਰਾਮ ਕੋਆਰਡੀਨੇਟਰ ਐਨ ਐਸ ਐਸ ਨੇ ਸਾਂਝਾ ਕੀਤਾ ਕਿ ਇਹ ਮੁਹਿੰਮ ਸੰਸਥਾ ਦੇ ਅੰਦਰ ਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਸਫਾਈ ਅਤੇ ਜਾਗਰੂਕਤਾ ਗਤੀਵਿਧੀਆਂ 'ਤੇ ਕੇਂਦਰਤ ਹੈ, ਜਿਸ ਵਿੱਚ ਮੁੱਖ ਸਥਾਨ ਜਿਵੇਂ ਬੱਸ ਸਟੈਂਡ, ਰੇਲਵੇ ਸਟੇਸ਼ਨ ਤੇ ਧਾਰਮਿਕ ਸਥਾਨ ਸ਼ਾਮਲ ਹਨ। ਮੁਹਿੰਮ ਵਿੱਚ ਵਲੰਟੀਅਰਾਂ ਨੇ ਸਫਾਈ ਅਭਿਆਨ ਚਲਾਇਆ। ਜਾਗਰੂਕਤਾ ਮੁਹਿੰਮਾਂ ਦਾ ਆਯੋਜਨ ਕੀਤਾ ਤੇ ਇੱਕ ਸਾਫ਼ ਅਤੇ ਸਿਹਤਮੰਦ ਵਾਤਾਵਰਣ ਨੂੰ ਬਣਾਈ ਰੱਖਣ ਦੇ ਮਹੱਤਵ 'ਤੇ ਜ਼ੋਰ ਦੇਣ ਲਈ ਸਮਾਜ ਦੀ ਭਾਗੀਦਾਰੀ ਨੂੰ ਲਾਮਬੰਦ ਕੀਤਾ।ਆਪਣੇ ਯਤਨਾਂ ਰਾਹੀਂ ਉਨ੍ਹਾਂ ਨੇ ਨਾ ਸਿਰਫ਼ ਜਨਤਕ ਥਾਵਾਂ ਨੂੰ ਸਾਫ ਕੀਤਾ, ਸਗੋਂ ਸਥਾਨਕ ਨਿਵਾਸੀਆਂ ਨੂੰ ਸਾਫ਼-ਸੁਥਰੇ ਅਭਿਆਸਾਂ ਨੂੰ ਅਪਣਾਉਣ ਲਈ ਵੀ ਪ੍ਰੇਰਿਤ ਕੀਤਾ।ਪ੍ਰੋਗਰਾਮ ਅਫ਼ਸਰ ਡਾ: ਮੋਨਿਕਾ ਐਰੀ, ਮਿਸ ਰਮਨਦੀਪ ਕੌਰ ਤੇ ਗੁਰਵਿੰਦਰ ਸਿੰਘ ਨੇ ਮੁਹਿੰਮ ਦੀ ਸਫ਼ਲਤਾ ਵਿੱਚ ਅਹਿਮ ਭੂਮਿਕਾ ਨਿਭਾਈ ਤੇ ਆਪਣਾ ਵਡਮੁੱਲਾ ਯੋਗਦਾਨ ਪਾਇਆ।ਵਲੰਟੀਅਰਾਂ ਦੇ ਯਤਨਾਂ ਦੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪ੍ਰਿਤਪਾਲ ਸਿੰਘ ਦੁਆਰਾ ਸ਼ਲਾਘਾ ਕੀਤੀ ਗਈ, ਉਨ੍ਹਾਂ ਨੇ ਭਾਗੀਦਾਰਾਂ ਦੀ ਉਨ੍ਹਾਂ ਦੇ ਸਮਰਪਣ ਤੇ ਕਾਰਜ ਪ੍ਰਤੀ ਵਚਨਬੱਧਤਾ ਲਈ ਪ੍ਰਸ਼ੰਸਾ ਕੀਤੀ। ਡਾ. ਪ੍ਰਿਤਪਾਲ ਸਿੰਘ ਨੇ ਸਫਾਈ ਦੀ ਮਹੱਤਤਾ ਅਤੇ ਸਮਾਜ ਦੀ ਸਿਹਤ ਅਤੇ ਤੰਦਰੁਸਤੀ 'ਤੇ ਇਸ ਦੇ ਮਹੱਤਵਪੂਰਨ ਪ੍ਰਭਾਵ 'ਤੇ ਜ਼ੋਰ ਦਿੱਤਾ।

## ਹਰਪ੍ਰੀਤ ਸਿੰਘ ਮੜਾਕ ਨੂੰ ਦੁਪੱਟਾ ਮਾਰਕਿਟ ਦਾ ਬਣਾਇਆ ਪ੍ਰਧਾਨ



ਕੋਟਕਪੂਰਾ (ਰਛਪਾਲ ਭੁੱਲਰ)-ਹਰਪ੍ਰੀਤ ਸਿੰਘ ਮੜਾਕ ਨੂੰ ਗੁਰਦੁਆਰਾ ਬਜ਼ਾਰ ਵਿੱਚ ਸਥਿਤ ਦੁਪੱਟਾ ਮਾਰਕਿਟ ਦੇ ਦੁਕਾਨਦਾਰਾਂ ਨੇ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ।ਕਿਸ਼ਨ ਲਾਲ ਬਿੱਲਾ ਤੇ ਵਿਜੈ ਨਰੂਲਾ ਨੇ ਦੱਸਿਆ ਕਿ ਦੁਕਾਨਦਾਰਾਂ ਨੂੰ ਆਉਂਦੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਦੇ ਹੱਲ ਲਈ ਹਰਪ੍ਰੀਤ ਸਿੰਘ ਮੜਾਕ ਅਕਸਰ ਯਤਨਸ਼ੀਲ ਰਹਿੰਦਾ ਹੈ, ਜਿਸ ਕਰਕੇ ਉਸ ਨੂੰ ਪ੍ਰਧਾਨ ਬਣਾਉਣ ਦਾ ਫੈਸਲਾ ਕੀਤਾ ਗਿਆ।ਹਰਮੀਤ ਸਿੰਘ ਰੋਮੀ ਰਾਜਪੂਤ ਤੇ ਅਵਤਾਰ ਸਿੰਘ ਮੱਕੜ ਨੇ ਦੱਸਿਆ ਕਿ ਹਰਪ੍ਰੀਤ ਸਿੰਘ ਮੜਾਕ ਵੱਲੋਂ ਪਿਛਲੇ ਸਮੇਂ ਵਿੱਚ ਵੀ ਬਹੁਤ ਸੰਘਰਸ਼ ਕੀਤਾ ਗਿਆ ਹੈ।ਸੁਰਿੰਦਰ ਸਿੰਘ ਬਿੱਟੂ ਮੱਕੜ ਤੇ ਜਗਮੀਤ ਸਿੰਘ ਸੋਨੀ ਰਾਜਪੂਤ ਨੇ ਦੱਸਿਆ ਕਿ ਹਰਪ੍ਰੀਤ ਸਿੰਘ ਮੜਾਕ ਨੇ ਬੇਰੁਜ਼ਗਾਰ ਲਾਈਨਮੈਨਾਂ ਦੇ ਸੰਘਰਸ਼ ਦੌਰਾਨ ਬਿਨਾਂ ਕਸੂਰੋਂ ਜੇਲ੍ਹ ਯਾਤਰਾ ਵੀ ਕੀਤੀ, ਪਰ ਬਾਇੱਜ਼ਤ ਬਰੀ ਹੋਇਆ।ਜਸਵਿੰਦਰ ਸਿੰਘ ਜੌੜਾ, ਤਰਸੇਮ ਲਾਲ, ਰਮਨ ਚਾਵਲਾ, ਸ਼ਸ਼ੀ ਨਰੂਲਾ, ਜਸਵਿੰਦਰ ਧੀਂਗੜਾ, ਲਖਵਿੰਦਰ ਧੀਂਗੜਾ ਨਵੀਨ ਕਟਾਰੀਆ, ਮਦਨ ਲਾਲ ਨੇ ਹਰਪ੍ਰੀਤ ਨੂੰ ਨਵੀਂ ਜਿੰਮੇਵਾਰੀ ਮਿਲਣ ਦੀ ਮੁਬਾਰਕਬਾਦ ਦਿੰਦਿਆਂ ਉਸ ਦੇ ਚੰਗੇਰੇ ਭਵਿੱਖ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।ਹਰਪ੍ਰੀਤ ਸਿੰਘ ਨੇ ਦੁਪੱਟਾ ਮਾਰਕਿਟ ਦੇ ਸਮੂਹ ਦੁਕਾਨਦਾਰਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਹ ਸਮਾਜ ਸੇਵਾ ਵਾਲੇ ਕਾਰਜਾਂ ਵਿੱਚ ਇਸੇ ਤਰ੍ਹਾਂ ਵਧ ਚੜ੍ਹ ਕੇ ਹਿੱਸਾ ਲੈਂਦਾ ਰਹੇਗਾ।

## ਝੋਨੇ ਦੀ ਸਰਕਾਰੀ ਖਰੀਦ ਨਾ ਹੋਣ ਕਾਰਨ ਕਿਸਾਨ ਰੁਲ ਰਿਹਾ ਮੰਡੀਆਂ 'ਚ



ਮੋਗਾ (ਇਕਬਾਲ ਸਿੰਘ ਖਹਿਰਾ)-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਦਫਤਰ ਵਿਖੇ ਹੋਈ ਇਕੱਤਰਤਾ ਦੌਰਾਨ ਜਿਲਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਸੂਬਾ ਮੀਤ ਪ੍ਰਧਾਨ ਗੁਲਜ਼ਾਰ ਸਿੰਘ ਘਲ ਕਲਾਂ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਚਾਇਤੀ ਚੋਣਾਂ ਦੌਰਾਨ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਦੀ ਜੋ ਕਾਗਜ਼ ਰੱਦ ਕਰਾ ਕੇ ਲੋਕਤੰਤਰ ਦਾ ਘਾਣ ਕੀਤਾ ਹੈ। ਉਸ ਨਾਲ ਪੰਜਾਬ ਦੇ ਲੋਕਾਂ ਨੂੰ ਯਕੀਨ ਹੋ ਗਿਆ ਹੈ ਕਿ ਜੋ ਉਨ੍ਹਾਂ ਨੇ ਬੜੇ ਚਾਵਾਂ ਨਾਲ ਬਦਲਾਵ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਚੁਣੀ ਸੀ ਉਸ ਤੋਂ ਟਾਈਮ ਨਾਲ ਹੀ ਮੋਹ ਭੰਗ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹੁਣ ਚੋਣਾਂ ਵਾਲੇ ਮਾਹੌਲ ਚੋਂ ਬਾਹਰ ਆ ਕੇ ਪੰਜਾਬ ਦੀਆਂ ਮੰਡੀਆਂ ਵੱਲ ਧਿਆਨ ਦੇਵੇ ਕਿਉਂਕਿ ਮੰਡੀਆਂ ਵਿੱਚ ਝੋਨੇ ਦੀ ਖਰੀਦ ਬਿਲਕੁਲ ਨਹੀਂ ਹੋ ਰਹੀ ਕਿਸਾਨ ਦੀ ਪੁੱਤਾਂ ਵਾਂਗ ਪਾਲੀ ਹੋਈ ਫਸਲ ਮੰਡੀਆਂ ਵਿੱਚ ਰੁਲ ਰਹੀ ਹੈ, ਉੱਪਰੋਂ ਬੇ ਮੌਸਮੀ ਬਰਸਾਤ ਇਹ ਬਦਲ ਰਹੇ ਮੌਸਮ ਨੇ ਕਿਸਾਨਾਂ ਦੇ ਸਾਹ ਸੂਤੇ ਪਏ ਹਨ। ਇਸ ਲਈ ਸਰਕਾਰ ਆਪਸੀ ਖਿੱਚੋਤਾਣ ਨੂੰ ਛੱਡ ਕੇ ਪੰਜਾਬ ਦੀਆਂ ਮੰਡੀਆਂ ਤੇ ਪੰਜਾਬ ਦੀ ਪੱਕ ਕੇ ਆ ਰਹੀ ਮੰਡੀਆਂ ਵਿੱਚ ਝੋਨੇ ਦੀ ਫਸਲ ਵੱਲ ਧਿਆਨ ਦੇਵੇ, ਜੇ ਸਰਕਾਰ ਸਮੇਂ ਸਿਰ ਫਸਲ ਦੀ ਖਰੀਦ ਨਹੀਂ ਕਰਦੀ ਤਾਂ ਸਾਨੂੰ ਮਜਬੂਰ ਸੰਘਰਸ਼ ਵਿੱਢਣਾ ਪਵੇਗਾ।

## ਭਗਤ ਨਾਮਦੇਵ ਦੇ ਜਨਮ ਦਿਹਾੜੇ ਲਈ ਸੱਦਾ ਪੱਤਰ ਦਿੱਤੇ



ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਆਲ ਇੰਡੀਆ ਕਸ਼ੱਤਰੀਆ ਟਾਂਕ ਪ੍ਰਤੀਨਿਧੀ ਸਭਾ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਦਮਦਮੀ ਦੀ ਅਗਵਾਈ ਵਿੱਚ ਗੁਰਦੁਆਰਾ ਭਗਤ ਨਾਮਦੇਵ ਜੀ ਸੰਗਰੂਰ, ਬਰਨਾਲਾ, ਗੁਰਦੁਆਰਾ ਤਪਿਆਣਾ ਸਾਹਿਬ ਘੁਮਾਣ ਤੇ ਗੁਰਦੁਆਰਾ ਸਾਹਿਬ ਚਰਨ ਕਮਲ ਘੁਮਾਣ ਦੀਆਂ ਪ੍ਰਬੰਧਕ ਕਮੇਟੀਆਂ ਦੇ ਅਹੁਦੇਦਾਰਾਂ ਵੱਲੋਂ ਫੈਸਲਾ ਕੀਤਾ ਗਿਆ ਸੀ ਕਿ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ 754ਵੇਂ ਜਨਮ ਦਿਹਾੜੇ ਨੂੰ ਸਮਰਪਤ ਸੂਬਾ ਪੱਧਰੀ ਗੁਰਮਤਿ ਸਮਾਗਮ ਗੁਰਦੁਆਰਾ ਤਪਿਆਣਾ ਸਾਹਿਬ ਘੁਮਾਣ ਵਿਖੇ 10, 11 ਅਤੇ 12 ਨਵੰਬਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇ।ਇਸ ਸੂਬਾ ਪੱਧਰੀ ਸਮਾਗਮ ਨੂੰ ਲੈ ਕੇ ਸਭਾ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਦਮਦਮੀ ਦੀ ਅਗਵਾਈ ਵਿੱਚ ਵੱਖ-ਵੱਖ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਆਗੂਆਂ ਨੇ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਦੇ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਤਵੀਰ ਸਿੰਘ ਧਾਮੀ ਨਿੱਜੀ ਸਕੱਤਰ ਪ੍ਰਧਾਨ ਸਾਹਿਬ, ਲਖਵੰਤ ਸਿੰਘ ਚੀਫ਼, ਬਲਜੀਤ ਸਿੰਘ ਇੰਚਾਰਜ ਖਰੀਦ ਵਿਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਜਿੱਥੇ ਸੱਦਾ ਪੱਤਰ ਦਿੱਤਾ ਗਿਆ, ਉਥੇ ਇਨ੍ਹਾਂ ਸ਼ਖ਼ਸੀਅਤਾਂ ਨੂੰ ਸਨਮਾਨਤ ਵੀ ਕੀਤਾ ਗਿਆ।

## ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ ਦਿੱਤੀ ਸਹਾਇਤਾ ਰਾਸ਼ੀ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਡਾ. ਐਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 13 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ ਸਹਾਇਤਾ ਰਾਸ਼ੀ ਦਿੱਤੀ ਗਈ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋੜਵੰਦ ਮਰੀਜ਼ ਵੱਖ-ਵੱਖ ਬਿਮਾਰੀਆਂ (ਕੈਂਸਰ, ਗੁਰਦਿਆਂ ਦੀ ਬਿਮਾਰੀਆਂ, ਕਾਲਾ ਪੀਲੀਆ) ਤੋਂ ਪੀੜਤ ਹਨ, ਪਰ ਘਰੇਲੂ ਹਾਲਾਤ ਠੀਕ ਨਾ ਹੋਣ ਕਾਰਨ ਦਵਾਈਆਂ ਖਰੀਦਣ ਤੋਂ ਅਸਮਰਥ ਹਨ।ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਮਰੀਜ਼ਾਂ ਵੱਲੋਂ ਡਾਕਟਰ ਐਸ ਪੀ ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਤੇ ਕਿਹਾ ਕਿ ਡਾਕਟਰ ਓਬਰਾਏ ਦੀ ਮਿਹਰਬਾਨੀ ਕਰਕੇ ਅਸੀਂ ਅਪਣੀਆਂ ਬਿਮਾਰੀਆਂ ਨਾਲ ਲੜਨ ਦੇ ਸਮਰੱਥ ਹੋ ਗਏ ਹਾਂ।

## ਮੰਚਨ ਦੀ ਛੇਵੀਂ ਰਾਤ ਖੇਵਟ ਵੱਲੋਂ ਭਗਵਾਨ ਰਾਮ ਨੂੰ ਗੰਗਾ ਪਾਰ ਲਾਉਣ ਦੇ ਦ੍ਰਿਸ਼ ਦਿਖਾਏ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਰਵਹਿਤਕਾਰੀ ਸਭਾ ਸ੍ਰੀ ਰਾਮਲੀਲਾ ਕਮੇਟੀ ਵੱਲੋਂ ਦੁਸਹਿਰਾ ਮੈਦਾਨ ਵਿੱਚ ਕਰਾਈ ਜਾ ਰਹੀ ਰਾਮਲੀਲਾ ਮੰਚਨ ਦੀ 6ਵੀਂ ਰਾਤ ਮੁੱਖ ਮਹਿਮਾਨ ਵਜੋਂ ਸੀਨੀਅਰ ਪੱਤਰਕਾਰ ਗੁਰਦੀਪ ਸਿੰਘ ਟੱਕਰ ਤੇ ਜਸਵਿੰਦਰ ਸਿੰਘ ਸਚਦੇਵਾ ਪੁੱਜੇ। ਰਾਤ ਮੰਚਨ ਦੌਰਾਨ ਖੇਵਟ ਰਾਜ ਦਾ ਦ੍ਰਿਸ਼ ਦਿਖਾਇਆ ਗਿਆ, ਜਿਸ ਵਿੱਚ ਖੇਵਟ ਰਾਜ ਵੱਲੋਂ ਭਗਵਾਨ ਸ੍ਰੀ ਰਾਮ, ਲਛਮਣ ਤੇ ਸੀਤਾ ਨੂੰ ਗੰਗਾ ਪਾਰ ਲਾਇਆ ਜਾਂਦਾ ਹੈ। ਇਸ ਤੋਂ ਇਲਾਵਾ ਭਰਤ ਤੇ ਭਗਵਾਨ ਸ੍ਰੀ ਰਾਮ ਦੇ ਮਿਲਾਪ ਦੇ ਦ੍ਰਿਸ਼ ਵੀ ਦਿਖਾਏ ਗਏ। ਸਰਵਹਿਤਕਾਰੀ ਸਭਾ ਸ੍ਰੀ ਰਾਮਲੀਲਾ ਕਮੇਟੀ ਵੱਲੋਂ ਮੰਚਨ ਕਰ ਰਹੇ ਸਮੂਹ ਕਲਾਕਾਰਾਂ ਵੱਲੋਂ ਸਭਾ ਦੇ ਡਾਇਰੈਕਟਰ ਰਹਿ ਚੁੱਕੇ ਸਵ. ਪਵਨ ਮੱਕੜ ਨੂੰ ਸ਼ਰਧਾਂਜਲੀ ਵੀ ਦਿੱਤੀ ਗਈ ਤੇ ਉਨ੍ਹਾਂ ਦੇ ਪਰਵਾਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ। ਇਸ ਤੋਂ ਇਲਾਵਾ ਪ੍ਰਬੰਧਕਾਂ ਵੱਲੋਂ ਸੀਨੀਅਰ ਪੱਤਰਕਾਰ ਗੁਰਦੀਪ ਸਿੰਘ ਟੱਕਰ ਤੇ ਜਸਵਿੰਦਰ ਸਿੰਘ ਸਚਦੇਵਾ ਨੂੰ ਸਨਮਾਨਤ ਵੀ ਕੀਤਾ ਗਿਆ।

# ਚੋਣ ਨਿਸ਼ਾਨ ਦੇਰੀ ਨਾਲ ਅਲਾਟ ਕੀਤੇ ਜਾਣ ਦੇ ਰੋਸ ਵਜੋਂ ਨਾਅਰੇਬਾਜ਼ੀ



ਮਹਿਲ ਕਲਾਂ (ਬਲਵਿੰਦਰ ਵਜੀਦਕੇ)

ਚੋਣ ਕਮਿਸ਼ਨ ਵੱਲੋਂ 15 ਅਕਤੂਬਰ ਨੂੰ ਕਰਾਈਆਂ ਜਾ ਰਹੀਆਂ ਪੰਚਾਇਤੀ ਚੋਣਾਂ ਨੂੰ ਲੈ ਕੇ ਬੀਡੀਪੀਓ ਦਫ਼ਤਰ ਮਹਿਲ ਕਲਾਂ ਵਿਖੇ 38 ਪਿੰਡਾਂ ਦੇ ਚੋਣ ਲੜਨ ਦੇ ਉਮੀਦਵਾਰਾਂ ਨੂੰ ਨਾਮਜ਼ਦਗੀਆਂ ਵਾਪਸ ਲੈਣ ਤੋਂ ਬਾਅਦ ਚੋਣ ਨਿਸ਼ਾਨਾਂ ਦੀ ਵੰਡ ਕੀਤੀ ਜਾਣੀ ਸੀ। ਚੋਣ ਕਮਿਸ਼ਨ ਵੱਲੋਂ 3 ਵਜੇ ਤੱਕ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕੀਤੇ ਜਾਣ ਦੀਆਂ ਹਦਾਇਤਾਂ ਦੇ ਉਲਟ ਜਦੋਂ ਸਾਢੇ ਚਾਰ ਵਜੇ ਤੱਕ ਵੀ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਨਾ ਹੋਏ ਤਾਂ ਬੀਡੀਪੀਓ ਦਫਤਰ ਮਹਿਲ ਕਲਾਂ ਵਿਖੇ ਉਮੀਦਵਾਰਾਂ ਤੇ ਉਨਾਂ ਦੇ ਸਮਰਥਕਾਂ ਵੱਲੋਂ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਖਿਲਾਫ ਰੋਸ ਪ੍ਰਦਰਸ਼ਨ ਕਰਦਿਆਂ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਸ੍ਰੋਮਣੀ ਅਕਾਲੀ ਦਲ ਬਾਦਲ ਦੇ ਸੂਬਾ ਮੀਤ ਪ੍ਰਧਾਨ ਰਿੰਕਾ ਕੁਤਬਾ ਬਾਹਮਣੀਆਂ, ਕਾਗਰਸ ਦੇ ਆਗੂ ਐਡਵੋਕੇਟ ਜਸਵੀਰ ਸਿੰਘ ਖੇੜੀ, ਜਿਲ੍ਹਾ ਪ੍ਰੀਸਦ ਮੈਂਬਰ ਅਮਰਜੀਤ ਸਿੰਘ ਮਹਿਲ ਕਲਾਂ ਤੇ ਐਡਵੋਕੇਟ ਬਲਦੇਵ ਸਿੰਘ ਪੇਧਨੀ ਨੇ ਕਿਹਾ ਕਿ ਇੱਕ ਪਾਸੇ ਤਾਂ ਭਗਵੰਤ ਮਾਨ ਸਰਕਾਰ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਨਿਰਪੱਖ ਢੰਗ ਨਾਲ ਚੋਣਾਂ ਕਰਾਉਣ ਦੇ ਦਾਅਵੇ ਕਰ ਰਹੀ ਹੈ, ਪਰ ਦੂਜੇ ਪਾਸੇ ਚੋਣਾਂ ਚ ਆਪਣੀ ਹਾਰ ਦੇ ਡਰੋਂ ਵਿਰੋਧੀ ਉਮੀਦਵਾਰਾਂ ਨੂੰ ਕਾਗਜ਼ ਵਾਪਸ ਲੈਣ ਲਈ ਮਜਬੂਰ ਕੀਤਾ ਜਾ ਰਿਹਾ ਹੈ, ਜਿਸ ਕਰਕੇ ਅਜੇ ਤੱਕ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਨਹੀਂ ਕੀਤੇ ਗਏ।

ਚੋਣ ਕਮਿਸ਼ਨ ਵੱਲੋਂ 3 ਵਜੇ ਤੱਕ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕੀਤੇ ਜਾਣ ਦੀਆਂ ਹਦਾਇਤਾਂ ਸਨ, ਪਰ ਸਾਢੇ ਚਾਰ ਵਜੇ ਤੱਕ ਵੀ ਲੋਕ ਬੀਡੀਪੀਓ ਦਫਤਰ ਮਹਿਲ ਕਲਾਂ ਵਿਖੇ ਭੁੱਖਣ ਭਾਣੇ ਖੱਜਲ ਖੁਆਰ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਪੰਚਾਇਤੀ ਚੋਣਾਂ 'ਚ ਆਪਣੀ ਹਾਰ ਦੇ ਡਰੋ ਪੰਜਾਬ ਲੋਕਤੰਤਰ ਦਾ ਕਤਲ ਕਰ ਰਹੀ ਹੈ, ਸਰਕਾਰ ਦੀ ਇਸ ਧੱਕੇਸ਼ਾਹੀ ਦਾ ਜਵਾਬ ਲੋਕਾਂ ਵੱਲੋਂ ਵੋਟਾਂ ਰਾਹੀਂ ਦਿੱਤਾ ਜਾਵੇਗਾ।

## ਸੜਕ ਹਾਦਸੇ 'ਚ ਗੰਭੀਰ ਜ਼ਖਮੀ ਹੋਏ ਹੋਮਗਾਰਡ ਜਵਾਨ ਦੀ ਇਲਾਜ ਦੌਰਾਨ ਮੌਤ



ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਅਮਲੋਹ ਵਿਖੇ ਵਾਪਰੇ ਇੱਕ ਸੜਕ ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋਏ ਹੋਮਗਾਰਡ ਜਵਾਨ ਦਿਲਪ੍ਰੀਤ ਸਿੰਘ ਦੀ ਇਲਾਜ ਦੌਰਾਨ ਮੌਤ ਹੋ ਜਾਣ ਦਾ ਸਮਾਚਾਰ ਹੈ।ਜਾਣਕਾਰੀ ਅਨੁਸਾਰ 2 ਅਕਤੂਬਰ ਦੀ ਸਵੇਰ ਥਾਣਾ ਅਮਲੋਹ ਵਿਖੇ ਤਾਇਨਾਤ ਹੋਮਗਾਰਡ ਜਵਾਨ ਦਿਲਪ੍ਰੀਤ ਸਿੰਘ (27) ਸਪਲੈਂਡਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਜਦੋਂ ਅਮਲੋਹ ਦੇ ਬਾਜ਼ਾਰ ਤੋਂ ਨਾਭਾ ਚੌਕ ਵੱਲ ਨੂੰ ਜਾਣ ਲੱਗਾ ਤਾਂ ਭਾਦਸੋਂ ਵੱਲੋਂ ਆ ਰਹੀ ਤੇਜ਼ ਰਫਤਾਰ ਕਵਿੱਡ ਕਾਰ ਨੰਬਰ ਪੀ.ਬੀ.39.ਜੇ-3734 ਨੇ ਉਸਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਦਿਲਪ੍ਰੀਤ ਸਿੰਘ ਬੁੜਕ ਕੇ ਸੜਕ 'ਤੇ ਜਾ ਡਿੱਗਿਆ, ਜਿਸ ਦੇ ਸਿਰ ਸਮੇਤ ਸਰੀਰ ਦੇ ਕਈ ਹਿੱਸਿਆਂ 'ਤੇ ਗੰਭੀਰ ਸੱਟਾਂ ਵੱਜੀਆਂ।ਹਾਦਸੇ 'ਚ ਗੰਭੀਰ ਜ਼ਖ਼ਮੀ ਦਿਲਪ੍ਰੀਤ ਸਿੰਘ ਨੂੰ ਪਹਿਲਾਂ ਸੈਕਟਰ 32 ਹਸਪਤਾਲ ਚੰਡੀਗੜ੍ਹ ਤੇ ਫਿਰ ਪੀ.ਜੀ.ਆਈ. ਚੰਡੀਗੜ੍ਹ ਵਿਖੇ ਦਾਖਲ ਕਰਾਇਆ ਗਿਆ, ਜਿੱਥੇ ਇਲਾਜ ਦੌਰਾਨ ਦਿਲਪ੍ਰੀਤ ਸਿੰਘ ਦੀ ਮੌਤ ਹੋ ਗਈ।

ਦਿਲਪ੍ਰੀਤ ਸਿੰਘ ਜਿਸ ਦਾ ਵਿਆਹ ਕਰੀਬ ਡੇਢ ਕੁ ਸਾਲ ਪਹਿਲਾਂ ਹੀ ਹੋਇਆ ਸੀ, ਉਸ ਦਾ ਜੱਦੀ ਪਿੰਡ ਤਰਖੇੜੀ ਵਿਖੇ ਅੰਤਮ ਸੰਸਕਾਰ ਕਰ ਦਿੱਤਾ ਗਿਆ।ਕਵਿੱਡ ਕਾਰ ਦੇ ਨਾਮਾਲੂਮ ਡਰਾਈਵਰ ਵਿਰੁੱਧ ਅ/ਧ 281, 106, 324 (4) ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਅਮਲੋਹ ਦੀ ਪੁਲਿਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਸੂਬਾ ਕਮੇਟੀ ਦੀ ਜਲੰਧਰ 'ਚ ਮੀਟਿੰਗ 17 ਨੂੰ



ਕੋਟਕਪੂਰਾ (ਰਛਪਾਲ ਭੁੱਲਰ)-ਪੰਜਾਬ ਪੈਨਸ਼ਨਰ ਯੂਨੀਅਨ (ਸਬੰਧਤ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680, ਸੈਕਟਰ 22 ਬੀ, ਚੰਡੀਗੜ੍ਹ) ਦੀ ਸੂਬਾਈ ਕਾਰਜਕਾਰਨੀ ਕਮੇਟੀ ਤੇ ਸਮੂਹ ਬ੍ਰਾਂਚਾਂ ਦੇ ਪ੍ਰਧਾਨ ਤੇ ਜਨਰਲ ਸਕੱਤਰਾਂ ਦੀ ਮੀਟਿੰਗ 17 ਅਕਤੂਬਰ ਨੂੰ ਸਵੇਰੇ ਠੀਕ 11 ਵਜੇ ਕਾਮਰੇਡ ਜਸਵੰਤ ਸਿੰਘ ਸਮਰਾ ਭਵਨ ਨੇੜੇ ਬੱਸ ਸਟੈਂਡ ਜਲੰਧਰ ਵਿਖੇ ਰੱਖੀ ਗਈ ਹੈ।ਜਥੇਬੰਦੀ ਦੇ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ , ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ ਅਤੇ ਗੁਰਜੀਤ ਸਿੰਘ ਘੋੜੇਵਾਹ, ਜਨਰਲ ਸਕੱਤਰ ਪ੍ਰੇਮ ਚਾਵਲਾ, ਐਡੀਸ਼ਨਲ ਜਨਰਲ ਸਕੱਤਰ ਸੱਤਿਆਪਾਲ ਗੁਪਤਾ, ਮੁੱਖ ਜਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ, ਮੁੱਖ ਸਲਾਹਕਾਰ ਗੁਰਮੇਲ ਸਿੰਘ ਮੈਲਡੇ, ਸਲਾਹਕਾਰ ਗੁਰਬਖਸ਼ ਸਿੰਘ ਢਿੱਲੋਂ, ਵਿੱਤ ਸਕੱਤਰ ਪ੍ਰਿਤਪਾਲ ਸਿੰਘ ਪੰਡੋਰੀ, ਮੀਤ ਪ੍ਰਧਾਨ ਸਵਰਨ ਸਿੰਘ ਹਠੂਰ, ਸੁੱਚਾ ਸਿੰਘ ਅਜਨਾਲਾ, ਨਸੀਬ ਸਿੰਘ ਜੜੌਤ, ਜਗਮੇਲ ਸਿੰਘ ਪੱਖੋਵਾਲ, ਪ੍ਰੈਸ ਸਕੱਤਰ ਕੁਲਵੰਤ ਸਿੰਘ ਚਾਨੀ ਅਤੇ ਭੁਪਿੰਦਰ ਸਿੰਘ ਸੇਖੋਂ ਨੇ ਦੱਸਿਆ ਹੈ ਕਿ ਮੀਟਿੰਗ ਦੌਰਾਨ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 2 ਅਕਤੂਬਰ ਨੂੰ ਅੰਬਾਲਾ ਵਿਖੇ ਕੀਤੇ ਗਏ ਐਕਸ਼ਨ ਦਾ ਰਿਵਿਊ, ਪੰਜਾਬ ਰੋਡਵੇਜ਼ ਮੁਲਾਜ਼ਮਾਂ ਤੇ ਪੀ ਆਰ ਟੀ ਸੀ ਮੁਲਾਜ਼ਮਾਂ ਦੀ ਸਾਂਝੀ ਐਕਸ਼ਨ ਕਮੇਟੀ ਵੱਲੋਂ 13 ਸਤੰਬਰ ਨੂੰ ਲੁਧਿਆਣਾ ਵਿਖੇ ਸੂਬਾਈ ਰੈਲੀ ਦਾ ਰਿਵਿਊ ਕੀਤਾ ਜਾਵੇਗਾ। ਇਸ ਤੋਂ ਇਲਾਵਾ 21 ਅਕਤੂਬਰ ਨੂੰ ਬੱਸ ਸਟੈਂਡ ਮੋਗਾ ਵਿਖੇ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੀ 36ਵੀਂ ਬਰਸੀ ਮਨਾਉਣ ਅਤੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।8 ਨਵੰਬਰ ਨੂੰ ਤਰਨਤਾਰਨ ਵਿਖੇ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਵੱਲੋਂ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਤੇ 9 ਨਵੰਬਰ ਨੂੰ ਨਵੀਂ ਸੂਬਾ ਕਮੇਟੀ ਦੀ ਚੋਣ ਕਰਨ ਲਈ ਸੂਬਾਈ ਕਾਨਫਰੰਸ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

## ਮੁੱਛ ਦਾ ਸਵਾਲ ਬਣੀ ਸਲਾਬਤਪੁਰਾ ਦੀ ਚੋਣ

### 'ਆਪ' ਉਮੀਦਵਾਰ ਵੱਲੋਂ ਕਾਗ਼ਜ਼ ਵਾਪਸ ਚੁੱਕਣ ਦੀ ਚਰਚਾ

ਬਠਿੰਡਾ (ਰਾਜੀਵ ਗੋਇਲ)-ਜ਼ਿਲ੍ਹੇ ਦੇ ਭਗਤਾ ਬਲਾਕ ਅੰਦਰ ਆਮ ਆਦਮੀ ਪਾਰਟੀ ਤੇ ਕਾਂਗਰਸ ਦੀ ਮੁੱਛ ਦਾ ਸਵਾਲ ਬਣੀ ਸਲਾਬਤਪੁਰਾ ਦੀ ਚੋਣ ਵਿੱਚ ਨਵਾਂ ਮੋੜ ਦੇਖਣ ਨੂੰ ਮਿਲਿਆ। ਇਲਾਕੇ ਵਿੱਚ ਚਰਚਾ ਹੁੰਦੀਂ ਰਹੀ ਕਿ ਆਮ ਆਦਮੀ ਪਾਰਟੀ ਵੱਲੋਂ ਸਰਪੰਚੀ ਦੇ ਉਮੀਦਵਾਰ ਵਜੋਂ ਕਾਗ਼ਜ਼ ਭਰਨ ਵਾਲੇ ਬੇਅੰਤ ਸਿੰਘ ਵੱਲੋਂ ਕਾਗਜ ਵਾਪਸ ਚੁੱਕ ਲਏ ਗਏ ਹਨ। ਜਦੋਂ ਉਕਤ ਬੇਅੰਤ ਸਿੰਘ ਨਾਲ ਫੋਨ 'ਤੇ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਕਿਹਾ ਕਿ 'ਮੈਨੂੰ ਪਰਿਵਾਰ ਪਿਆਰਾ ਹੈ ਜਾਂ ਕਾਗ਼ਜ਼', ਜਿਸ ਤੋਂ ਸਾਫ਼ ਜ਼ਾਹਰ ਹੁੰਦਾ ਸੀ ਕਿ ਬੇਅੰਤ ਸਿੰਘ ਵੱਲੋਂ ਇਹ ਚੋਣ ਨਾ ਲੜਨ ਦਾ ਫੈਸਲਾ ਕਰ ਲਿਆ ਗਿਆ ਹੋਵੇ। ਦੱਸਣਾ ਬਣਦਾ ਹੈ ਕਿ ਪਿਛਲੇ ਦਿਨੀਂ ਉਕਤ ਉਮੀਦਵਾਰ ਬੇਅੰਤ ਸਿੰਘ ਵੱਲੋਂ ਧਮਕੀਆਂ ਭਰੇ ਫੋਨ ਆਉਣ ਵਰਗੇ ਸੰਗੀਨ ਦੋਸ਼ ਲਾਏ ਗਏ ਸਨ, ਜਿਸ ਤੋਂ ਬਾਅਦ ਪੁਲਸ ਵੱਲੋਂ ਵਿਰੋਧੀ ਉਮੀਦਵਾਰ ਅਮਨਦੀਪ ਸਿੰਘ ਖਿਲਾਫ ਕਾਰਵਾਈ ਕਰਦੇ ਹੋਏ ਛਾਪੇਮਾਰੀ ਸ਼ੁਰੂ ਕਰ ਦਿੱਤੀ ਸੀ, ਪਰ ਹੁਣ ਬੇਅੰਤ ਸਿੰਘ ਵੱਲੋਂ ਕਾਗ਼ਜ਼ ਵਾਪਸ ਲਏ ਜਾਣ ਦੀ ਗੱਲ ਨੇ ਹਲਕੇ ਅੰਦਰ ਨਵੀਂ ਚਰਚਾ ਛੇੜ ਦਿੱਤੀ ਹੈ।

## ਅਰਤਿੰਦਰ ਸੰਧੂ ਨੂੰ ਗੁਰਚਰਨ ਰਾਮਪੁਰੀ ਪੁਰਸਕਾਰ ਨਾਲ ਨਿਵਾਜਿਆ



ਸਮਰਾਲਾ (ਸੁਰਜੀਤ ਸਿੰਘ)

ਪੰਜਾਬੀ ਲਿਖਾਰੀ ਸਭਾ ਰਾਮਪੁਰ ਵੱਲੋਂ ਸ਼ਾਇਰਾ ਅਰਤਿੰਦਰ ਸੰਧੂ ਨੂੰ ਚੌਥੇ ਗੁਰਚਰਨ ਰਾਮਪੁਰੀ ਕਵਿਤਾ ਪੁਰਸਕਾਰ ਨਾਲ ਨਿਵਾਜਿਆ।ਸਭਾ ਦੀ ਲਾਇਬ੍ਰੇਰੀ ਦੇ ਸੈਮੀਨਾਰ ਹਾਲ ਵਿੱਚ ਹੋਏ ਸਮਾਗਮ ਦੀ ਪ੍ਰਧਾਨਗੀ ਡਾ. ਮਨਮੋਹਨ ਨੇ ਕੀਤੀ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਸਾਬਕਾ ਪ੍ਰੋਫੈਸਰ ਅਮੈਰਿਟਿਸ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਸਮਾਗਮ ਦੇ ਮੁੱਖ ਮਹਿਮਾਨ ਸਨ।ਸਭਾ ਦੇ ਪ੍ਰਧਾਨ ਅਨਿਲ ਫਤਹਿਗੜ੍ਹ ਜੱਟਾਂ ਨੇ ਲੇਖਕਾਂ ਦਾ ਸਵਾਗਤ ਕੀਤਾ। ਕਹਾਣੀਕਾਰ ਸੁਰਿੰਦਰ ਰਾਮਪੁਰੀ ਨੇ ਸਭਾ ਦੇ ਲੰਮੇ ਇਤਿਹਾਸ ਤੇ ਪ੍ਰਾਪਤੀਆਂ ਤੋਂ ਹਾਜ਼ਰ ਅਦੀਬਾਂ ਨੂੰ ਜਾਣੂ ਕਰਾਇਆ ਅਤੇ ਗੁਰਚਰਨ ਰਾਮਪੁਰੀ ਵੱਲੋਂ ਸਭਾ ਦੇ ਯੋਗਦਾਨ ਬਾਰੇ ਵਿਸਥਾਰ ਨਾਲ ਚਰਚਾ ਕੀਤੀ।ਉਨ੍ਹਾਂ ਸਭਾ ਵੱਲੋਂ ਦਿੱਤੇ ਜਾਂਦੇ ਸਾਹਿਤਕ ਪੁਰਸਕਾਰਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਭਾ ਵੱਲੋਂ ਸਾਲ 1989 ਤੋਂ ਲਾਭ ਸਿੰਘ ਚਾਤ੍ਰਿਕ ਪੁਰਸਕਾਰ ਤੋਂ ਇਲਾਵਾ ਸੁਰਜੀਤ ਰਾਮਪੁਰੀ ਪੁਰਸਕਾਰ, ਮਾਤਾ ਮੁਹਿੰਦਰ ਕੌਰ ਪੁਰਸਕਾਰ, ਜਸਵੰਤ ਧਮੋਟ ਪੁਰਸਕਾਰ ਤੇ ਕਾਮਰੇਡ ਰਣਧੀਰ ਸਿੰਘ ਪੁਰਸਕਾਰ ਜਾਰੀ ਕੀਤੇ ਗਏ।ਸਾਲ 2021 ਤੋਂ ਗੁਰਚਰਨ ਰਾਮਪੁਰੀ ਪੁਰਸਕਾਰ ਦੀ ਸਥਾਪਨਾ ਕੀਤੀ ਗਈ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਨੇ ਮੁੱਖ ਮਹਿਮਾਨ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।ਜ਼ੋਰਾਵਰ ਸਿੰਘ ਪੰਛੀ ਨੇ ਅਰਤਿੰਦਰ ਸੰਧੂ ਬਾਰੇ ਸ਼ੋਭਾ ਪੱਤਰ ਪੜ੍ਹਿਆ।ਪ੍ਰਧਾਨਗੀ ਮੰਡਲ ਵੱਲੋਂ ਅਰਤਿੰਦਰ ਸੰਧੂ ਨੂੰ ਪੁਰਸਕਾਰ ਪ੍ਰਦਾਨ ਕੀਤਾ ਗਿਆ।ਪੁਰਸਕਾਰ ਵਿੱਚ ਪੱਚੀ ਹਜ਼ਾਰ ਰੁਪਏ ਸਨਮਾਨ ਰਾਸ਼ੀ, ਪੁਸਤਕਾਂ ਤੇ ਸ਼ਾਲ ਸ਼ਾਮਲ ਸਨ।ਅਰਤਿੰਦਰ ਸੰਧੂ ਨੇ ਧੰਨਵਾਦ ਦੇ ਸ਼ਬਦ ਬੋਲਦਿਆਂ ਕਿਹਾ ਕਿ ਪੰਜਾਬੀ ਲਿਖਾਰੀ ਸਭਾ ਰਾਮਪੁਰ ਅਜਿਹਾ ਬਿਰਖ ਹੈ, ਜਿਸ ਨੂੰ ਵੰਨ-ਸੁਵੰਨੇ ਫ਼ਲ ਲੱਗ ਰਹੇ ਹਨ, ਜੋ ਸਾਹਿਤ ਸੁਗੰਧ ਫੈਲਾ ਰਹੇ ਹਨ।ਡਾ. ਮਨਮੋਹਨ ਨੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਸਾਹਿਤ ਸਭਾਵਾਂ ਦਾ ਸਾਹਿਤ ਸਿਰਜਣਾ ਵਿੱਚ ਮਹੱਤਵਪੂਰਨ ਯੋਗਦਾਨ ਹੁੰਦਾ ਹੈ।ਉਨ੍ਹਾਂ ਕਿਹਾ ਕਿ ਆਲੋਚਨਾ ਸਾਹਿਤਕਾਰ ਨੂੰ ਨਿਖਾਰਦੀ ਹੈ। ਦੂਜੇ ਸੈਸ਼ਨ ਵਿੱਚ ਕਵੀ ਦਰਬਾਰ ਹੋਇਆ। ਉਰਦੂ ਅਤੇ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਸਰਦਾਰ ਪੰਛੀ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ।ਕਵੀ ਦਰਬਾਰ ਦਾ ਆਰੰਭ ਕਮਲਜੀਤ ਨੀਲੋਂ ਦੇ ਖ਼ੂਬਸੂਰਤ ਤੇ ਪ੍ਰਭਾਵਸ਼ਾਲੀ ਗੀਤ ਨਾਲ ਹੋਇਆ।

## ਕਾਂਗੜ ਦੀ ਅਗਵਾਈ 'ਚ ਗੁੰਮਟੀ ਕਲਾਂ ਦੇ ਕਈ ਪਰਵਾਰ ਕਾਂਗਰਸ 'ਚ ਸ਼ਾਮਲ



ਬਠਿੰਡਾ (ਰਾਜੀਵ ਗੋਇਲ)-ਪੰਚਾਇਤੀ ਚੋਣਾਂ ਨੂੰ ਲੈ ਕੇ ਸੂਬੇ ਅੰਦਰ ਮਾਹੌਲ ਪੂਰਾ ਗਰਮਾਇਆ ਹੋਇਆ ਹੈ ਤੇ ਲੋਕ ਮੌਜੂਦਾ ਪਾਰਟੀਆਂ ਦੀਆਂ ਨੀਤੀਆਂ ਤੋਂ ਤੰਗ ਆ ਕੇ ਕਾਂਗਰਸ ਦਾ ਪੱਲਾ ਫੜਦੇ ਨਜਰ ਆ ਰਹੇ ਹਨ। ਹਲਕਾ ਰਾਮਪੁਰਾ ਫੂਲ ਦੇ ਪਿੰਡ ਗੁੰਮਟੀ ਕਲਾਂ ਦੇ ਕਈ ਪਰਵਾਰ ਸਾਬਕਾ ਵਜ਼ੀਰ ਅਤੇ ਸੀਨੀਅਰ ਕਾਂਗਰਸੀ ਲੀਡਰ ਗੁਰਪ੍ਰੀਤ ਸਿੰਘ ਕਾਂਗੜ ਦੀ ਅਗਵਾਈ ਹੇਠ ਕਾਂਗਰਸ ਵਿੱਚ ਸ਼ਾਮਲ ਹੋ ਗਏ। ਸ਼ਾਮਲ ਹੋਣ ਵਾਲੇ ਲੋਕਾਂ ਨੇ ਦੱਸਿਆ ਕਿ ਹਲਕੇ ਅੰਦਰ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਤੇ ਜਿਹੜੇ ਵਾਅਦੇ ਕਰਕੇ ਆਮ ਆਦਮੀ ਪਾਰਟੀ ਹੋਂਦ ਵਿੱਚ ਆਈ ਸੀ, ਅੱਜ ਉਨ੍ਹਾਂ ਵਾਅਦਿਆਂ ਤੋਂ ਮੁਨਕਰ ਹੁੰਦੀਂ ਦਿਖਾਈ ਦੇ ਰਹੀ ਹੈ। ਨਸ਼ੇ ਦੇ ਵੱਧ ਰਹੇ ਪਸਾਰ ਤੋਂ ਚਿੰਤਤ ਲੋਕਾਂ ਨੇ ਆਪਣੇ ਭਵਿੱਖ ਬਾਰੇ ਚਿੰਤਾ ਜਤਾਉਂਦਿਆਂ ਕਿਹਾ ਕਿ ਜੇਕਰ ਇਸੇ ਤਰ੍ਹਾਂ ਇਹ ਨਸ਼ਾ ਵਧਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਮਾਵਾਂ ਪੁੱਤ ਜੰਮਣ ਤੋਂ ਕੰਨੀ ਕਤਰਾਉਣਗੀਆਂ।

## ਕੋਰਸ ਪੂਰਾ ਕਰਨ ਵਾਲੀਆਂ ਲੜਕੀਆਂ ਨੂੰ ਸਰਟੀਫਿਕੇਟ ਤੇ ਸਿਲਾਈ ਮਸ਼ੀਨਾਂ ਵੰਡੀਆਂ



ਮੱਖੂ (ਰਛਪਾਲ ਸਿੰਘ ਸੰਧੂ) ਸੋਸਵਾ (ਨੌਰਥ) ਚੰਡੀਗੜ੍ਹ ਵੱਲੋਂ ਪੰਜਾਬ ਸਰਕਾਰ ਦੀ ਵਿੱਤੀ ਸਹਾਇਤਾ ਨਾਲ ਚਲਾਏ ਜਾਂਦੇ ਸਿਲਾਈ ਸੈਂਟਰ ਵਿੱਚ ਕੋਰਸ ਪੂਰਾ ਕਰਨ ਵਾਲੀਆਂ 25 ਲੜਕੀਆਂ ਦਾ ਸਰਕਾਰੀ ਆਈਟੀਆਈ ਸੈਂਟਰ ਬਹਿਕ ਗੁਜਰਾਂ ਦੇ ਮੈਡਮ ਅਮਨਦੀਪ ਕੌਰ ਵੱਲੋਂ ਸਿਲਾਈ ਕਢਾਈ ਦਾ ਟੈਸਟ ਲਿਆ ਗਿਆ।ਸਿਲਾਈ ਕਢਾਈ ਦਾ ਕੋਰਸ ਪੂਰਾ ਕਰਨ ਵਾਲੀਆਂ ਲੜਕੀਆਂ ਨੂੰ ਮੁਫ਼ਤ ਸਿਲਾਈ ਮਸ਼ੀਨਾਂ ਵੰਡੀਆਂ ਗਈਆਂ ਤੇ ਸਰਟੀਫਿਕੇਟ ਦਿੱਤੇ ਗਏ।ਰਮੇਸ਼ ਬਜਾਜ ਪ੍ਰਾਣ ਪ੍ਰਧਾਨ ਸ਼ਿਵ ਸੈਨਾ ਮੱਖੂ ਤੇ ਡਾ. ਬਲਜਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ।ਕਲੱਬ ਪ੍ਰਧਾਨ ਹਰਦਵਿੰਦਰ ਸਿੰਘ ਫੇਮੀਵਾਲਾ ਨੇ ਪ੍ਰੋਗਰਾਮ ਵਿੱਚ ਪਹੁੰਚੇ ਹੋਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਤੇ ਚਲਾਏ ਜਾਂਦੇ ਸਿਲਾਈ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਇਹ ਸਿਲਾਈ ਸੈਂਟਰ 26 ਮਾਰਚ ਤੋਂ 25 ਸਤੰਬਰ ਤੱਕ ਛੇ ਮਹੀਨੇ ਲਈ ਚਲਾਇਆ ਗਿਆ। ਇਸੇ ਤਰ੍ਹਾਂ ਹੀ ਸੋਸਵਾ (ਨੌਰਥ) ਚੰਡੀਗੜ੍ਹ ਦੇ ਸਹਿਯੋਗ ਨਾਲ ਨਵਾਂ ਬੈਚ ਚਲਾਇਆ ਜਾਵੇਗਾ, ਜਿਸ ਵਿੱਚ ਲੜਕੀਆਂ ਨੂੰ ਸਿਲਾਈ ਸੈਂਟਰ ਦੇ ਨਾਲ ਬਿਊਟੀ ਪਾਰਲਰ ਦੇ ਕੰਮ ਸਿਖਾਉਣ ਦਾ ਭਰੋਸਾ ਦਿੱਤਾ ਗਿਆ।ਰਮੇਸ਼ ਬਜਾਜ ਪ੍ਰਾਣ ਪ੍ਰਧਾਨ ਵੱਲੋਂ ਚਲਾਏ ਜਾਂਦੇ ਸਿਲਾਈ ਸੈਂਟਰ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਨਾਲ ਲੜਕੀਆਂ ਆਪਣਾ ਰੋਜ਼ਗਾਰ ਕਰ ਸਕਣਗੀਆਂ।ਡਾ. ਬਲਜਿੰਦਰ ਸਿੰਘ ਨੇ ਕਿਹਾ ਕੋਰਸ ਪੂਰਾ ਕਰ ਚੁੱਕੀਆਂ ਲੜਕੀਆਂ ਆਪਣੇ ਰੋਜ਼ਗਾਰ ਲਈ ਬੁਟੀਕ ਵੀ ਖੋਲ੍ਹ ਸਕਣਗੀਆਂ ਤੇ ਆਪਣੇ ਘਰ ਵਿੱਚ ਵੀ ਸਿਲਾਈ ਕਢਾਈ ਕਰ ਸਕਣਗੀਆਂ। ਰਜੀਵ ਕਪੂਰ ਪ੍ਰਧਾਨ ਨੇ ਕਿਹਾ ਕਿ ਕੋਰਸ ਪੂਰਾ ਕਰ ਚੁੱਕੀਆਂ ਲੜਕੀਆਂ ਸਰਕਾਰੀ ਨੌਕਰੀ ਲੈ ਕੇ ਆਪਣੇ ਪਰਵਾਰ ਦਾ ਵਧੀਆ ਤਰੀਕੇ ਨਾਲ ਪਾਲਣ ਪੋਸ਼ਣ ਕਰ ਸਕਦੀਆਂ ਹਨ।ਆਖਰ ਵਿੱਚ ਸਿਲਾਈ ਟੀਚਰ ਮੈਡਮ ਕੁਲਵਿੰਦਰ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਸਿਲਾਈ ਸੈਂਟਰ ਦੀਆਂ ਲੜਕੀਆਂ ਵੱਲੋਂ ਅਹਿਮ ਯੋਗਦਾਨ ਪਾਇਆ ਗਿਆ।

## ਦੇਸ਼ ਭਗਤ 'ਵਰਸਿਟੀ ਨੇ ਰੈਗਿੰਗ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਕਰਾਇਆ



ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਫੈਕਲਟੀ ਆਫ਼ ਐਗਰੀਕਲਚਰ ਐਂਡ ਲਾਈਫ਼ ਸਾਇੰਸਜ਼ ਅਤੇ ਟੈਕਨੋ ਕਲੱਬ ਆਫ਼ ਫੈਕਲਟੀ ਆਫ਼ ਇੰਜੀਨੀਅਰਿੰਗ ਟੈਕਨਾਲੋਜੀ ਦੇ ਸਹਿਯੋਗ ਨਾਲ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਦੀ ਅਗਵਾਈ ਹੇਠ ਬੀ.ਐਸਸੀ. ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਵੱਲੋਂ ਐਗਰੀਕਲਚਰ ਆਨਰਜ਼ ਤੀਜਾ ਸਮੈਸਟਰ, ਐਮ ਐਸ ਸੀ ਪੰਜਵਾਂ ਬਾਗਬਾਨੀ ਪਹਿਲਾ, ਐਮ ਐਸ ਸੀ ਜਿਓਲੋਜੀ ਪਹਿਲਾ ਅਤੇ ਬੀ ਟੈਕ ਪਹਿਲਾ, ਬੀ ਟੈਕ ਤੀਜੇ ਸਮੈਸਟਰ ਦੇ ਵਿਦਿਆਰਥੀਆਂ ਲਈ ਐਂਟੀ ਰੈਗਿੰਗ ਜਾਗਰੂਕਤਾ ਪ੍ਰੋਗਰਾਮ ਕਰਾਇਆ ਗਿਆ।ਪ੍ਰੋਗਰਾਮ ਦੇ ਕੋਆਰਡੀਨੇਟਰ ਡਾ: ਅਰਸ਼ਦੀਪ ਸਿੰਘ, ਸ੍ਰੀ ਰਵਿੰਦਰ ਸਿੰਘ ਅਤੇ ਮਿਸ ਸ਼ਿਵਾਂਗੀ ਸੂਦ, ਫੈਕਲਟੀ ਆਫ ਐਗਰੀਕਲਚਰ ਐਂਡ ਲਾਈਫ ਸਾਇੰਸਿਜ਼ ਅਤੇ ਫੈਕਲਟੀ ਆਫ ਇੰਜੀਨੀਅਰਿੰਗ ਟੈਕਨਾਲੋਜੀ ਦੇ ਮੈਂਬਰ ਹਾਜ਼ਰ ਸਨ।ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਐਂਟੀ ਰੈਗਿੰਗ ਬਾਰੇ ਜਾਗਰੂਕ ਕਰਨਾ ਸੀ।ਡਾ. ਅਰਸ਼ਦੀਪ ਸਿੰਘ ਨੇ ਐਂਟੀ ਰੈਗਿੰਗ ਬਾਰੇ ਆਪਣੀ ਪੇਸ਼ਕਾਰੀ ਦੀ ਸ਼ੁਰੂਆਤ ਕਰਦਿਆਂ ਵੱਖ-ਵੱਖ ਐਂਟੀ ਰੈਗਿੰਗ ਮੁੱਦਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਸ ਨੇ ਸਮਝਾਇਆ ਕਿ ਰੈਗਿੰਗ ਲਾਜ਼ਮੀ ਤੌਰ 'ਤੇ ਇੱਕ ਪੱਛਮੀ ਧਾਰਨਾ ਹੈ ਤੇ ਅਸਲ ਵਿੱਚ ਸਕੂਲਾਂ ਅਤੇ ਕਾਲਜਾਂ ਵਿੱਚ ਸੀਨੀਅਰਾਂ ਅਤੇ ਜੂਨੀਅਰਾਂ ਵਿਚਕਾਰ ਸਮਾਜਿਕ ਸੰਪਰਕ ਦਾ ਇੱਕ ਰੂਪ ਸੀ।ਹਾਲਾਂਕਿ, ਇਹ ਸੰਪਰਕ ਕਈ ਵਾਰ ਬਹੁਤ ਜ਼ਾਲਮ, ਅਣਮਨੁੱਖੀ ਅਤੇ ਸਮਾਜ ਵਿਰੋਧੀ ਰੂਪ ਧਾਰਨ ਕਰ ਲੈਂਦੇ ਹਨ। ਉਨ੍ਹਾਂ ਕਿਹਾ ਕਿ ਕੁਝ ਉੱਚ ਨਾਮੀ ਕਾਲਜਾਂ ਅਤੇ ਸੰਸਥਾਵਾਂ ਦਾ ਰੈਗਿੰਗ ਦਾ ਭਿਆਨਕ ਇਤਿਹਾਸ ਹੈ।ਰੈਗਿੰਗ ਦੇ ਸਮਾਜਿਕ, ਭੌਤਿਕ, ਰਾਜਨੀਤਿਕ, ਆਰਥਿਕ, ਵਿਦਿਅਕ ਤੇ ਭੌਤਿਕ ਮਾਪ ਹਨ।ਉਨ੍ਹਾਂ ਨੇ ਡਰੈਸ ਕੋਡ, ਰੈਗਿੰਗ, ਜ਼ੁਬਾਨੀ ਦੁਰਵਿਹਾਰ, ਸਰੀਰਕ ਸ਼ੋਸ਼ਣ, ਜਿਨਸੀ ਸ਼ੋਸ਼ਣ, ਅਕਾਦਮਿਕ ਪ੍ਰਦਰਸ਼ਨ, ਐਂਟੀ-ਰੈਗਿੰਗ ਹੈਲਪਲਾਈਨ ਤੇ ਬੇਨਾਮ ਸ਼ਿਕਾਇਤਾਂ, ਵਿਵਾਦਾਂ, ਭਾਰਤ ਵਿੱਚ ਰੈਗਿੰਗ ਵਿਰੋਧੀ ਅੰਦੋਲਨ, ਮਾੜੇ ਨਤੀਜੇ, ਮੁੱਖ ਘਟਨਾਵਾਂ, ਕਾਨੂੰਨੀ ਢਾਂਚੇ ਸਮੇਤ ਮਹੱਤਵਪੂਰਨ ਮੁੱਦਿਆਂ ਬਾਰੇ ਵਿਸਥਾਰਪੂਰਵਕ ਦੱਸਿਆ।

## ਗਿਆਨ ਸਾਗਰ ਸਕੂਲ ਦੇ ਬੱਚਿਆਂ ਨੇ 19 ਮੈਡਲ ਪ੍ਰਾਪਤ ਕੀਤੇ



ਬਰੇਟਾ (ਰੀਤਵਾਲ)-ਪੰਜਾਬ ਸਰਕਾਰ ਦੁਆਰਾ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਆਰਚਰੀ ਤਾਈਕਮਾਂਡੋ ਤੇ ਵੁਸ਼ੂ ਜੋ ਮਾਨਸਾ ਸਟੇਡੀਅਮ ਵਿਖੇ ਹੋਈਆਂ। ਇਨ੍ਹਾਂ ਖੇਡਾਂ ਵਿੱਚ ਗਿਆਨ ਸਾਗਰ ਕਾਨਵੈਂਟ ਸਕੂਲ ਕਾਨਗੜ੍ਹ ਦੇ ਬੱਚਿਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ ਅਤੇ ਬੱਚਿਆਂ ਨੇ ਆਪਣੀ ਆਪਣੀ ਖੇਡ ਦਾ ਵਧੀਆ ਪ੍ਰਦਰਸ਼ਨ ਕਰਦੇ ਹੋਏ ਗਿਆਨ ਸਾਗਰ ਸਕੂਲ ਦੇ ਬੱਚਿਆਂ ਨੇ 19 ਮੈਡਲ ਪ੍ਰਾਪਤ ਕੀਤੇ। ਤੀਰਅੰਦਾਜ਼ੀ ਵਿੱਚ ਨਵਜੋਤ ਸਿੰਘ ਨੌਵੀਂ ਕਲਾਸ ਨੇ ਗੋਲਡ ਮੈਡਲ ਜਿੱਤਿਆ ਤੇ ਵੂਸ਼ੂ ਵਿੱਚ ਨਵਦੀਪ ਸਿੰਘ (ਨੌਵੀਂ) ਗੋਲਡ ਮੈਡਲ, ਜਸਪ੍ਰੀਤ ਸਿੰਘ (ਨੌਵੀਂ) ਸਿਲਵਰ ਮੈਡਲ, ਏਕਮਜੋਤ ਸਿੰਘ (ਨੌਵੀਂ) ਸਿਲਵਰ ਮੈਡਲ ਭਵਨਦੀਪ ਸਿੰਘ (ਗਿਆਰ੍ਹਵੀਂ) ਸਿਲਵਰ ਮੈਡਲ, ਅਰਸ਼ਨੂਰ ਸਿੰਘ (ਨੌਵੀਂ) ਸਿਲਵਰ ਮੈਡਲ, ਜਸ਼ਨਦੀਪ ਸਿੰਘ (ਗਿਆਰ੍ਹਵੀਂ) ਸਿਲਵਰ ਮੈਡਲ, ਅਰਸ਼ਦੀਪ ਸਿੰਘ (ਨੌਵੀਂ) ਬਰਾਊਨ ਮੈਡਲ, ਸਹਿਜ ਸਿੰਘ (ਛੇਵੀਂ) ਬਰਾਊਂਜ ਮੇਡਲ, ਪ੍ਰਭਜੋਤ ਸਿੰਘ (ਚੌਥੀ) ਬਰਾਊਂਜ ਮੇਡਲ, ਪੇਰੁਸ ਗਰਗ (ਤੀਸਰੀ) ਬਰਾਊਂਜ ਮੈਡਲ ਜਿੱਤੇ। ਤਾਇਕਵਾਂਡੋ ਵਿੱਚ ਸੰਧਿਆ ਪ੍ਰੀਤ ਕੌਰ (ਸੱਤਵੀਂ) ਮੈਡਲ ਗੋਲਡ, ਅਪਰਿੰਦਰ ਕੌਰ (ਛੇਵੀਂ) ਗੋਲਡ ਮੈਡਲ, ਏਕਮ ਸਿੰਘ (ਚੌਥੀ) ਗੋਲਡ ਮੈਡਲ ਪਰਗਟ ਸਿੰਘ (ਨੌਵੀਂ) ਗੋਲਡ ਮੈਡਲ ਅਰਸ਼ਪ੍ਰੀਤ ਸਿੰਘ (ਗਿਆਰ੍ਹਵੀਂ) ਗੋਲਡ ਮੈਡਲ, ਰਿਵਾਂਸ (ਚੌਥੀ) ਸਿਲਵਰ ਮੈਡਲ, ਰਣਵੀਰ ਸਿੰਘ (ਚੌਥੀ) ਸਿਲਵਰ ਮੈਡਲ, ਮਨਵੀਰ ਸਿੰਘ (ਚੌਥੀ) ਸਿਲਵਰ ਮੈਡਲ ਹਾਸਲ ਕੀਤਾ।

## ਗ਼ਲਤ ਅੰਕੜੇ ਦੇਣ ਵਾਲ਼ੇ ਅਧਿਕਾਰੀਆਂ ਖ਼ਿਲਾਫ਼ ਹੋਵੇ ਵਿਭਾਗੀ ਕਰਵਾਈ : ਸਲਾਣਾ



ਫ਼ਰੀਦਕੋਟ/ਮਾਨਸਾ (ਗੁਰਪ੍ਰੀਤ ਸਿੰਘ ਬੇਦੀ/ਆਤਮਾ ਸਿੰਘ ਪਮਾਰ)-ਐੱਸ ਸੀ ਬੀ ਸੀ ਅਧਿਆਪਕ ਜਥੇਬੰਦੀ ਵਲੋਂ ਡਾਇਰੈਕਟਰ ਸਕੂਲ ਐਲੀਮੈਂਟਰੀ ਸਿੱਖਿਆ ਪੰਜਾਬ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਕਿ ਆਪ ਵੱਲੋਂ ਰੋਸਟਰ ਰਜਿਸਟਰਾਂ ਵਿੱਚ ਰਾਖਵੀ ਸ਼੍ਰੇਣੀ ਉਮੀਦਵਾਰਾਂ ਦੇ ਅੰਕੜੇ ਸਹੀ ਕਰਨ ਲਈ ਲਿਖਿਆ ਪੱਤਰ ਮਿਲਣ ਦੇ ਬਾਵਜੂਦ ਕੁੱਝ ਜ਼ਿਲ੍ਹਾ ਸਿੱਖਿਆ ਦਫ਼ਤਰ, ਜ਼ਿਲ੍ਹੇ ਵਿੱਚ ਮੌਜੂਦ ਈ ਟੀ ਟੀ ਕਾਡਰ ਦੀਆਂ ਪੋਸਟਾਂ ਦੀ ਨਿਯੁਕਤੀ ਦੀ ਕੈਟਾਗਰੀ ਸਹੀ ਨਹੀਂ ਭਰ ਰਹੇ ਹਨ।ਬਲਾਕ ਅਧਿਕਾਰੀਆਂ ਵਲੋਂ ਅਧਿਆਪਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਇਸ ਉੱਤੇ ਡਾਇਰੈਕਟਰ ਸਕੂਲ ਸਿੱਖਿਆ ਵੱਲੋਂ ਵਿਸ਼ਵਾਸ਼ ਦਿਵਾਇਆ ਗਿਆ ਕਿ ਅੰਕੜੇ ਹਰ ਹਾਲਤ ਵਿੱਚ ਸਹੀ ਕਰਵਾਏ ਜਾਣਗੇ। ਸਲਾਣਾ ਨੇ ਦੱਸਿਆ ਕਿ ਜੇਕਰ ਇਹ ਸਿਲਸਿਲਾ ਦਰੁਸਤ ਨਾ ਹੋਇਆ ਤਾਂ ਜਥੇਬੰਦੀ ਅਜਿਹੇ ਅਧਿਕਾਰੀਆਂ ਖ਼ਿਲਾਫ਼ ਵਿਭਾਗੀ ਐਕਸ਼ਨ ਕਰਾਉਣ ਲਈ ਸੰਘਰਸ਼ ਕਰਨ ਤੋਂ ਗੁਰੇਜ਼ ਨਹੀਂ ਕਰੇਗੀ। ਜ਼ਿਕਰਯੋਗ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਦੇ ਗੇਟ ਦੇ ਅੱਗੇ ਦਰੀਆਂ ਵਿਛਾਈ ਬੈਠੇ 2364 ਬੇਰੁਜ਼ਗਾਰ ਅਧਿਆਪਕ ਪਿਛਲੇ ਲੰਮੇ ਸਮੇਂ ਤੋਂ ਰੁਜ਼ਗਾਰ ਮਿਲਣ ਦੀ ਆਸ ਵਿੱਚ ਹਨ, ਜਿਨ੍ਹਾਂ ਨੂੰ ਸਰਕਾਰ ਦੀ ਟਾਲ-ਮਟੋਲ ਨੀਤੀ ਦੇ ਚੱਲਦਿਆਂ ਨਿੱਤ ਖੱਜਲ ਖੁਆਰ ਹੋਣਾ ਪੈ ਰਿਹਾ ਹੈ।ਸੂਬਾ ਕਾਰਜਕਾਰੀ ਪ੍ਰਧਾਨ ਕ੍ਰਿਸ਼ਨ ਸਿੰਘ ਦੁੱਗਾਂ ਤੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ ਨੇ ਕਿਹਾ ਕਿ ਇਹ 2364 ਬੇਰੁਜ਼ਗਾਰ ਉਹ ਅਧਿਆਪਕ ਹਨ ਜੋ 2020 ਤੋਂ ਲਗਾਤਾਰ ਲੜ ਰਹੇ ਹਨ।ਇਹ ਸਾਥੀ ਭਰਤੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ।ਇਨ੍ਹਾਂ ਦੀ ਸਟੇਸ਼ਨ ਚੁਆਇਸ ਵੇਲੇ ਸਿਰਫ ਐੱਸ ਸੀ ਤੇ ਬੀ ਸੀ ਸਾਥੀਆਂ ਨੂੰ ਨਾਂਹ ਮਿਲ ਜਾਂਦੀ ਹੈ।ਅਖੇ ਤੁਹਾਡੀਆਂ ਸੀਟਾਂ ਉਪਲਬਧ ਨਹੀਂ ਹਨ।ਸੂਬਾ ਮੀਤ ਪ੍ਰਧਾਨ ਪਰਵਿੰਦਰ ਭਾਰਤੀ ਤੇ ਗੁਰਪ੍ਰੀਤ ਸਿੰਘ ਗੁਰੂ ਨੇ ਕਿਹਾ ਕਿ ਜੇਕਰ ਪਿਛਲੀਆਂ ਪੰਜ ਕੁ ਭਰਤੀਆਂ ਦੀ ਨਿਯੁਕਤੀ ਵੇਲੇ ਰਿਜ਼ਰਵੇਸ਼ਨ ਪਾਲਿਸੀ ਨੂੰ ਵਾਚੀਏ ਤਾਂ ਸੰਬੰਧਿਤ ਬੇਰੁਜ਼ਗਾਰ ਅਧਿਆਪਕ ਤਾਂ ਇੱਕ ਹੀ ਜ਼ਿਲ੍ਹੇ ਵਿੱਚ ਨਿਕਲ ਰਹੇ ਬੈਕਲਾਗ ਤੇ ਭਰਤੀ ਹੋ ਜਾਣਗੇ।ਬਸ਼ਰਤੇ ਸਰਕਾਰ ਤੇ ਅਧਿਕਾਰੀਆਂ ਦੀ ਮਨਸ਼ਾ ਇਮਾਨਦਾਰੀ ਵਾਲ਼ੀ ਹੋਵੇ।ਮੌਜੂਦਾ ਹਾਲਾਤ ਇਹ ਹਨ ਕਿ ਈ ਟੀ ਟੀ ਕਾਡਰ ਦੀਆਂ ਪਹਿਲਾਂ ਦੀਆਂ ਭਰਤੀਆਂ ਦੌਰਾਨ ਸਰਕਾਰਾਂ ਤੇ ਅਧਿਕਾਰੀਆਂ ਦੀਆਂ ਧੱਕੇਸ਼ਾਹੀਆਂ ਕਾਰਨ ਰਿਜ਼ਰਵੇਸ਼ਨ ਦੀਆਂ ਧੱਜੀਆਂ ਉਡਾਈਆਂ ਗਈਆਂ।ਐੱਸ ਸੀ ਤੇ ਬੀ ਸੀ ਵਰਗ ਦੇ ਉਹ ਅਧਿਆਪਕ ਜੋ ਆਪਣੀ ਮੈਰਿਟ ਦੇ ਆਧਾਰ ਤੇ ਜਨਰਲ/ਓਪਨ ਵਰਗ ਵਿੱਚ ਸਿਲੈਕਟ ਹੋਣੇ ਬਣਦੇ ਸਨ, ਉਨ੍ਹਾਂ ਨੂੰ ਰੋਸਟਰ ਨੁਕਤਿਆਂ 'ਤੇ ਭਰਤੀ ਕਰਕੇ ਐੱਸ ਸੀ ਤੇ ਬੀ ਸੀ ਵਰਗ ਦੀਆਂ ਹਜ਼ਾਰਾਂ ਦੀ ਗਿਣਤੀ ਵਿੱਚ ਪੋਸਟਾਂ ਭਰ ਦਿੱਤੀਆਂ ਗਈਆਂ, ਜਿਸ ਦਾ ਖਮਿਆਜ਼ਾ ਅਜਿਹੇ 2364 ਵਰਗੇ ਬੇਰੁਜ਼ਗਾਰਾਂ ਨੂੰ ਭੁਗਤਣਾ ਪੈ ਰਿਹਾ ਹੈ।ਜੇਕਰ ਇਹ ਦਰੁਸਤ ਨਹੀਂ ਹੁੰਦਾ ਤਾਂ 5994 ਉਮੀਦਵਾਰਾਂ ਨੂੰ ਵੀ ਵਿਭਾਗ ਵਿੱਚ ਸੀਟਾਂ ਨਾ ਹੋਣ ਦੇ ਕਾਰਨ ਹਾਜ਼ਰ ਕਰਵਾਉਣ ਵਿੱਚ ਨਾਂਹ ਨੁੱਕਰ ਦੀ ਨੀਤੀ ਵਰਤੀ ਜਾ ਸਕਦੀ ਹੈ।

## ਗੁਰਵਿੰਦਰ ਕੌਰ ਖੁਰਾਣਾ ਸਰਬਸੰਮਤੀ ਨਾਲ ਪੰਚ ਬਣੀ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) ਬੇਟ ਇਲਾਕੇ ਦੇ ਪ੍ਰਸਿੱਧ ਪਿੰਡ ਸ਼ੇਰਪੁਰ ਬੇਟ ਵਿਖੇ ਸਰਪੰਚ ਦੀ ਚੋਣ ਲਈ ਭਾਵੇਂ ਸਰਬਸੰਮਤੀ ਨਹੀਂ ਹੋਈ, ਪਰ ਇੱਥੇ ਗੁਰਵਿੰਦਰ ਕੌਰ ਖੁਰਾਣਾ ਨੂੰ ਸਰਬਸੰਮਤੀ ਨਾਲ ਪੰਚ ਚੁਣ ਲਿਆ ਗਿਆ। ਠੇਕੇਦਾਰ ਰਾਜਵੀਰ ਸਿੰਘ ਖੁਰਾਣਾ ਦੀ ਪਤਨੀ ਗੁਰਵਿੰਦਰ ਕੌਰ ਖੁਰਾਣਾ ਸ਼ੇਰਪੁਰ ਬੇਟ ਦੇ ਵਾਰਡ ਨੰ. 6 ਤੋਂ ਬਿਨ੍ਹਾਂ ਮੁਕਾਬਲਾ ਪੰਚ ਚੁਣੇ ਗਏ। ਪੰਚ ਗੁਰਵਿੰਦਰ ਕੌਰ ਖੁਰਾਣਾ ਦੇ ਪਤੀ ਰਾਜਵੀਰ ਸਿੰਘ ਖੁਰਾਣਾ ਪਹਿਲਾਂ ਵੀ ਪਿੰਡ ਦੇ ਪੰਚ ਰਹਿ ਚੁੱਕੇ ਹਨ ਤੇ ਉਨ੍ਹਾਂ ਦੀਆਂ ਪਿੰਡ ਪ੍ਰਤੀ ਸੇਵਾਵਾਂ ਦੇਖਦਿਆਂ ਵਾਸੀਆਂ ਨੇ ਸਰਬਸੰਮਤੀ ਨਾਲ ਪਤਨੀ ਨੂੰ ਪੰਚ ਚੁਣਿਆ।

ਪੰਚਾਇਤ ਮੈਂਬਰ ਗੁਰਵਿੰਦਰ ਕੌਰ ਖੁਰਾਣਾ ਤੇ ਠੇਕੇਦਾਰ ਰਾਜਵੀਰ ਸਿੰਘ ਖੁਰਾਣਾ ਨੇ ਕਿਹਾ ਕਿ ਉਹ ਪਿੰਡ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ।

# ਅਧਿਆਪਕ ਦਿਵਸ ਮਨਾਉਂਦਿਆਂ 45 ਅਧਿਆਪਕ ਸਨਮਾਨਤ




ਮੋਗਾ (ਇਕਬਾਲ ਸਿੰਘ ਖਹਿਰਾ)

ਖੱਤਰੀ ਸਭਾ ਨੇ ਖੱਤਰੀ ਭਵਨ ਵਿੱਚ ਖੱਤਰੀ ਸਭਾ ਦੇ ਚੇਅਰਮੈਨ ਵਿਜੇ ਧੀਰ ਐਡਵੋਕੇਟ, ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਦੀ ਅਗਵਾਈ ਵਿੱਚ ਅੰਤਰਰਾਸ਼ਟਰੀ ਅਧਿਆਪਕ ਦਿਵਸ ਨੂੰ ਸਮਰਪਿਤ ਸਮਾਰੋਹ ਬੜੇ ਜੋਸ਼ੋ ਖਰੋਸ਼ ਨਾਲ ਮਨਾਇਆ।

ਸਮਾਰੋਹ ਦੇ ਮੁੱਖ ਮਹਿਮਾਨ ਮੋਗਾ ਦੇ ਸਿੱਖਿਆ ਖੇਤਰ ਦੀ ਨਾਮੀ ਸ਼ਖ਼ਸੀਅਤ ਰਹੀ ਡੀ ਐਮ ਕਾਲਜ ਆਫ ਐਜੂਕੇਸ਼ਨ ਦੇ ਸਾਬਕਾ ਪ੍ਰਿੰਸੀਪਲ ਸਵ: ਵੇਦ ਪ੍ਰਕਾਸ਼ ਅਰੋੜਾ ਦੇ ਸਪੁੱਤਰ ਵਿਕਾਸ ਅਰੋੜਾ ਅਤੇ ਪੁੱਤਰ ਵਧੂ ਸ੍ਰੀਮਤੀ ਸਿਮੀ ਸੇਠੀ ਸਨ। ਸਮਾਰੋਹ ਦੇ ਗੈਸਟ ਆਫ ਆਨਰ ਬੋਧਰਾਜ ਮਜੀਠੀਆ ਐਡਵੋਕੇਟ ਚੀਫ਼ ਪੈਟਰਨ ਖੱਤਰੀ ਮਹਾਂ ਸਭਾ ਪੰਜਾਬ, ਨਰੋਤਮ ਪੁਰੀ ਜ਼ਿਲ੍ਹਾ ਪ੍ਰਧਾਨ ਖੱਤਰੀ ਮਹਾਂ ਸਭਾ, ਵਰਿੰਦਰ ਕੌਰ ਸੋਢੀ ਪ੍ਰਿੰਸੀਪਲ ਡੀ ਐਮ ਕਾਲਜੀਏਟ ਸਕੂਲ ਅਤੇ ਸੋਨੀਆ ਕਲਸੀ ਪ੍ਰਿੰਸੀਪਲ ਡੀ ਐਨ ਮਾਡਲ ਸਕੂਲ ਤੇ ਅੰਤਰਰਾਸ਼ਟਰੀ ਬੈਡਮਿੰਟਨ ਖਿਡਾਰਣ ਨੀਤੂ ਵਿਨਾਇਕ, ਵਿਨੋਦ ਬਾਲਾ ਧੀਰ, ਨਿਸ਼ੀ ਰਕੇਸ਼ ਵਿਜ ਸਨ। ਸਮਾਗਮ ਵਿੱਚ ਮਹਿਲਾ ਖੱਤਰੀ ਸਭਾ ਦੀ ਅਗਵਾਈ ਵਰਕਿੰਗ ਪ੍ਰਧਾਨ ਸਾਬਕਾ ਪ੍ਰਿੰਸੀਪਲ ਸੁਮਨ ਮਲਹੋਤਰਾ ਅਤੇ ਯੁਵਾ ਖੱਤਰੀ ਸਭਾ ਦੀ ਅਗਵਾਈ ਚੇਅਰਮੈਨ ਜਗਜੀਵ ਧੀਰ ਅਤੇ ਵਰਕਿੰਗ ਪ੍ਰਧਾਨ ਹਰਪ੍ਰੀਤ ਸਿੰਘ ਸਹਿਗਲ ਨੇ ਕੀਤੀ। ਮੰਚ ਦਾ ਸੰਚਾਲਨ ਜਨਰਲ ਸਕੱਤਰ ਬਲਜਿੰਦਰ ਸਿੰਘ ਸਹਿਗਲ ਨੇ ਬਾਖੂਬੀ ਨਾਲ ਕੀਤਾ। ਇਸ ਮੌਕੇ ਲਗਭਗ 45 ਮਹਿਲਾ ਤੇ ਪੁਰਸ਼ ਅਧਿਆਪਕਾਂ ਨੂੰ ਉਨ੍ਹਾਂ ਦੀਆਂ ਸਿੱਖਿਆ ਖੇਤਰ ਵਿੱਚ ਬਤੌਰ ਅਧਿਆਪਕ ਨਿੱਘੀਆਂ ਸੇਵਾਵਾਂ ਦੇ ਇਵਜ ਵਿੱਚ ਉਨ੍ਹਾਂ ਨੂੰ ਫੁੱਲ ਮਾਲਾਵਾਂ ਪਹਿਨਾ ਕੇ ਅਤੇ ਅਵਾਰਡ ਆਫ ਆਨਰ ਦੇ ਮੋਮੈਂਟੋ ਦੇ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਮੁੱਖ ਮਹਿਮਾਨ ਵਿਕਾਸ ਅਰੋੜਾ ਤੇ ਸਿੰਮੀ ਸੇਠੀ ਨੇ ਸਨਮਾਨਤ ਹੋਣ ਵਾਲੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਧਿਆਪਕ ਨੂੰ ਸਾਡੇ ਸਮਾਜ ਵਿੱਚ ਗੁਰੂ ਦਾ ਉੱਚ ਦਰਜ਼ਾ ਪ੍ਰਾਪਤ ਹੈ।

ਅਧਿਆਪਕ ਦੇਸ਼ ਦੇ ਭਵਿੱਖ ਬੱਚਿਆਂ ਨੂੰ ਚੰਗੇਰੀ ਸਿੱਖਿਆ ਪ੍ਰਦਾਨ ਕਰਕੇ ਦੇਸ਼ ਦਾ ਵੱਡਮੁੱਲਾ ਸਰਮਾਇਆ ਤਿਆਰ ਕਰਦੇ ਹਨ। ਇਸ ਮੌਕੇ ਸੰਬੋਧਨ ਕਰਦਿਆਂ ਚੇਅਰਮੈਨ ਵਿਜੇ ਧੀਰ ਐਡਵੋਕੇਟ ਅਤੇ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਨੇ ਕਿਹਾ ਕਿ ਅਧਿਆਪਕ ਬੱਚਿਆਂ ਦੀ ਤਕਦੀਰ ਦਾ ਰਚੇਤਾ ਤੇ ਸਮਾਜਿਕ ਸ਼ਿਲਪਕਾਰ ਹੈ, ਜਿਹੜਾ ਦੇਸ਼ ਦਾ ਭਵਿੱਖ ਹੋਣਹਾਰ ਬੱਚਿਆਂ ਨੂੰ ਤਰਾਸ਼ਣ ਦਾ ਸਭ ਤੋਂ ਵੱਡਾ ਕੰਮ ਕਰਦਾ ਹੈ। ਮਹਿਲਾ ਖੱਤਰੀ ਸਭਾ ਵਰਕਿੰਗ ਪ੍ਰਧਾਨ ਸਾਬਕਾ ਪ੍ਰਿੰਸੀਪਲ ਸੁਮਨ ਮਲਹੋਤਰਾ ਅਤੇ ਯੁਵਾ ਖੱਤਰੀ ਸਭਾ ਦੇ ਵਰਕਿੰਗ ਪ੍ਰਧਾਨ ਹਰਪ੍ਰੀਤ ਸਿੰਘ ਸਹਿਗਲ ਨੇ ਮਹਾਂਰਾਸ਼ਟਰ ਦੇ ਸਿਤਾਰਾ ਵਿੱਚ ਦਲਿਤ ਪਰਵਾਰ ਵਿੱਚ ਪੈਦਾ ਹੋਈ ਦੇਸ਼ ਦੀ ਪਹਿਲੀ ਮਹਿਲਾ ਅਧਿਆਪਿਕਾ ਸਵਿਤਰੀ ਬਾਈ ਫੂਲੇ ਦਾ ਉਦਾਹਰਣ ਦੇ ਕੇ ਸਿੱਖਿਆ ਖੇਤਰ ਵਿੱਚ ਮਹਿਲਾ ਤੇ ਪੁਰਸ਼ ਅਧਿਆਪਕਾਂ ਦੇ ਵੱਡਮੁੱਲੇ ਯੋਗਦਾਨ ਦੀ ਸ਼ਲਾਘਾ ਕੀਤੀ।

## ਧਿਆਨ ਨਾਲ ਹੀ ਮਨੁੱਖ ਮਾਨਸਿਕ ਸ਼ਾਂਤੀ ਨੂੰ ਪ੍ਰਾਪਤ ਕਰ ਸਕਦਾ ਹੈ : ਸਵਾਮੀ ਵਿਗਿਆਨਾਨੰਦ




ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)

'ਦਿਵਯ ਜਯੋਤੀ ਜਾਗ੍ਰਤੀ ਸੰਸਥਾਨ' ਵੱਲੋਂ ਆਪਣੇ ਆਸ਼ਰਮ ਵਿੱਚ 'ਵਿਲੱਖਣ ਯੋਗ ਅਤੇ ਧਿਆਨ ਸ਼ਿਵਿਰ' ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੰਸਥਾਨ ਵੱਲੋਂ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੇ ਸ਼ਿਸ਼ ਸਵਾਮੀ ਵਿਗਿਆਨਾਨੰਦ ਨੇ ਦੱਸਿਆ ਕਿ 21ਵੀਂ ਸਦੀ ਦੇ ਵਿਗਿਆਨਕ ਅਤੇ ਪ੍ਰਗਤੀਵਾਦੀ ਯੁੱਗ ਵਿੱਚ ਮਨੁੱਖ ਦੇ ਪਾਸ ਭੌਤਿਕ ਸੁਖ ਸੁਵਿਧਾਵਾਂ ਤਾਂ ਹਨ ਪ੍ਰੰਤੂ ਮਾਨਸਿਕ ਸ਼ਾਂਤੀ ਨਾ ਹੋਣ ਕਾਰਣ ਮਨੁੱਖ ਅਸ਼ਾਂਤ ਤੇ ਚਿੰਤਾ ਤੋਂ ਗ੍ਰਸਿਤ ਹੈ।

ਧਿਆਨ ਨੂੰ ਮਾਨਸਿਕ ਸ਼ਾਂਤੀ ਦਾ ਸੋਮਾ ਦੱਸਦੇ ਹੋਏ ਸਵਾਮੀ ਨੇ ਕਿਹਾ ਕਿ ਸਾਡੀ ਭਾਰਤੀ ਸੰਸਕ੍ਰਿਤੀ ਇਸ ਗੱਲ ਨੂੰ ਸਵੀਕਾਰ ਕਰਦੀ ਹੈ ਕਿ ਧਿਆਨ ਨਾਲ ਹੀ ਮਨੁੱਖ ਮਾਨਸਿਕ ਸ਼ਾਂਤੀ ਨੂੰ ਪ੍ਰਾਪਤ ਕਰ ਸਕਦਾ ਹੈ, ਪਰ ਅੱਜ ਦੁੱਖ ਦੀ ਗੱਲ ਹੈ ਕਿ ਮਨੁੱਖ ਨੂੰ ਧਿਆਨ ਦੀ ਵਾਸਤਵਿਕ ਕਿਰਿਆ ਦਾ ਗਿਆਨ ਨਾ ਹੋਣ ਕਾਰਨ ਮਨੁੱਖ ਅੱਖਾਂ ਬੰਦ ਕਰਕੇ ਬੈਠਣ ਨੂੰ ਹੀ ਧਿਆਨ ਸਮਝ ਲੈਂਦਾ ਹੈ, ਜਦ ਕਿ ਐਸਾ ਨਹੀਂ ਹੈ।ਧਿਆਨ ਦੀ ਕਿਰਿਆ ਤਾਂ 'ਆਤਮ ਦਰਸ਼ਨ' ਦੇ ਨਾਲ ਹੀ ਸੰਪੂਰਨ ਹੁੰਦੀ ਹੈ, ਕਿਉਂਕਿ ਪ੍ਰਮਾਤਮਾ ਨੂੰ ਸਾਰੇ ਹੀ ਧਾਰਮਿਕ ਗ੍ਰੰਥਾਂ ਵਿੱਚ 'ਜੋਤ ਸਵਰੂਪ' ਦੱਸਿਆ ਗਿਆ ਹੈ।ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਅਨੁਸਾਰ 'ਘਰਿ ਮਹਿ ਘਰਿ ਦਿਖਾਇ ਦੇ ਸੋ ਸਤਿਗੁਰ ਪੁਰਖ ਸੁਜਾਣ' ਭਾਵ ਜੋ ਸਰੀਰ ਰੂਪੀ ਘਰ ਦੇ ਵਿੱਚ ਹੀ ਪ੍ਰਮਾਤਮਾ ਦੇ ਘਰ ਦਾ ਦਰਸ਼ਨ ਕਰਾ ਦੇ ਓਹੀ ਪੂਰਨ ਸਤਗੁਰੂ ਹੁੰਦਾ ਹੈ।ਭਾਵ ਜਦੋਂ ਸਾਧਕ ਆਪਣੇ ਅੰਦਰ ਹੀ ਪ੍ਰਮਾਤਮਾ ਦੇ ਪ੍ਰਕਾਸ਼ ਰੂਪ ਦੇ ਦਰਸ਼ਨ ਕਰਦਾ ਹੈ ਤਾਂ ਫਿਰ ਹੀ ਮਾਨਸਿਕ ਸ਼ਾਂਤੀ ਤੇ ਪਰਮ ਆਨੰਦ ਦੀ ਪ੍ਰਾਪਤੀ ਹੁੰਦੀ ਹੈ।ਫਿਰ ਹੀ ਪੂਰੀ ਹੁੰਦੀ ਹੈ ਧਿਆਨ ਦੀ ਸ਼ਾਸ਼ਵਤ ਪ੍ਰਕਿਰਿਆ।ਧਿਆਨ ਦੇਣ ਯੋਗ ਹੈ ਕਿ ਸੰਸਥਾਨ ਵੱਲੋਂ ਸਾਰੇ ਵਿਸ਼ਵ ਵਿੱਚ 'ਧਿਆਨ ਸ਼ਿਵਿਰਾਂ' ਦਾ ਆਯੋਜਨ ਕਰਕੇ ਸੰਪੂਰਨ ਮਾਨਵ ਜਾਤੀ ਨੂੰ ਧਿਆਨ ਦੀ ਸਨਾਤਨ ਪ੍ਰਕਿਰਿਆ ਨਾਲ ਜੋੜਿਆ ਜਾ ਰਿਹਾ ਹੈ।ਪ੍ਰੋਗਰਾਮ ਵਿੱਚ ਜਿੱਥੇ ਸਾਰੇ ਹੀ ਸਾਧਕਾਂ ਨੇ ਸਮੂਹਿਕ ਧਿਆਨ ਕਰਕੇ ਮਾਨਸਿਕ ਸ਼ਾਂਤੀ ਦੀ ਪ੍ਰਾਪਤੀ ਕੀਤੀ, ਉੱਥੇ ਨਾਲ ਹੀ ਸਾਧਵੀ ਰਮਨ ਭਾਰਤੀ ਤੇ ਕਰਮਾਲੀ ਭਾਰਤੀ ਨੇ ਰਸਮਈ ਅਤੇ ਭਾਵ ਭਰਪੂਰ ਕੀਰਤਨ ਕਰਕੇ ਸਰਬਤ ਦੇ ਭਲੇ ਦੀ ਪ੍ਰਾਰਥਨਾ ਵੀ ਕੀਤੀ।

# ਹੱਕੀ ਮੰਗਾਂ ਨੂੰ ਲੈ ਕੇ ਪੈਨਸ਼ਨਰ ਐਸੋਸੀਏਸ਼ਨ ਮੰਡਲ ਪੱਟੀ ਦੀ ਮਹੀਨਾਵਾਰੀ ਮੀਟਿੰਗ

**ਪੱਟੀ (ਸ਼ਮਸ਼ੇਰ ਸਿੰਘ ਯੋਧਾ)**

ਪੈਨਸ਼ਨਰ ਐਸੋ: ਪਾਵਰ ਕਾਰਪੋਰੇਸ਼ਨ (ਰਜਿ) ਮੰਡਲ ਪੱਟੀ ਯੂਨਿਟ ਦੀ ਮਹੀਨਾਵਾਰੀ ਮੀਟਿੰਗ ਸੀਨੀਅਰ ਮੀਤ ਪ੍ਰਧਾਨ ਗਿਆਨ ਸਿੰਘ ਅਹਿਮਦਪੁਰ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਬੀਬੀ ਰਜਨੀ ਜੀ ਵਿਖੇ ਹੋਈ। ਮੀਟਿੰਗ ਦੇ ਸ਼ੁਰੂਆਤ ਮੌਕੇ ਪਿਛਲੇ ਦਿਨੀ ਵਿਛੋੜਾ ਦੇ ਗਏ ਪੈਨਸ਼ਨਰ ਸਾਥੀ ਸਲਵਿੰਦਰ ਸਿੰਘ ਬਾਜਵਾ ਸਾਬਕਾ ਜੇਈ ਅਤੇ ਬਾਜ ਸਿੰਘ ਅਹਿਮਦਪੁਰ ਸਾਬਕਾ ਲਾਈਨਮੈਨ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੀਟਿੰਗ ਨੂੰ ਜਥੇਬੰਦੀ ਦੇ ਸੀਨੀਅਰ ਆਗੂ ਓਮ ਪ੍ਰਕਾਸ਼ ਧਵਨ ਅਤੇ ਮੰਡਲ ਪੱਟੀ ਦੇ ਵਿੱਤ ਸਕੱਤਰ ਹਰਭਜਨ ਸਿੰਘ ਪੱਟੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਈ ਫੈਮਲੀ ਪੈਨਸ਼ਨਰ ਪਹਿਲਾਂ ਹੀ ਪਰਿਵਾਰਾਂ ਨੂੰ ਵਿਛੋੜਾ ਦੇ ਚੁੱਕੇ ਹੋਣ ਕਾਰਨ ਪਰਿਵਾਰ ਵੱਡੀ ਪਰੇਸ਼ਾਨੀ ਵਿੱਚੋਂ ਗੁਜ਼ਰ ਰਹੇ ਹਨ, ਉਪਰੋਂ 75-80 ਸਾਲਾਂ ਦੀ ਉਮਰ ਵਾਲੇ ਪੈਨਸ਼ਨਰਜ਼ ਆਪਣੀ ਸੋਧੀ ਹੋਈ ਪੈਨਸ਼ਨ ਦਾ ਸਾਢੇ ਪੰਜ ਸਾਲ ਦਾ ਬਕਾਇਆਂ ਉਡੀਕਦੇ ਹੋਏ ਵਾਹਿਗੁਰੂ ਨੂੰ ਪਿਆਰੇ ਹੋ ਰਹੇ ਹਨ ਜਿਨ ਾਂ ਦੇ ਬੱਚੇ ਸਰਕਾਰ ਨੂੰ ਕੋਸ ਰਹੇ ਹਨ ਕਿ ਦਾਦੀ ਮਾਂ ਪਹਿਲਾਂ ਸਾਨੂੰ ਛੱਡ ਗਏ। ਸਰਕਾਰ ਅਤੇ ਪਾਵਰਕੌਮ ਦੀ ਮੈਨੇਜਮੈਂਟ ਹੁਣ



ਦਾਦਾ ਜੀ ਵੀ ਬਿਰਧ ਅਵਸਥਾ ਵਿੱਚ ਆਪਣੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਵਾਸਤੇ ਸੜਕਾਂ ਉਪਰ ਧਰਨੇ ਮੁਜ਼ਾਹਰੇ ਕਰਨ ਲਈ ਮਜਬੂਰ ਕਰ ਰਹੇ ਹਨ।ਰਤਨ ਸਿੰਘ ਡਾਲੇਕੇ ਜਥੇਬੰਦਕ ਸਕੱਤਰ ਸਰਕਲ ਤਰਨ ਤਾਰਨ, ਅਵਤਾਰ ਸਿੰਘ ਸਾਬਕਾ ਜੇਈ ਅਤੇ ਸ਼ਾਮ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਕਾਲੀਆਂ-ਕਾਂਗਰਸੀਆਂ ਦੀਆਂ ਨੀਤੀਆਂ ਤੋਂ ਦੁਖੀ ਹੋ ਕੇ ਬਦਲਾਅ ਲਿਆਂਦਾ ਸੀ ਪਰ ਇਹ ਉਨਾਂ ਨੂੰ ਵੀ ਮਾਤ ਪਾ ਗਏ ਹਨ।ਮੀਟਿੰਗ ਦੀ ਕਾਰਵਾਈ ਜਥੇਬੰਦੀ ਦੇ ਜਨਰਲ ਸਕੱਤਰ ਰਛਪਾਲ ਸਿੰਘ ਸਹਿਦੇਵ ਨੇ ਚਲਾਈ। ਆਗੂਆਂ ਨੇ ਮੀਟਿੰਗ ਵਿੱਚ ਪੰਜਾਬ ਸਰਕਾਰ ਅਤੇ ਪਾਵਰ ਕੌਮ ਦੀ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਮੈਂ ਨਾ ਮਾਨੂੰ ਵਾਲੀ ਨੀਤੀ ਨੂੰ ਛੱਡ ਕੇ ਮੁਲਾਜ਼ਮਾ ਪੈਨਸ਼ਨਰਾਂ ਦੀ ਪਹਿਲੀ ਜਨਵਰੀ 2016 ਤੋਂ ਸੋਧੀ ਹੋਈ ਪੈਨਸ਼ਨ ਦਾ ਸਾਢੇ ਪੰਜ ਸਾਲਾਂ ਦਾ ਬਣਦਾ ਬਕਾਇਆ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦਾ ਰਹਿੰਦਾ ਬਕਾਇਆ ਅਤੇ ਮਹਿੰਗਾਈ ਭੱਤੇ ਦੀਆਂ ਬਣਦੀਆਂ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ। ਪਹਿਲੀ ਜਨਵਰੀ 2016 ਤੋਂ ਪਹਿਲਾਂ ਸੇਵਾ ਮੁਕਤ ਹੋਏ ਪੈਨਸ਼ਨਰਾਂ ਨੂੰ 2.59 ਦਾ ਗੁਣਾਕ ਦਿੱਤਾ ਜਾਵੇ, ਕੈਸ਼ਲੈੱਸ ਮੈਡੀਕਲ ਸਕੀਮ ਮੁੜ ਚਾਲੂ ਕੀਤੀ ਜਾਵੇ, ਮੈਡੀਕਲ ਭੱਤਾ 2000 ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ।ਇਸ ਮੌਕੇ ਧਰਮ ਸਿੰਘ ਸਖੀਰਾ, ਸਵਰਨ ਸਿੰਘ ਪੱਟੀ, ਅਵਤਾਰ ਸਿੰਘ ਐੱਸਐੱਸਓ, ਗੁਰਵਰਿਆਮ ਸਿੰਘ ਉਬੋਕੇ, ਇੰਦਰ ਸਿੰਘ ਕੈਰੋਂ, ਕਸ਼ਮੀਰ ਸਿੰਘ ਕੈਰੋਂ, ਜਗਦੀਸ਼ ਸਿੰਘ ਪੱਟੀ ਆਦਿ ਆਗੂ ਹਾਜ਼ਰ ਸਨ।

# ਲੁਟੇਰੇ ਦਿਨ-ਦਿਹਾੜੇ 7 ਮੋਬਾਇਲ ਫੋਨ ਤੇ ਚਾਂਦੀ ਦੀ ਚੇਨ ਖੋਹ ਕੇ ਫਰਾਰ

**ਦੀਨਾਨਗਰ, (ਸੰਜੀਵ)** -ਦਿਨ ਦਿਹਾੜੇ ਇੱਕ ਨੌਜਵਾਨ ਕੋਲੋਂ ਮੋਟਰਸਾਈਕਲ ਸਵਾਰ ਤਿੰਨ ਲੁਟੇਰਿਆਂ ਵੱਲੋਂ 7 ਮੋਬਾਇਲ ਫੋਨ, ਇੱਕ ਚਾਂਦੀ ਦੀ ਚੇਨ ਖੋਹ ਕੇ ਫ਼ਰਾਰ ਹੋਣ ਦੀ ਖਬਰ ਪ੍ਰਾਪਤ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀੜਤ ਨੌਜਵਾਨ ਰਿਮਾਂਸ਼ੂ ਸ਼ਰਮਾ ਵਾਸੀ ਪਿੰਡ ਮਰਾੜਾ ਨੇ ਦੱਸਿਆ ਕਿ ਉਸ ਦੀ ਪਿੰਡ ਮਰਾੜੇ ਵਿੱਚ ਮੋਬਾਇਲ ਰਿਪੇਅਰ ਦੀ ਦੁਕਾਨ ਹੈ।ਦੁਪਹਿਰ 1 ਵਜੇ ਦੇ ਕਰੀਬ ਪੀੜਤ ਨੌਜਵਾਨ ਆਪਣੇ ਮੋਟਰਸਾਈਕਲ ਤੇ ਸਵਾਰ ਹੋ ਕੇ ਮਰਾੜੇ ਤੋਂ ਦੀਨਾਨਗਰ ਮੋਬਾਇਲ ਫੋਨ ਰਿਪੇਅਰ ਕਰਵਾਉਣ ਲਈ ਆ ਰਿਹਾ ਸੀ। ਜਦੋਂ ਉਹ ਝੱਖੜਪਿੰਡੀ ਦੇ ਨਜ਼ਦੀਕ ਗੁੰਮਪੁਲੀ ਕੋਲ ਪਹੁੰਚਿਆ ਤਾਂ ਦੀਨਾਨਗਰ ਸਾਈਡ ਤੋਂ ਰਜਬਾਹੇ ਦੇ ਨਾਲ ਆਉਂਦੀ ਸੜਕ ਰਾਹੀਂ ਸਪਲੈਂਡਰ ਮੋਟਰਸਾਈਕਲ 'ਤੇ ਸਵਾਰ ਤਿੰਨ ਨੌਜਵਾਨ ਆਏ ਅਤੇ ਉਨ ਾਂ ਉਕਤ ਨੌਜਵਾਨ ਨੂੰ ਰੋਕ ਕੇ ਉਸ ਨਾਲ ਹੱਥੋ-ਪਾਈ ਕੀਤੀ ਅਤੇ ਉਸ ਦੇ ਗਲ ਵਿੱਚ ਪਾਈ ਚਾਂਦੀ ਦੀ ਚੇਨ, ਉਸ ਦੀ ਪਿੱਠ ਤੇ ਪਾਈ ਕਿੱਟ ਜਿਸ ਵਿੱਚ ਰਿਪੇਅਰ ਹੋਣ ਵਾਲੇ 6 ਮੋਬਾਇਲ ਫੋਨ ਅਤੇ ਉਸ ਦੀ ਜੇਬ ਵਿੱਚ ਪਿਆ ਉਸਦਾ ਆਪਣਾ ਮੋਬਾਇਲ ਫੋਨ ਖੋਹ ਕੇ ਪਿੰਡ ਅਵਾਂਖਾ ਵੱਲ ਨੂੰ ਫਰਾਰ ਹੋ ਗਏ। ਜਦੋਂ ਪੀੜਤ ਨੌਜਵਾਨ ਉਨ ਾਂ ਦੇ ਮਗਰ ਗਿਆ ਤਾਂ ਅਵਾਂਖਾ ਡੀਏਵੀ ਸਕੂਲ ਦੇ ਨਜ਼ਦੀਕ ਉਸ ਦੀ ਖਾਲੀ ਕਿੱਟ ਮਿਲੀ।ਪੀੜਤ ਨੌਜਵਾਨ ਨੇ ਆਪਣੇ ਨਾਲ ਹੋਈ ਇਸ ਲੁੱਟ ਬਾਰੇ ਦੀਨਾਨਗਰ ਪੁਲਸ ਨੂੰ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ।

# ਦਸ ਰੋਜ਼ਾ ਸਾਂਝਾ ਸਿਖਲਾਈ ਐੱਨਸੀਸੀ ਕੈਂਪ 'ਚ ਝਬਾਲ ਸਕੂਲ ਦੇ ਬੱਚਿਆਂ ਨੇ ਲਿਆ ਹਿੱਸਾ



**ਝਬਾਲ (ਹਰਜਿੰਦਰ ਸਿੰਘ ਸੋਨੀ)**

ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਦੇ ਐੱਨਸੀਸੀ ਕੈਡਿਟਾਂ ਨੇ ਗਿਆਰ ਵੀਂ ਪੰਜਾਬ ਬਟਾਲੀਅਨ ਐੱਨਸੀਸੀ ਅੰਮ੍ਰਿਤਸਰ ਵੱਲੋਂ 24 ਸਤੰਬਰ ਤੋਂ 3 ਅਕਤੂਬਰ 2024 ਤੱਕ ਲਗਾਏ ਗਏ 10 ਰੋਜ਼ਾ ਸਾਂਝਾ ਸਿਖਲਾਈ ਕੈਂਪ ਵਿੱਚ ਹਿੱਸਾ ਲਿਆ। ਇਹ ਕੈਂਪ ਸਰਕਾਰੀ ਆਈਟੀਆਈ ਸੰਸਥਾ, ਰਾਮ ਤੀਰਥ ਰੋਡ, ਅੰਮ੍ਰਿਤਸਰ ਵਿਖੇ ਕਮਾਂਡਿੰਗ ਅਫ਼ਸਰ ਬਰਿੰਦਰ ਕੁਮਾਰ ਦੀ ਅਗਵਾਈ ਹੇਠ ਲਗਾਇਆ ਗਿਆ ਸੀ ਜਿਸ ਵਿੱਚ ਤਰਨ ਤਾਰਨ ਅਤੇ ਅੰਮ੍ਰਿਤਸਰ ਜ਼ਿਲ ੇ ਦੇ ਵੱਖ-ਵੱਖ ਸਕੂਲਾਂ ਦੇ 370 ਕੈਡਿਟਾਂ ਨੇ ਹਿੱਸਾ ਲਿਆ। ਇਸ ਕੈਂਪ ਵਿੱਚ ਕੈਡਿਟਾਂ ਨੂੰ ਫਾਈਰਿੰਗ, ਮੈਪ ਰੀਡਿੰਗ, ਸਮਾਜਿਕ ਮੁੱਦਿਆਂ ਬਾਰੇ ਜਾਗਰੂਕ ਕੀਤਾ ਗਿਆ। ਬੱਚਿਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਵਾਲੀਬਾਲ, ਬਾਸਕਿਟਬਾਲ, ਖੋ-ਖੋ ਆਦਿ ਖੇਡਾਂ ਦੇ ਮੁਕਾਬਲੇ ਅਤੇ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਏ ਗਏ। ਝਬਾਲ ਸਕੂਲ ਦੀ ਕੈਡਿਟ ਮੁਸਕਾਨਦੀਪ ਕੌਰ ਨੇ ਫਾਇਰਿੰਗ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ ਅਤੇ ਖੋ-ਖੋ ਖੇਡ ਵਿੱਚੋਂ ਸੀਰਤਦੀਪ ਕੌਰ, ਅਨੁਰੀਤ ਕੌਰ, ਅਰਮਾਨਦੀਪ ਕੌਰ, ਕੋਮਲਦੀਪ ਕੌਰ ਅਤੇ ਮੁਸਕਾਨਦੀਪ ਕੌਰ ਨੇ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਦਾ ਨਾਮ ਰੌਸ਼ਨ ਕਰਦਿਆਂ ਮੈਡਲ ਪ੍ਰਾਪਤ ਕੀਤੇ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਸਕੂਲ ਦੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਇਸ ਕੈਂਪ ਵਿੱਚ ਭਾਗ ਲੈਣ ਵਾਲੇ ਕੈਡਿਟਾਂ, ਏਐੱਨਓ. ਬਲਜਿੰਦਰ ਸਿੰਘ ਅਤੇ ਮੈਡਮ ਕਰਮਜੀਤ ਕੌਰ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਅੱਗੇ ਤੋਂ ਹੋਰ ਮਿਹਨਤ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ।

# ਹਲਕਾਏ ਕੁੱਤੇ ਨੇ ਸ਼ਹਿਰ 'ਚ ਪੰਦਰਾਂ ਤੋਂ ਵੱਧ ਲੋਕਾਂ ਨੂੰ ਵੱਢਿਆ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ ਸ਼ਹਿਰ ਅਤੇ ਆਸ ਪਾਸ ਦੇ ਇਲਾਕੇ ਅੰਦਰ ਵੱਧ ਰਹੀ ਆਵਾਰਾ ਕੁੱਤਿਆਂ ਦੀ ਸੰਖਿਆ ਲੋਕਾਂ ਲਈ ਦਹਿਸ਼ਤ ਦਾ ਕਾਰਨ ਬਣ ਰਹੀ ਹੈ। ਸੋਮਵਾਰ ਦੀ ਸ਼ਾਮ ਘਰੋਂ ਬਾਜ਼ਾਰ ਵਿੱਚ ਖਰੀਦਦਾਰੀ ਲਈ ਨਿਕਲੇ ਲੋਕਾਂ ਨੂੰ ਇੱਕ ਹਲਕਾਏ ਆਵਾਰਾ ਕੁੱਤੇ ਨੇ ਕੱਟਣਾ ਸ਼ੁਰੂ ਕਰ ਦਿੱਤਾ ਜਿਸ ਤੋਂ ਬਾਅਦ ਇਹ ਸਿਲਸਿਲਾ ਕਈ ਮੁਹੱਲਿਆਂ ਦੇ ਵਿੱਚ ਜਾਰੀ ਰਿਹਾ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਦਾਸਪੁਰ ਸ਼ਹਿਰ ਦੀ ਗੀਤਾ ਭਵਨ ਰੋਡ, ਬੇਰੀਆਂ ਮੁਹੱਲਾ, ਨਾਥ ਚਾਰਟ ਹਾਊਸ ਵਾਲੀ ਗਲੀ ਅਤੇ ਹੋਰ ਇਲਾਕਿਆਂ ਦੇ ਵਿੱਚ ਇੱਕ ਆਵਾਰਾ ਕੁੱਤੇ ਵੱਲੋਂ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਣਾ ਸ਼ੁਰੂ ਕਰ ਦਿੱਤਾ ਗਿਆ। ਲੋਕਾਂ ਦੇ ਮੁਤਾਬਿਕ ਕੁੱਤੇ ਦੇ ਮੂੰਹ ਦੇ ਵਿੱਚੋਂ ਖੂਨ ਨਿਕਲ ਰਿਹਾ ਸੀ ਜਦਕਿ ਉਹ ਜਿੱਥੋਂ ਵੀ ਲੰਘ ਰਿਹਾ ਸੀ ਉੱਥੇ ਹੀ ਲੋਕਾਂ ਨੂੰ ਦੰਦ ਲਾਉਂਦਾ ਜਾ ਰਿਹਾ ਸੀ ਜਿਸ ਤੋਂ ਬਾਅਦ ਇਸ ਬਾਰੇ ਲੋਕਾਂ ਨੇ ਨਗਰ ਕੌਂਸਲ ਗੁਰਦਾਸਪੁਰ ਨੂੰ ਵੀ ਸੂਚਿਤ ਕੀਤਾ ਪ੍ਰੰਤੂ ਉਸ ਦਾ ਕੋਈ ਵੀ ਫਾਇਦਾ ਨਹੀਂ ਹੋਇਆ। ਇਸ ਤੋਂ ਬਾਅਦ ਸ਼ਹਿਰ ਦੇ ਲੋਕਾਂ ਨੇ ਆਪ ਹੀ ਇਸ ਆਵਾਰਾ ਕੁੱਤੇ ਨੂੰ ਗੁਰਦਾਸਪੁਰ ਦੇ ਬਾਟਾ ਚੌਕ ਵਿਚ ਫੜ ਕੇ ਸੁੱਖ ਦਾ ਸਾਹ ਲਿਆ। ਲੋਕਾਂ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਆਵਾਰਾ ਕੁੱਤਿਆਂ ਦੀ ਦਹਿਸ਼ਤ ਦਿਨੋਂ-ਦਿਨ ਵਧਦੀ ਜਾ ਰਹੀ ਹੈ ਜਦਕਿ ਪ੍ਰਸ਼ਾਸਨ ਵਲੋਂ ਇਨ ਾਂ ਦੀ ਵਧਦੀ ਸੰਖਿਆ ਨੂੰ ਰੋਕਣ ਲਈ ਕੋਈ ਵੀ ਉਪਰਾਲਾ ਨਹੀਂ ਕੀਤਾ ਜਾ ਰਿਹਾ।

# ਉਪ ਜੇਤੂ ਮਨਰੀਤ ਕੌਰ ਨੇ ਸਕੂਲ ਦਾ ਨਾਂਅ ਰੁਸ਼ਨਾਇਆ



**ਬਟਾਲਾ (ਤਰਲੋਕ ਬੱਗਾ)**-ਆਰ. ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੀ ਪੰਜਵੀਂ ਜਮਾਤ ਦੀ ਵਿਦਿਆਰਥਣ ਮਨਰੀਤ ਕੌਰ ਨੇ ਟੀ. ਵੀ. ਸ਼ੋਅ 'ਕਿਸ ਮੇਂ ਕਿਤਨਾ ਹੈ ਦਮ' ਦੇ ਗ੍ਰੈਂਡ ਫਿਨਾਲੇ 'ਚ ਸੈਕਿੰਡ ਰਨਰਅੱਪ ਬਣ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ।ਪ੍ਰਤਿਭਾ ਦਾ ਮਹਾਸੰਗਰਾਮ ਟੀ. ਵੀ 'ਤੇ ਮਨਰੀਤ ਕੌਰ ਨੇ ਸ਼ੋਅ 'ਕਿਸ ਮੇਂ ਕਿਤਨਾ ਹੈ ਦਮ' ਦੇ ਗ੍ਰੈਂਡ ਫਿਨਾਲੇ 'ਚ ਯੋਗਾ ਦੀ ਸ਼ਾਨਦਾਰ ਪੇਸ਼ਕਾਰੀ ਦੇ ਕੇ ਇਹ ਸਫਲਤਾ ਹਾਸਲ ਕੀਤੀ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰ. ਡਾ: ਬਿੰਦੂ ਭੱਲਾ ਨੇ ਹੋਣਹਾਰ ਵਿਦਿਆਰਥਣ ਅਤੇ ਉਸ ਦੇ ਮਾਤਾ-ਪਿਤਾ ਨੂੰ ਹਾਰਦਿਕ ਵਧਾਈ ਅਤੇ ਸ਼ੁੱਭ ਕਾਮਨਾਵਾਂ ਦਿੱਤੀਆਂ ਅਤੇ ਉਸ ਦੇ ਉਜਵਲ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਪੜ ਾਈ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਹੋਰ ਗਤੀਵਿਧੀਆ ਵਿੱਚ ਵੀ ਭਾਗ ਲੈਣਾ ਚਾਹੀਦਾ ਹੈ। ਇਸ ਨਾਲ ਉਨ ਾਂ ਦਾ ਆਤਮ-ਵਿਸ਼ਵਾਸ ਵਧੇਗਾ ਅਤੇ ਉਨ ਾਂ ਦੀ ਸ਼ਖ਼ਸੀਅਤ ਦਾ ਸਰਬਪੱਖੀ ਵਿਕਾਸ ਹੋਵੇਗਾ।

## ਹਰਿਆਣਾ 'ਚ ਭਾਜਪਾ ਦੀ ਜਿੱਤ 'ਤੇ ਬਟਾਲਾ 'ਚ ਜਸ਼ਨ ਮਨਾਏ

**ਬਟਾਲਾ, (ਤਰਲੋਕ ਬੱਗਾ)**-ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਵਲੋਂ ਇਤਿਹਾਸਕ ਜਿੱਤ ਦਰਜ ਕਰਨ ਦੇ ਭਾਜਪਾ ਦੇ ਜਿਲ੍ਹਾ ਪ੍ਰਧਾਨ ਹੀਰਾ ਵਾਲੀਆ ਅਤੇ ਹੋਰ ਭਾਜਪਾ ਆਗੂਆਂ ਵਲੋਂ ਲੱਡੂ ਵੰਡ ਕੇ ਅਤੇ ਆਤਿਸਬਾਜ਼ੀ ਕਰਕੇ ਜਿੱਤ ਦਾ ਜਸ਼ਨ ਮਨਾਇਆ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਹੀਰਾ ਵਾਲੀਆ ਨੇ ਕਿਹਾ ਕਿ ਇਹ ਜਿੱਤ ਪ੍ਰਧਾਨ ਮੰਤਰੀ ਸ਼੍ਰੀ



ਨਰਿੰਦਰ ਮੋਦੀ ਦੀ ਜਿੱਤ ਹੈ ਜਿੰਨਾਂ ਦੇ ਯਤਨਾਂ ਸਦਕਾ ਭਾਜਪਾ ਨੇ ਲਗਾਤਾਰ ਹਰਿਆਣਾ ਵਿੱਚ ਤੀਸਰੀ ਵਾਰ ਜਿੱਤ ਹਾਸਲ ਕਰਕੇ ਨਵਾਂ ਇਤਿਹਾਸ ਰਚ ਦਿੱਤਾ ਹੈ। ਹੀਰਾ ਵਾਲੀਆ ਨੇ ਹਰਿਆਣਾ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਜਪਾ ਦੀ ਜਿੱਤ ਵਿੱਚ ਹਰਿਆਣਾ ਦੇ ਆਮ ਲੋਕਾਂ ਦੀ ਅਹਿਮ ਭੂਮਿਕਾ ਰਹੀ ਹੈ ਜਿਨ ਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਭਾਜਪਾ ਹਰਿਆਣਾ ਅੰਦਰ ਲਗਾਤਾਰ ਵਿਕਾਸ ਦੀਆਂ ਵੱਡੀਆਂ ਲੀਹਾਂ ਨੂੰ ਛੂਹ ਰਿਹਾ ਹੈ ਹੀਰਾ ਵਾਲੀਆ ਨੇ ਅੱਗੇ ਕਿਹਾ ਕਿ ਹਰਿਆਣਾ ਤੋਂ ਇਲਾਵਾ ਸ਼੍ਰੀਨਗਰ ਵਿੱਚ ਵੀ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦਾ ਜਿੱਥੇ ਵੋਟ ਅਧਾਰ ਹੋਰ ਵਧਿਆ ਹੈ ਉੱਥੇ ਨਾਲ ਹੀ ਵੱਡੀ ਗਿਣਤੀ ਵਿੱਚ ਭਾਜਪਾ ਦੇ ਵਿਧਾਇਕ ਬਣੇ ਹਨ।ਉਨਾਂ ਕਿਹਾ ਕਿ ਹਰਿਆਣਾ ਦੀ ਜਿੱਤ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਕਾਂਗਰਸ ਦਾ ਹੁਣ ਹਰਿਆਣਾ ਵਿੱਚੋਂ ਵੀ ਪੂਰੀ ਤਰਾਂ ਸਫਾਇਆ ਹੋ ਚੁੱਕਾ ਹੈ।ਇਸ ਮੌਕੇ ਜ਼ਿਲਾ ਭਾਜਪਾ ਦੇ ਸੀਨੀਅਰ ਲੀਡਰ ਮੰਡਲ ਪ੍ਰਧਾਨ ਅਤੇ ਮੋਰਚਿਆਂ ਦੇ ਪ੍ਰਧਾਨ ਵੀ ਹਾਜ਼ਰ ਸਨ।

# ਆਂਗਨਵਾੜੀ ਮੁਲਾਜ਼ਮਾਂ ਵੱਲੋਂ ਚੋਣਾਂ 'ਚ ਲਗਾਈਆਂ ਡਿਊਟੀਆਂ ਤੁਰੰਤ ਕਟਵਾਉਣ ਦੀ ਮੰਗ

**ਮਜੀਠਾ (ਸੋਇਮ ਆਨੰਦ)**

ਆਂਗਣਵਾੜੀ ਮੁਲਾਜ਼ਮ ਵਰਕਰਜ ਐਂਡ ਹੈਲਪਰ (ਸੀਟੂ) ਪੰਜਾਬ ਵਲੋਂ ਆਂਗਣਵਾੜੀ ਵਰਕਰਾਂ ਦੀਆਂ ਪੰਚਾਇਤੀ ਚੋਣਾਂ 'ਚੋਂ ਡਿਊਟੀਆਂ ਕਟਾਉਣ ਲਈ ਜ਼ਿਲਾ ਪ੍ਰਧਾਨ ਗੁਰਮਿੰਦਰ ਕੌਰ ਹਰੀਆਂ ਦੀ ਅਗਵਾਈ ਵਿੱਚ ਆਗੂਆਂ ਦੀ ਇਕੱਤਰਤਾ ਮਜੀਠਾ ਵਿਖੇ ਕੀਤੀ ਗਈ, ਜਿਸ ਵਿੱਚ ਸੀਟੂ ਆਗੂ ਸੁੱਚਾ ਸਿੰਘ ਅਜਨਾਲਾ ਤੇ ਡਾ. ਚਰਨਜੀਤ ਮਜੀਠਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਜ਼ਿਲਾ ਪ੍ਰਧਾਨ ਗੁਰਮਿੰਦਰ ਕੌਰ ਹਰੀਆਂ ਨੇ



ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਵਲੋਂ ਆਂਗਣਵਾੜੀ ਮੁਲਾਜ਼ਮਾਂ ਦੀਆਂ ਚੋਣਾਂ ਵਿੱਚ ਡਿਊਟੀਆਂ ਨਾ ਲਗਾਉਣ ਲਈ ਪੱਤਰ ਜਾਰੀ ਕੀਤਾ ਹੋਇਆ ਹੈ, ਜਿਸ 'ਤੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਵਿਸ਼ੇਸ਼ ਸਕੱਤਰ ਪੰਜਾਬ ਸਰਕਾਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਵਿਭਾਗ ਚੰਡੀਗੜ ਵੱਲੋਂ ਵੀ ਸੂਬੇ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕਰਨ ਦੇ ਬਾਵਜੂਦ ਜ਼ਿਲਾ ਪ੍ਰਸ਼ਾਸਨ ਵੱਲੋਂ ਆਂਗਣਵਾੜੀ ਮੁਲਾਜ਼ਮਾਂ ਦੀਆਂ ਡਿਊਟੀਆਂ ਪੰਚਾਇਤੀ ਚੋਣਾਂ 'ਚ ਲਗਾ ਦਿੱਤੀਆਂ ਗਈਆਂ ਹਨ।ਉਨ ਾਂ ਦੱਸਿਆ ਕਿ ਪਿਛਲੀਆਂ ਲੋਕ ਸਭਾ ਦੀਆਂ ਹੋਈਆਂ ਚੋਣਾਂ ਵਿੱਚ ਵੀ ਆਂਗਣਵਾੜੀ ਵਰਕਰਾਂ ਦੀਆਂ ਡਿਊਟੀਆ ਲਗਾਈਆਂ ਗਈਆ ਸਨ ਜਿਨ ਾਂ ਦਾ ਮਾਣ-ਭੱਤਾ ਅਜੇ ਤੱਕ ਵਰਕਰਾਂ ਨੂੰ ਨਹੀਂ ਦਿੱਤਾ ਗਿਆ।ਉਨ ਾਂ ਦੱਸਿਆ ਕਿ ਇਸ ਸਬੰਧੀ ਆਂਗਣਵਾੜੀ ਮੁਲਾਜਮਾਂ ਦੀਆਂ ਡਿਊਟੀਆਂ ਨਾ ਲਾਉਣ ਲਈ ਡਿਪਟੀ ਕਮਿਸ਼ਨਰ ਅਮ੍ਰਿਤਸਰ ਨੂੰ ਵਿਸ਼ੇਸ਼ ਸਕੱਤਰ ਪੰਜਾਬ ਸਰਕਾਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਵਿਭਾਗ ਚੰਡੀਗੜ ਵੱਲੋਂ ਜਾਰੀ ਕੀਤੇ ਗਏ ਪੱਤਰ ਸਮੇਤ ਮੰਗ ਪੱਤਰ ਵੀ ਦਿੱਤਾ ਗਿਆ ਹੈ।ਉਨ ਾਂ ਦੱਸਿਆ ਕਿ ਪੰਜਾਬ ਵਿੱਚ ਕਿਸੇ ਵੀ ਹੋਰ ਜ਼ਿਲੇ ਵਿੱਚ ਆਂਗਣਵਾੜੀ ਮੁਲਾਜ਼ਮਾਂ ਦੀਆਂ ਡਿਊਟੀਆਂ ਚੋਣਾਂ ਵਿੱਚ ਨਹੀਂ ਲੱਗੀਆਂ।ਉਨ ਾਂ ਡਿਪਟੀ ਕਮਿਸ਼ਨਰ ਤੋਂ ਮੰਗ ਕੀਤੀ ਕਿ ਉਨ ਾਂ ਦੀਆਂ ਲਗਾਈਆਂ ਗਈਆਂ ਡਿਊਟੀਆਂ ਫੌਰਨ ਕੱਟੀਆਂ ਜਾਣ।ਇਸ ਮੌਕੇ ਗੁਰਮਿੰਦਰ ਕੌਰ ਹਰੀਆਂ ਨਾਲ ਚਰਨਜੀਤ ਡੱਡੀਆਂ, ਅਮਨ ਮਜੀਠਾ, ਮਮਤਾ ਥੀਏਵਾਲ, ਹਰਬਿੰਦਰ ਕੌਰ ਤਲਵੰਡੀ, ਪਰਮਜੀਤ ਕੌਰ ਕਲੇਰ, ਅਨੂਪ ਕੌਰ ਮਜੀਠਾ, ਸਤਿੰਦਰ ਕੌਰ ਤੋਂ ਸੁਖਵਿੰਦਰ ਕੌਰ ਵੇਗੋਵਾਲ, ਪ੍ਰੀਤੀ ਹਰੀਆਂ, ਗੁਰਜੀਤ ਕੌਰ ਕੱਥੂਨੰਗਲ, ਸੁਖਜੀਤ ਕੌਰ ਕਲੇਰ, ਹਰਜੀਤ ਕੌਰ ਮਜੀਠਾ, ਪਰਦੀਪ ਕੌਰ ਨਾਗ ਖੁਰਦ, ਰਾਜਵਿੰਦਰ ਕੌਰ ਨਾਗ ਖੁਰਦ, ਮਨਿੰਦਰ ਕੌਰ ਨਾਗ ਸਮੇਤ ਹੋਰ ਆਗੂ ਵਰਕਰਾਂ ਹਾਜ਼ਰ ਸਨ।

# ਪੰਚਾਇਤੀ ਚੋਣਾਂ ਦੌਰਾਨ ਕਿਸੇ ਵੀ ਕਿਸਮ ਦਾ ਧੱਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਯਸ਼ਪਾਲ ਕੁੰਡਲ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**

ਪੰਚਾਇਤੀ ਚੋਣਾਂ ਦੌਰਾਨ ਵਿਧਾਨ ਸਭਾ ਹਲਕਾ ਦੀਨਾਨਗਰ ਵਿੱਚ ਪਾਰਟੀ ਵਰਕਰਾਂ ਨਾਲ ਕਿਸੇ ਵੀ ਕਿਸਮ ਦਾ ਧੱਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਨ ਾਂ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਦੇ ਜ਼ਿਲ ਾ ਜਰਨਲ ਸਕੱਤਰ ਯਸ਼ਪਾਲ ਕੁੰਡਲ ਨੇ ਕੀਤਾ। ਉਨ ਾਂ ਕਿਹਾ ਕਿ ਪਿਛਲੇ ਦਿਨੀਂ ਬਲਾਕ ਵਿਕਾਸ ਅਤੇ ਪੰਚਾਇਤੀ ਅਫਸਰ ਦੀਨਾਨਗਰ ਅਤੇ ਦੁਰਾਂਗਲਾ ਵੱਲੋਂ ਚੋਣਾਂ ਸਬੰਧੀ ਲੋਕਾਂ ਦੀ ਭਾਰੀ ਖੱਜਲ ਖੁਆਰੀ ਮੌਜੂਦਾ ਸਰਕਾਰ ਦੀ ਸ਼ਹਿ ਤੇ ਕੀਤੀ ਗਈ ਸੀ, ਜੋ ਬਰਦਾਸ਼ਤ ਕਰਨਯੋਗ ਨਹੀਂ ਹੈ।ਉਨ ਾਂ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਵੇਲੇ ਐੱਮਐੱਲਏ ਵੱਲੋਂ ਆਪਣੇ ਸਮੇਂ ਦੌਰਾਨ ਵੀ ਬਹੁਤ ਵੱਡੀ ਗਿਣਤੀ ਵਿੱਚ ਚੋਣਾਂ ਦੇ ਕਾਗਜ਼ ਰੱਦ ਕਰਾ ਕੇ ਆਪਣੇ ਸਰਪੰਚ ਬਣਾਏ ਗਏ ਸਨ, ਜੋ ਅੱਜ ਸਰਕਾਰ ਨੂੰ ਕੋਸ ਰਹੇ ਹਨ।ਕੁੰਡਲ ਨੇ ਐੱਸਡੀਐੱਮ ਦੀਨਾਨਗਰ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਬੇਨਤੀ ਕਰਦਿਆਂ ਕਿਹਾ ਕਿ ਪੰਚਾਇਤੀ ਚੋਣਾਂ ਚੰਗੇ ਢੰਗ ਨਾਲ ਕਰਵਾਈਆਂ ਜਾਣ ਤਾਂ ਜੋ ਹਰ ਇੱਕ ਵਰਗ ਨੂੰ ਲੋਕਤੰਤਰ ਦਾ ਲਾਭ ਮਿਲ ਸਕੇ।ਉਨ ਾਂ ਆਮ ਪਬਲਿਕ ਨੂੰ ਅਪੀਲ ਕਰਦਿਆਂ ਕਿਹਾ ਕਿ ਲਾਅ ਐਂਡ ਆਰਡਰ ਨੂੰ ਕਾਇਮ ਰੱਖਦੇ ਪ੍ਰਸ਼ਾਸਨ ਨੂੰ ਸਹਿਯੋਗ ਦੇਣ ਤਾਂ ਜੋ ਕੋਈ ਵੀ ਅਣਸੁਖਾਵੀਂ ਘਟਨਾ ਹੋਣ ਤੋਂ ਬਚਿਆ ਜਾ ਸਕੇ ।

# ਪ੍ਰਮੋਸ਼ਨ ਸਮੇਂ ਖਤਮ ਕੀਤੀਆਂ ਹਜ਼ਾਰਾਂ ਲੈਕਚਰਾਰਾਂ ਦੀਆਂ ਅਸਾਮੀਆਂ ਬਹਾਲ ਕਰਨ ਦੀ ਮੰਗ

**ਝਬਾਲ (ਹਰਜਿੰਦਰ ਸਿੰਘ ਸੋਨੀ)**

ਸਿੱਖਿਆਂ ਵਿਭਾਗ ਪੰਜਾਬ ਸਰਕਾਰ ਵੱਲੋਂ ਪਿਛਲੇਂ ਦਿਨੀਂ ਮਾਸਟਰ ਕੇਡਰ ਤੋਂ ਵੱਖ-ਵੱਖ ਵਿਸ਼ਿਆਂ ਦੇ ਲੈਕਚਰਾਰ ਕੇਡਰ ਦੀਆਂ ਪਦਉਨਤੀਆਂ ਕੀਤੀਆਂ ਗਈਆਂ ਹਨ ਜਿਸ ਵਿੱਚ ਲਗਭਗ 2500 ਦੇ ਕਰੀਬ ਲੈਕਚਰਾਰ ਵਜੋਂ ਪ੍ਰਮੋਟ ਹੋ ਗਏ ਹਨ।ਇਸ ਸਬੰਧੀ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਜਰਨਲ ਸਕੱਤਰ ਗੁਰਪ੍ਰੀਤ ਸਿੰਘ ਮਾੜੀਮੇਘਾ, ਤਰਨ ਤਾਰਨ ਜ਼ਿਲ ਾ ਪ੍ਰਧਾਨ, ਬਲਜੀਤ ਟੌਮ, ਜ਼ਿਲ ਾ ਜਨਰਲ, ਸਕੱਤਰ ਨਰਿੰਦਰ ਕੁਮਾਰ ਨੂਰ, ਕਾਰਜ ਸਿੰਘ ਕੈਰੋਂ,



ਅੰਮ੍ਰਿਤਪਾਲ ਸਿੰਘ, ਰਵੀ ਕੁਮਾਰ ਅਲੀਪੁਰ, ਮਨਦੀਪ ਸਿੰਘ, ਗੁਲਬਾਗ ਸਿੰਘ ਮੂਸੇ, ਦਿਲਬਾਗ ਸਿੰਘ, ਹਰਜੀਤ ਸਿੰਘ ਕਸੇਲ, ਰਣਬੀਰ ਸਿੰਘ, ਦਿਲਬਾਗ ਸਿੰਘ ਆਗੂਆਂ ਵੱਲੋਂ ਕਿਹਾ ਗਿਆ ਕਿ ਇਹ ਸਿੱਖਿਆਂ ਵਿਭਾਗ ਪੰਜਾਬ ਸਰਕਾਰ ਦਾ ਪ੍ਰਮੋਸ਼ਨਾਂ ਕਰਨ ਦਾ ਇੱਕ ਵਧੀਆ ਕਦਮ ਹੈ ਪਰ ਬੜੇ ਹੀ ਦੁੱਖ ਅਤੇ ਚਿੰਤਾਦਾਇਕ ਗੱਲ ਇਹ ਹੈ ਕਿ ਸਿੱਖਿਆ ਵਿਭਾਗ ਵੱਲੋਂ ਸਟੇਸ਼ਨਾਂ ਦੀ ਚੋਣ ਸਮੇਂ ਬਹੁਤ ਸਾਰੇ ਸੀਨੀਅਰ ਸੈਕੰਡਰੀ ਸਕੂਲਾਂ ਖਾਸ ਕਰਕੇ ਪਿੰਡਾਂ ਦੇ ਸਕੂਲਾਂ ਦੀਆਂ ਲੈਕਚਰਰ ਦੀਆਂ ਅਸਾਮੀਆਂ ਤੇ ਸਟੇਸ਼ਨ ਚੋਣ ਨਹੀਂ ਕਰਵਾਈ।ਕੁਝ ਵੱਧ ਗਿਣਤੀ ਵਾਲੇ ਸਕੂਲਾਂ ਤੇ ਸਕੂਲ ਆਫ ਐਮੀਨੈਂਸ ਸਕੂਲਾਂ ਵਿੱਚ ਹੀ ਜ਼ਿਆਦਾਤਰ ਪੋਸਟਾਂ ਭਰੀਆਂ ਗਈਆਂ ਹਨ ਜਿਸ ਨਾਲ ਪੇਂਡੂ ਖੇਤਰ ਦੇ ਸਰਕਾਰੀ ਸਕੂਲਾਂ ਵਿੱਚ ਪੜ ਰਹੇ ਆਮ ਪਰਿਵਾਰਾਂ ਦੇ ਬੱਚਿਆਂ ਨੂੰ ਅਧਿਆਪਕਾਂ ਦੀ ਘਾਟ ਦਾ ਸਾਹਮਣਾ ਕਰਨਾ ਪਵੇਗਾ, ਜਿਸ ਨਾਲ ਵਿਦਿਆਰਥੀਆਂ ਦੀ ਗੁਣਾਤਮਕ ਸਿੱਖਿਆ ਨੂੰ ਬਹੁਤ ਨੁਕਸਾਨ ਹੋਵੇਗਾ।ਇਸ ਸਮੇਂ ਆਗੂਆਂ ਵੱਲੋਂ ਸਿੱਖਿਆ ਵਿਭਾਗ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੰਜਾਬ ਦੇ ਸਾਰੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਮਨਜ਼ੂਰਸ਼ੁਦਾ ਸਾਰੀਆਂ ਖਾਲੀ ਅਸਾਮੀਆਂ ਆਨਲਾਈਨ ਈ ਪੰਜਾਬ ਪੋਰਟਲ ਤੇ ਦਿਖਾ ਕੇ ਦੁਬਾਰਾ ਸਟੇਸ਼ਨ ਚੁਆਇਸ ਕਰਵਾਈ ਜਾਵੇ ਤੇ ਇਨ ਾਂ ਪਦਉਨਤੀਆਂ ਲਈ ਮੰਗੇ ਗਏ ਕੇਸ ਫਾਈਲਾਂ ਵਿੱਚੋਂ ਅਗਲੇ ਯੋਗ ਉਮੀਦਵਾਰਾਂ ਦੀ ਵੇਟਿੰਗ ਲਿਸਟ ਤਿਆਰ ਕੀਤੀ ਜਾਵੇ।ਕਿਉਂਕਿ ਕਈ ਅਧਿਆਪਕਾਂ ਦਾ ਨਾਮ ਅਲੱਗ ਅਲੱਗ ਵਿਸ਼ਿਆਂ ਦੀ ਸੂਚੀ ਵਿੱਚ ਆ ਗਿਆ ਹੈ।ਉਨ ਾਂ ਵੱਲੋਂ ਕੇਵਲ ਇੱਕ ਵਿਸ਼ੇ ਦੀ ਸੂਚੀ ਵਿੱਚ ਹੀ ਬਤੌਰ ਲੈਕਚਰਾਰ ਹਾਜ਼ਰ ਹੋਇਆ ਜਾਵੇਗਾ।ਇਸ ਤੋਂ ਇਲਾਵਾ ਕਈ ਅਧਿਆਪਕ ਆਪਣੇ ਨਿੱਜੀ ਕਾਰਨਾਂ ਕਰਕੇ ਬਤੌਰ ਲੈਕਚਰ ਹਾਜ਼ਰ ਨਹੀਂ ਹੁੰਦੇ, ਜਿਸ ਨਾਲ ਇਨ ਾਂ ਕੀਤੀਆਂ ਗਈਆਂ ਪ੍ਰਮੋਸ਼ਨਾਂ ਵਿੱਚੋਂ ਬਹੁਤ ਸਾਰੀਆਂ ਅਸਾਮੀਆਂ ਫਿਰ ਖਾਲੀ ਰਹਿ ਜਾਂਦੀਆਂ ਹਨ।ਜਥੇਬੰਦੀ ਮੰਗ ਕਰਦੀ ਹੈ ਕਿ ਵੇਟਿੰਗ ਲਿਸਟ ਤਿਆਰ ਕਰਕੇ ਅਗਲੇ ਯੋਗ ਅਧਿਆਪਕਾਂ ਨੂੰ ਬਤੌਰ ਲੈਕਚਰਾਰ ਪਦ ਉਨਤ ਕੀਤਾ ਜਾਵੇ। ਇਸ ਤੋਂ ਇਲਾਵਾ ਸਰਕਾਰੀ ਸਕੂਲਾਂ ਵਿੱਚ ਹਾਲੇ ਵੀ ਲਗਭਗ 5000 ਦੇ ਕਰੀਬ ਹੋਰ ਲੈਕਚਰਾਰ ਕਾਡਰ ਦੀਆਂ ਅਸਾਮੀਆਂ ਖਾਲੀ ਪਈਆਂ ਹਨ ਜਿਸ ਉੱਪਰ ਜਲਦੀ ਤੋਂ ਜਲਦੀ ਅਗਲੇ ਅਧਿਆਪਕਾਂ ਤੋਂ ਪਦਉਨਤੀਆਂ ਲਈ ਕੇਸ ਮੰਗੇ ਜਾਣ ਤਾਂ ਜੋ ਇਨ ਾਂ ਸਕੂਲਾਂ ਵਿੱਚ ਪੜ ਰਹੇ ਬੱਚਿਆਂ ਦੀ ਸਿੱਖਿਆ ਦਾ ਗੁਣਾਤਮਕ ਪੱਖ ਹੋਰ ਉੱਚਾ ਹੋ ਸਕੇ।

## ਐੱਸ. ਆਈ. ਸੁਰਿੰਦਰ ਸਿੰਘ ਨੂੰ ਇੰਸਪੈਕਟਰ ਦਾ ਅਹੁਦਾ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਪੰਜਾਬ ਸਰਕਾਰ ਵੱਲੋਂ ਪੁਲਸ ਵਿਭਾਗ ਵਿੱਚ ਕੀਤੀ ਗਈਆਂ ਤਰੱਕੀਆਂ ਤਹਿਤ ਸੀਆਈਡੀ ਵਿਭਾਗ ਬਟਾਲਾ ਵਿੱਚ ਸੇਵਾਵਾਂ ਨਿਭਾ ਰਹੇ ਐੱਸ. ਆਈ. ਸੁਰਿੰਦਰ ਸਿੰਘ ਨੂੰ ਵਧੀਆ ਸੇਵਾਵਾਂ ਦੇ ਚੱਲਦਿਆਂ ਪੰਜਾਬ ਸਰਕਾਰ ਨੇ ਤਰੱਕੀ ਦੇ ਕੇ ਇੰਸਪੈਕਟਰ ਬਣਾ ਦਿੱਤਾ ਹੈ।ਇੰਸਪੈਕਟਰ ਸੁਰਿੰਦਰ ਸਿੰਘ ਨੂੰ ਤਿੰਨ ਸਟਾਰ ਲਗਾਉਣ ਦੀ ਰਸਮ ਡੀ. ਐੱਸ. ਪੀ. (ਸੀਆਈਡੀ) ਬਟਾਲਾ ਵਰਿੰਦਰ ਕੁਮਾਰ ਸ਼ਰਮਾ ਨੇ ਨਿਭਾਈ। ਇਸ ਮੌਕੇ ਐੱਲ. ਓ. ਭਗਵੰਤ ਸਿੰਘ, ਦਲਜੀਤ ਸਿੰਘ ਦੇ ਰਿਟਾ ਐੱਸ. ਆਈ., ਅਮਰਜੀਤ ਸਿੰਘ, ਏਐੱਸਆਈ ਰੀਡਰ ਗੁਰਜੀਤ ਸਿੰਘ ਟੂ ਡੀਐੱਸਪੀ ਆਦਿ ਨੇ ਸੁਰਿੰਦਰ ਸਿੰਘ ਨੂੰ ਵਧਾਈ ਦਿੱਤੀ।



## 'ਬੇਟੀ ਬਚਾਓ ਬੇਟੀ ਪੜ੍ਹਾਓ' ਮੁਹਿੰਮ ਤਹਿਤ ਅੰਤਰਰਾਸ਼ਟਰੀ ਬਾਲੜੀ ਦਿਵਸ ਮਨਾਇਆ

**ਗੁਰਦਾਸਪੁਰ, (ਜਨਕ ਮਹਾਜਨ)**-ਪੰਜਾਬ ਸਰਕਾਰ ਵਲੋਂ 1 ਤੋਂ 11 ਅਕਤੂਬਰ ਤੱਕ ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਦੇ ਤਹਿਤ ਅੰਤਰਰਾਸ਼ਟਰੀ ਬਾਲੜੀ ਦਿਵਸ ਮਨਾਇਆ ਜਾਵੇਗਾ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫਸਰ ੀ ਜਸਮੀਤ ਕੌਰ ਨੇ ਦੱਸਿਆ ਕਿ 4 ਅਕਤੂਬਰ ਨੂੰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਪਬਲਿਕ ਸਕੂਲ, ਕਲਾਨੌਰ ਗੁਰਦਾਸਪੁਰ ਅਤੇ 7 ਅਕਤੂਬਰ ਨੂੰ ਨੰਗਲੀ ਅਕੈਡਮਿਕ ਪਬਲਿਕ ਸਕੂਲ ਗੁਰਦਾਸਪੁਰ ਵਿਖੇ ਅੰਤਰਰਾਸ਼ਟਰੀ ਬਾਲੜੀ ਦਿਵਸ (ਬੇਟੀ ਬਚਾਓ ਬੇਟੀ ਪੜ ਾਓ) ਸਕੀਮ ਦੇ ਤਹਿਤ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਸਕੂਲੀ ਲੜਕੀਆਂ ਨੂੰ ਪੋਸ਼ਣ, ਅਨੀਮੀਆ, ਮਾਹਵਾਰੀ ਚੱਕਰ, ਮਿਸ਼ਨ ਸ਼ਕਤੀ ਅਤੇ ਸਖੀ ਵਨ ਸਟਾਪ ਸੈਂਟਰ ਸਬੰਧੀ ਜਾਗਰੂਕਤਾ ਸੈਸ਼ਨ/ਕੈਂਪ ਲਗਾਇਆ ਗਿਆ। ਇਸ ਮੌਕੇ ਸੁਨੀਲ ਜੋਸ਼ੀ (ਬਾਲ ਵਿਕਾਸ ਅਫਸਰ), ਗੌਰਵ ਸ਼ਰਮਾ (ਲੀਗਲ ਕਮ ਪ੍ਰੋਬੇਸ਼ਨ ਅਫਸਰ), ਅੰਕੁਸ਼ ਸ਼ਰਮਾ (ਜ਼ਿਲ ਾ ਕੋਆਰਡੀਨੇਟਰ), ਮੰਨਤ ਮਹਾਜਨ (ਫਾਇਨਾਂਸ ਸਪੈਸ਼ਲਿਸਟ), ਦੀਕਸ਼ਾ ਮਹਾਜਨ (ਪੈਰਾ ਲੀਗਲ ਪਰਸੋਨਲ), ਮਨਦੀਪ ਕੌਰ (ਲੇਖਾਕਾਰ) ਮੌਜੂਦ ਸਨ।

# ਲੜਕੀਆਂ ਦੇ ਕੌਮਾਂਤਰੀ ਦਿਵਸ ਮੌਕੇ ਸਕੂਲਾਂ 'ਚ ਲਗਾਏ ਅਨੀਮੀਆ ਸਕਰੀਨਿੰਗ ਕੈਂਪ



**ਚੋਹਲਾ ਸਾਹਿਬ (ਰਮਨ ਚੱਢਾ)**

ਲੜਕੀਆਂ ਦੇ ਕੌਮਾਂਤਰੀ ਦਿਵਸ ਦੇ ਮੌਕੇ ਉੱਪਰ ਸੀਐੱਚਸੀ ਫਿਰੋਜ਼ਸ਼ਾਹ ਅਧੀਨ ਆਉਂਦੇ ਵੱਖ-ਵੱਖ ਹੈਲਥ ਵੈੱਲਨੈੱਸ ਸੈਂਟਰਾਂ ਦੀਆਂ ਟੀਮਾਂ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਵਿਖੇ ਅਨੀਮੀਆ ਸਕਰੀਨਿੰਗ ਕੈਂਪ ਲਗਾਏ ਗਏ। ਸਿਵਲ ਸਰਜਨ ਫਿਰੋਜ਼ਪੁਰ ਡਾ. ਰਾਜਵਿੰਦਰ ਕੌਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਲਗਾਏ ਗਏ ਇਨ ਾਂ ਕੈਂਪਾਂ ਵਿੱਚ ਲੜਕੀਆਂ ਨੂੰ ਅਮਨੀਮੀਆ ਬਾਰੇ ਜਾਗਰੂਕ ਵੀ ਕੀਤਾ ਗਿਆ। ਵੱਖ-ਵੱਖ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲਗਾਏ ਗਏ ਕੈਂਪਾਂ ਬਾਰੇ ਦੱਸਦਿਆਂ ਸੀਨੀਅਰ ਮੈਡੀਕਲ ਅਫਸਰ ਡਾ. ਜਸਪ੍ਰੀਤ ਸਿੰਘ ਸੀਐੱਚਸੀ ਫਿਰੋਜ਼ਸ਼ਾਹ ਨੇ ਕਿਹਾ ਕਿ ਅਨੀਮੀਆ ਇੱਕ ਅਜਿਹੀ ਹਾਲਤ ਹੈ ਜਿਸ ਵਿੱਚ ਮਨੁੱਖੀ ਸਰੀਰ ਵਿੱਚ ਹੀਮੋਗਲੋਬਿਨ ਦੀ ਮਾਤਰਾ ਲੋੜੀਂਦੀ ਮਾਤਰਾ ਤੋਂ ਘਟ ਜਾਂਦੀ ਹੈ। ਇਸ ਨਾਲ ਖੂਨ ਦੇ ਸੈਲਾਂ ਦੀ ਆਕਸੀਜਨ ਲੈਣ ਦੀ ਸ਼ਕਤੀ ਘਟ ਜਾਂਦੀ ਹੈ। ਉਨ ਾਂ ਦੱਸਿਆ ਕਿ 56 ਫੀਸਦੀ ਕਿਸ਼ੋਰ ਲੜਕੀਆਂ ਅਨੀਮੀਆ ਦਾ ਸ਼ਿਕਾਰ ਹਨ। ਕਮਿਊਨਿਟੀ ਹੈਲਥ ਅਫਸਰਾਂ ਵੱਲੋਂ ਦੱਸਿਆ ਗਿਆ ਕਿ ਅਨੀਮੀਆ ਊਰਜਾ ਸ਼ਕਤੀ ਨੂੰ ਘੱਟ ਕਰਦਾ ਹੈ ਅਤੇ ਇਸ ਦੇ ਕਾਰਨ ਕੰਮ ਕਰਨ ਦੀ ਸਮਰੱਥਾ ਘਟ ਜਾਂਦੀ ਹੈ, ਵਾਰ-ਵਾਰ ਇਨਫੈਕਸ਼ਨ ਹੁੰਦੀ ਹੈ, ਪੜ ਾਈ ਵਿੱਚ ਮਨ ਨਹੀਂ ਲੱਗਦਾ ਅਤੇ ਭੁੱਖ ਘਟ ਜਾਂਦੀ ਹੈ। ਬਲਾਕ ਐਕਸਟੈਨਸ਼ਨ ਐਜੂਕੇਟਰ ਹਰਦੀਪ ਸਿੰਘ ਸੰਧੂ ਨੇ ਦੱਸਿਆ ਕਿ ਆਇਰਨ ਭਰਪੂਰ ਖੁਰਾਕ ਜਿਸ ਵਿੱਚ ਹਰੀਆਂ ਪੱਤੇਦਾਰ ਸਬਜ਼ੀਆਂ, ਪੇਠਾ, ਸੋਇਆਬੀਨ, ਕਾਲੇ ਛੋਲੇ ਖਾਣੇ ਚਾਹੀਦੇ ਹਨ। ਇਸ ਤੋਂ ਇਲਾਵਾ ਹਫ਼ਤਾਵਾਰੀ ਆਇਰਨ ਫੌਲਿਕ ਐਸਿਡ ਦੀਆਂ ਗੋਲੀਆਂ ਖਾਣੀਆਂ ਚਾਹੀਦੀਆਂ ਹਨ ਅਤੇ ਪੇਟ ਦੇ ਕੀੜਿਆਂ ਤੋਂ ਬਚਾਅ ਕਰਨਾ ਲਾਜ਼ਮੀ ਹੈ। ਇਸ ਮੌਕੇ ਵੱਖ-ਵੱਖ ਹੈਲਥ ਵੈੱਲਨੈੱਸ ਸੈਂਟਰਾਂ ਦੇ ਸੀਐੱਚਓ, ਏਐੱਨਐੱਮ ਅਤੇ ਮਲਟੀਪਰਪਜ਼ ਹੈਲਥ ਵਰਕਰ ਮੇਲ ਹਾਜ਼ਰ ਸਨ ।

# ਸਰਬਸੰਮਤੀ ਨਾਲ ਚੁਣੀਆਂ 'ਆਪ' ਪੱਖੀ ਪੰਚਾਇਤਾਂ ਦੀ ਗਿਣਤੀ ਵਧ ਕੇ ਪੰਜਾਹ ਹੋਈ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**

ਲੋਕਤੰਤਰ ਦੀ ਮੁੱਢਲੀ ਇਕਾਈ ਗ੍ਰਾਮ ਪੰਚਾਇਤਾਂ ਦੀਆਂ ਹੋ ਰਹੀਆਂ ਚੋਣਾਂ ਪੰਜਾਬ ਸਰਕਾਰ ਵੱਲੋਂ ਪੂਰੀ ਨਿਰਪੱਖਤਾ ਤੇ ਇਮਾਨਦਾਰੀ ਨਾਲ ਕਰਵਾਈਆਂ ਜਾ ਰਹੀਆਂ ਹਨ ਅਤੇ ਪਿੰਡਾਂ ਦੇ ਲੋਕਾਂ ਨੂੰ ਅਪਣੇ ਨੁਮਾਇੰਦੇ ਚੁਣਨ ਦਾ ਪੂਰਾ ਪੂਰਾ ਅਧਿਕਾਰ ਦਿੱਤਾ ਜਾ ਰਿਹਾ ਹੈ ਤਾਂ ਕਿ ਲੋਕਤੰਤਰ ਦੀਆਂ ਜੜ ਾਂ ਮਜਬੂਤ ਹੋ ਸਕਣ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸੇਰ ਸਿੰਘ ਵੱਲੋਂ ਸਰਵਸੰਮਤੀ ਨਾਲ ਚੁਣੀ ਗਈ ਪਿੰਡ ਰਸੂਲਪੁਰ ਰੰਗੜਾਂ ਦੀ ਪੰਚਾਇਤ ਦਾ ਸਨਮਾਨ ਕਰਨ ਮੌਕੇ ਕਹੀਆਂ ਗਈਆਂ। ਉਹਨਾਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਪੰਚਾਇਤੀ ਚੋਣਾਂ ਵਿੱਚ ਕਿਸੇ ਵੀ ਕਿਸਮ ਦੀ ਸਰਕਾਰੀ ਤਾਕਤ ਦੀ ਦਖਲ ਅੰਦਾਜੀ ਨਹੀਂ ਹੋ ਰਹੀ ਅਤੇ ਪਿੰਡਾਂ ਦੇ ਲੋਕਾਂ ਨੂੰ ਅਪਣੇ ਸਰਪੰਚ ਤੇ ਪੰਚ ਚੁਣਨ ਦਾ ਪੂਰਾ ਪੂਰਾ ਅਧਿਕਾਰ ਦਿੱਤਾ ਗਿਆ ਹੈ ਜਦੋਂਕਿ ਇਸ ਤੋਂ ਪਹਿਲਾਂ ਅਕਸਰ ਹੀ ਸੱਤਾਧਾਰੀ ਲੋਕ ਤਾਕਤ ਦੀ ਦੁਰਵਰਤੋਂ ਕਰਦੇ ਹੋਏ ਚੋਣਾਂ ਨੂੰ ਹਾਈਜੈਕ ਕਰ ਲੈਂਦੇ ਸਨ ਅਤੇ ਅਪਣੀ ਮਰਜੀ ਦੇ ਲੋਕਾਂ ਨੂੰ ਹੀ ਸਰਪੰਚ ਤੇ ਪੰਚ ਵਜੋਂ ਲੋਕਾਂ ਉੱਪਰ ਥੋਪਿਆ ਜਾਂਦਾ ਰਿਹਾ ਹੈ। ਉਹਨਾਂ ਕਿਹਾ ਕਿ ਇਸ ਗੱਲ ਦੀ ਖੁਸ਼ੀ ਹੈ ਕਿ ਦੀਨਾਨਗਰ ਹਲਕੇ ਅੰਦਰ ਸਰਵਸੰਮਤੀ ਨਾਲ ਅਤੇ ਬਿਨਾਂ ਮੁਕਾਬਲਾ ਚੁਣੀਆਂ ਗਈਆਂ ਆਪ ਪੱਖੀ ਪੰਚਾਇਤਾਂ ਦੀ ਗਿਣਤੀ ਵਧ ਕੇ 49 ਹੋ ਗਈ ਹੈ ਅਤੇ ਇਹ ਉਹ ਪਿੰਡ ਹਨ ਜਿਨ੍ਹਾਂ ਨੇ ਬਿਨਾਂ ਕਿਸੇ ਰੌਲੇ ਰੱਪੇ ਦੇ ਆਪਸੀ ਸਹਿਮਤੀ ਨਾਲ ਗ੍ਰਾਮ ਪੰਚਾਇਤ ਦੀ ਚੋਣ ਕਰਕੇ ਸੂਝ ਬੂਝ ਭਰਿਆ ਫੈਸਲਾ ਕੀਤਾ ਹੈ। ਉਹਨਾਂ ਨੇ ਹਲਕੇ ਦੇ ਲੋਕਾਂ ਨੂੰ ਲੋਕਤੰਤਰ ਦੀ ਮੁਢਲੀ ਚੋਣ ਵਿੱਚ ਬਿਨਾਂ ਕਿਸੇ ਦਬਾਅ ਅਤੇ ਡਰ ਭੈਅ ਦੇ ਵਧ ਚੜ ਕੇ ਭਾਗ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਅਪਣੀ ਸੂਝਬੂਝ ਅਨੁਸਾਰ ਪਿੰਡ ਦੇ ਨੁਮਾਇੰਦਿਆਂ ਦੀ ਚੋਣ ਕਰਨ। ਇਸ ਮੌਕੇ ਤੇ ਪਿੰਡ ਰਸੂਲਪੁਰ ਰੰਗੜਾਂ ਦੀ ਸਰਵਸੰਮਤੀ ਨਾਲ ਚੁਣੀ ਗਈ ਗ੍ਰਾਮ ਪੰਚਾਇਤ ਦੇ ਸਰਪੰਚ ਮੈਡਮ ਮੀਨਾ ਅਤੇ ਪੰਚ ਸੁਨੀਤਾ, ਸਤੀਸ਼ ਕੁਮਾਰ, ਜੋਗਿੰਦਰ ਪਾਲ, ਆਰਤੀ ਸ਼ਰਮਾ, ਨੀਲਮ ਦੇਵੀ, ਗੀਤਾ ਅਤੇ ਪ੍ਰੇਮ ਲਤਾ ਵੀ ਹਾਜਰ ਸਨ।

## ਮੈਂਬਰ ਸਕੱਤਰ ਵੱਲੋਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ ਤੇ ਸਬ ਜੇਲ੍ਹ ਦਾ ਨਿਰੀਖਣ



**ਪਠਾਨਕੋਟ (ਦਵਿੰਦਰ ਸਿੰਘ)**-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ ਦਾ ਮਨਜਿੰਦਰ ਸਿੰਘ ਮੈਂਬਰ ਸਕੱਤਰ ਪੰਜਾਬ ਵੱਲੋਂ ਨਿਰੀਖਣ ਕੀਤਾ ਗਿਆ। ਉਨ ਾਂ ਨੇ ਜ਼ਿਲ ਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਵੱਲੋਂ ਚੱਲ ਰਹੇ ਕੰਮਾਂ ਦਾ ਜਾਇਜ਼ਾ ਵੀ ਲਿਆ।ਉਨ ਾਂ ਪਠਾਨਕੋਟ ਜੇਲ ਦਾ ਦੌਰਾ ਵੀ ਕੀਤਾ ਅਤੇ ਉਥੇ ਮੌਜੂਦ ਕੈਦੀਆਂ ਅਤੇ ਨਜ਼ਰਬੰਦਾਂ ਨਾਲ ਮੁਲਾਕਾਤ ਕੀਤੀ ਅਤੇ ਉਨ ਾਂ ਦੀਆਂ ਸਮੱਸਿਆਵਾਂ ਸੁਣੀਆਂ।ਮੈਂਬਰ ਸਕੱਤਰ ਨੇ ਜੇਲ ਵਿੱਚ ਚੱਲ ਰਹੇ ਮੁਰੰਮਤ ਦੇ ਕੰਮ ਦਾ ਵੀ ਜਾਇਜ਼ਾ ਲਿਆ ਅਤੇ ਜੇਲ ਪ੍ਰਸ਼ਾਸਨ ਨੂੰ ਇਸ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।ਉਨ ਾਂ ਜੇਲ ਵਿੱਚ ਮਿਲਣ ਵਾਲੇ ਖਾਣੇ ਦੀ ਵੀ ਜਾਂਚ ਕੀਤੀ।ਉਨ ਾਂ ਕਿਹਾ ਕਿ ਹਰੇਕ ਕੈਦੀ ਅਤੇ ਨਜ਼ਰਬੰਦ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਹੈ।ਉਕਤ ਮੈਂਬਰ ਸਕੱਤਰ ਮਨਜਿੰਦਰ ਸਿੰਘ ਵੱਲੋਂ ਅਦਾਲਤ ਦੇ ਵਿਹੜੇ ਵਿੱਚ ਬੂਟੇ ਵੀ ਲਗਾਏ ਗਏ।ਇਸ ਮੌਕੇ ਜ਼ਿਲ ਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਦੇ ਚੇਅਰਮੈਨ-ਕਮ-ਜ਼ਿਲ ਾ ਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ, ਸਕੱਤਰ ਕਮ ਸੀਜੇਐੱਮ ਰੁਪਿੰਦਰ ਸਿੰਘ, ਜੇਲ ਸੁਪਰਡੈਂਟ ਜੀਵਨ ਠਾਕੁਰ ਆਦਿ ਹਾਜ਼ਰ ਸਨ।

# ਗੋਸਲ ਜ਼ਿਮੀਦਾਰਾਂ ਦਾ ਸਰਪੰਚ ਤੇ ਪੰਚ ਸਰਬਸੰਮਤੀ ਨਾਲ ਚੁਣੇ



**ਮਜੀਠਾ (ਸੋਇਮ ਆਨੰਦ)**

ਪੰਜਾਬ ਵਿਚ ਗਰਾਮ ਪੰਚਾਇਤ ਚੋਣਾ ਦੌਰਾਨ ਨਾਮਜ਼ਦਗੀ ਪੱਤਰ ਦਾਖਲ ਕਰਵਾਉਣ ਤੋ ਬਾਅਦ ਕਈ ਪਿੰਡਾਂ ਵਿਚ ਸਰਪੰਚ ਅਤੇ ਪੰਚਾਂ ਦੀ ਸਰਬਸੰਮਤੀ ਨਾਲ ਚੋਣ ਹੋਈ ਹੈ।ਇਸੇ ਤਰ ਾਂ ਬਲਾਕ ਮਜੀਠਾ ਅਧੀਨ ਆਉਂਦੇ ਪਿੰਡ ਗੋਸਲ ਜ਼ਿਮੀਦਾਰਾਂ ਵਿਚ ਸਰਪੰਚ ਅਤੇ ਪੰਚਾਂ ਦੀ ਸਰਬ ਸੰਮਤੀ ਨਾਲ ਚੋਣ ਹੋਈ। ਇਸ ਸਬੰਧੀ ਪਿੰਡ ਗੋਸਲ ਜ਼ਿਮੀਦਾਰਾਂ ਦੇ ਗੁਰਦੁਆਰਾ ਸਾਹਿਬ ਵਿਖੇ ਪਿੰਡ ਦੇ ਮੋਹਤਬਰਾਂ ਅਤੇ ਆਮ ਨਾਗਰਿਕਾਂ ਦਾ ਇਕੱਠ ਹੋਇਆ ਜਿਸ ਵਿਚ ਲੰਬੀ ਵਿਚਾਰ ਚਰਚਾ ਤੋ ਬਾਅਦ ਪਿੰਡ ਦੀ ਗ੍ਰਾਂਮ ਪੰਚਾਇਤ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ ਜਿਸ ਅਨੁਸਾਰ ਪਰਮਜੀਤ ਕੌਰ ਪਤਨੀ ਹਰਪਿੰਦਰ ਸਿੰਘ ਨੂੰ ਸਰਪੰਚ ਚੁਣ ਲਿਆ ਗਿਆ।ਇਸ ਦੇ ਨਾਲ ਕੰਵਰ ਕੁਲਦੀਪ ਸਿੰਘ ਪੁੱਤਰ ਮਹਿੰਦਰ ਸਿੰਘ, ਜਰਮਨਜੀਤ ਸਿੰਘ ਪੁੱਤਰ ਕੁਲਵੰਤ ਸਿੰਘ, ਕਿਰਪਾਲ ਸਿੰਘ ਪੁੱਤਰ ਦਲੀਪ ਸਿੰਘ, ਬਲਜਿੰਦਰ ਕੌਰ ਪਤਨੀ ਹਰਦਿਆਲ ਸਿੰਘ ਅਤੇ ਗੁਰਵਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਨੂੰ ਸਰਬਸੰਮਤੀ ਨਾਲ ਮੈਬਰ ਪੰਚਾਇਤ ਚੁਣ ਲਿਆ ਗਿਆ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਨਵ ਨਿਯੁਕਤ ਸਰਪੰਚ ਪਰਮਜੀਤ ਕੋਰ ਦੇ ਪਤੀ ਹਰਪਿੰਦਰ ਸਿੰਘ, ਰਵਿੰਦਰ ਸਿੰਘ ਗੋਸਲ ਨੇ ਦੱਸਿਆ ਕਿ ਪਿੰਡ ਦੇ ਸਾਰੇ ਰਾਜਨੀਤਕ ਗਰੁੱਪਾਂ ਅਤੇ ਧੜੇਬਾਜ਼ੀ ਤੋਂ ਉਪਰ ਉਠ ਕੇ ਪਿੰਡ ਦੀ ਭਲਾਈ ਵਾਸਤੇ ਪਿੰਡ ਦੇ ਸਮੂਹ ਮੋਹਤਬਰਾਂ ਅਤੇ ਆਮ ਨਾਗਰਿਕਾਂ ਨੇ ਇਹ ਸਰਬਸੰਮਤੀ ਨਾਲ ਫੈਸਲਾ ਲਿਆ ਹੈ ਕਿ ਇਸ ਵਾਰ ਗ੍ਰਾਮ ਪੰਚਾਇਤ ਦੀ ਸਰਬਸੰਮਤੀ ਨਾਲ ਚੋਣ ਕੀਤੀ ਜਾਵੇ।ਉਨ ਾਂ ਨੇ ਦਾਅਵੇ ਨਾਲ ਕਿਹਾ ਕਿ ਇਹ ਪੰਚਾਇਤ ਆਪਣਾ ਕਾਰਜਕਾਲ ਪੂਰਾ ਕਰੇਗੀ ਅਤੇ ਪਿੰਡ ਦੇ ਭਲੇ ਵਾਸਤੇ ਧੜੇਬਾਜ਼ੀ ਤੋਂ ਉਪਰ ਉਠ ਕੇ ਕਾਰਜ ਕਰੇਗੀ।ਇਸ ਮੌਕੇ ਉਕਤ ਤੋਂ ਇਲਾਵਾ ਬਲਦੇਵ ਸਿੰਘ, ਗੁਰਪ੍ਰੀਤ ਸਿੰਘ, ਮੰਗਲ ਸਿੰਘ ਫੌਜੀ, ਮਾਸਟਰ ਸਵਿੰਦਰ ਸਿੰਘ, ਬਾਪੂ ਜੋਗਿੰਦਰ ਸਿੰਘ, ਡਾ: ਲਖਬੀਰ ਸਿੰਘ, ਸਰਦੂਲ ਸਿੰਘ, ਦਇਆ ਸਿੰਘ, ਨਿਰਮਲ ਸਿੰਘ, ਗੁਰਪ੍ਰੀਤ ਸਿੰਘ, ਗੁਰਪਿੰਦਰ ਸਿੰਘ, ਸਿਮਰਤਪਾਲ ਸਿੰਘ, ਹਰਦਿਆਲ ਸਿੰਘ, ਸੁਰਿੰਦਰ ਕੁਮਾਰ, ਨਿਰਮਲ ਸਿੰਘ ਮਿਸਤਰੀ, ਸ਼ਬੇਗ ਸਿੰਘ, ਕਰਨਲ ਜੀਤ ਸਿੰਘ, ਹਰਪਿੰਦਰ ਸਿੰਘ ਐੱਸਡੀਓ, ਪਲਵਿੰਦਰ ਸਿੰਘ ਜੇ.ਈ, ਰਵਿੰਦਰ ਸਿੰਘ ਗੋਸਲ ਸਮੇਤ ਪਿੰਡ ਦੇ ਵੱਡੀ ਗਿਣਤੀ ਵਿਚ ਵਸਨੀਕ ਹਾਜ਼ਰ ਸਨ।

## 1840 ਪੰਚ ਤੇ 474 ਸਰਪੰਚ ਉਮੀਦਵਾਰਾਂ ਦੇ ਕਾਗਜ਼ ਯੋਗ ਪਾਏ ਗਏ

**ਮਜੀਠਾ (ਸੋਇਮ ਆਨੰਦ)**-ਪੰਚਾਇਤੀ ਚੋਣਾਂ ਦੌਰਾਨ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਪੂਰੀ ਹੋਣ ਉਪਰੰਤ ਨਾਮਜ਼ਦਗੀਆਂ ਵਾਪਸ ਲੈਣ ਦਾ ਦਿਨ ਸੀ।ਬਲਾਕ ਮਜੀਠਾ ਅਧੀਨ ਆਖਰੀ ਦਿਨ ਤੱਕ ਕੁਲ 491 ਸਰਪੰਚ ਅਤੇ 1949 ਪੰਚ ਉਮੀਦਵਾਰਾਂ ਵਲੋ ਆਪਣੇ ਨਾਮਜਦਗੀ ਪੱਤਰ ਦਾਖਲ ਕਰਵਾਏ ਗਏ ਸਨ।ਇਨ ਾਂ ਕਾਗਜ਼ਾਂ ਦੀ ਪੜਤਾਲ ਹੋਣ ਉਪਰੰਤ ਬਲਾਕ ਮਜੀਠਾ ਅਧੀਨ 1840 ਪੰਚ ਅਤੇ 474 ਸਰਪੰਚ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਹੀ ਪਾਏ ਗਏ।ਇਸ ਤਰ ਾਂ ਬਲਾਕ ਮਜੀਠਾ ਵਿਚ ਇਨ ਾਂ ਯੋਗ ਉਮੀਦਵਾਰਾਂ ਵਿਚੋ ਨਾਮਜ਼ਦਗੀ ਪੱਤਰ ਵਾਪਸ ਲੈਣ ਉਪਰੰਤ ਬਾਕੀ ਉਮੀਦਵਾਰਾਂ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਚੋਣ ਨਿਸ਼ਾਨ ਅਲਾਟ ਕੀਤੇ ਜਾਣਗੇ ਜਿਹੜੇ ਕਿ ਦੇਰ ਸ਼ਾਮ ਤੱਕ ਜਾਰੀ ਨਹੀਂ ਕੀਤੇ ਗਏ।

## 'ਸੜਕ ਸੁਰੱਖਿਆ ਫੋਰਸ ਬਟਾਲਾ ਜ਼ਖਮੀਆਂ ਨੂੰ ਸੁਰੱਖਿਆ ਦੇਣ ਲਈ ਵਚਨਬੱਧ'

**ਬਟਾਲਾ (ਡਾ. ਮਲਵਿੰਦਰ ਸਿੰਘ)**

ਪੰਜਾਬ ਸਰਕਾਰ ਵੱਲੋਂ ਸਥਾਪਿਤ ਕੀਤੀ ਸੜਕ ਸੁਰੱਖਿਆ ਫੋਰਸ ਆਪਣੀਆਂ ਸੇਵਾਵਾਂ ਬਾਖੂਬੀ ਨਿਭਾ ਰਹੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜਸਵੰਤ ਕੌਰ ਐੱਸਪੀ (ਐੱਚ)ਨੇ ਦੱਸਿਆ ਕਿ ਐੱਸਐੱਸਪੀ ਬਟਾਲਾ, ਸੁਹੇਲ ਕਾਸਿਮ ਮੀਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਐੱਸ. ਐੱਸ. ਐੱਫ. ਟੀਮ ਬਟਾਲਾ ਆਪਣੀ ਡਿਊਟੀ ਬਾਖੂਬੀ ਨਿਭਾ ਰਹੀ ਹੈ।ਉਨ ਾਂ ਅੱਗੇ ਦੱਸਿਆ ਕਿ ਸੜਕ ਸੁਰੱਖਿਆ ਫੋਰਸ ਬਟਾਲਾ, ਰਾਸ਼ਟਰੀ ਹਾਈਵੇਅ ਤੇ 24 ਘੰਟੇ ਗਸ਼ਤ ਕਰਦੀ ਹੈ, ਜੋ ਕਿ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਦੁਰਘਟਨਾਵਾਂ ਦੀ ਸਥਿਤੀ ਵਿੱਚ ਜ਼ਰੂਰੀ ਮੁੱਢਲੀ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ।ਉਨ ਾਂ ਦੱਸਿਆ ਕਿ ਪੁਲਸ ਜ਼ਿਲਾ ਬਟਾਲਾ ਵਿੱਚ ਵੱਖ-ਵੱਖ ਥਾਵਾਂ ਤੇ ਸੜਕ ਸੁਰੱਖਿਆ ਫੋਰਸ ਤੈਨਾਤ ਕੀਤੀ ਗਈ ਹੈ ਜੋ ਕਿ ਸੜਕਾਂ 'ਤੇ ਹੋਣ ਵਾਲੇ ਸੜਕ ਹਾਦਸਿਆਂ ਮੌਕੇ ਤੁਰੰਤ ਲੋਕਾਂ ਦੀ ਸਹਾਇਤਾ ਲਈ ਪਹੁੰਚਦੀ ਹੈ। 'ਸੜਕ ਸੁਰੱਖਿਆ ਫੋਰਸ' ਵਿੱਚ ਚਾਰ ਹਾਈਟੈੱਕ ਗੱਡੀਆਂ ਸ਼ਾਮਲ ਹਨ ਅਤੇ ਇਹ ਵਾਹਨ 30 ਕਿਲੋਮੀਟਰ ਦੇ ਵਕਫੇ ਨਾਲ ਤਾਇਨਾਤ ਕੀਤੇ ਗਏ ਹਨ।ਇਨਾਂ ਵਾਹਨਾਂ ਵਿੱਚ ਚਾਰ ਪੁਲਸ ਮੁਲਾਜ਼ਮਾਂ ਦੀ ਟੀਮ ਸ਼ਾਮਲ ਹੈ।ਪੈਟਰੋਲਿੰਗ ਇੰਚਾਰਜ ਵਜੋਂ ਏਐੱਸਆਈ ਜਾਂ ਉਸ ਤੋਂ ਉੱਚ ਰੈਂਕ ਦਾ ਅਧਿਕਾਰੀ ਹੁੰਦਾ ਹੋ ਜੋ 24 ਘੰਟੇ ਵਾਹਨ ਸੜਕਾਂ ਤੇ ਪੈਟਰੋਲਿੰਗ ਕਰਦੇ ਹਨ।



# ਡਿਪਟੀ ਕਮਿਸ਼ਨਰ ਵੱਲੋਂ ਸਟੱਬਲ ਬਰਨਿੰਗ ਨੂੰ ਲੈ ਕੇ ਅਹਿਮ ਮੀਟਿੰਗ

## ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਨੂੰ ਨਾ ਸਾੜਨ ਦੀ ਕੀਤੀ ਅਪੀਲ

**ਗੁਰਦਾਸਪੁਰ, (ਜਨਕ ਮਹਾਜਨ)**

ਉਮਾ ਸ਼ੰਕਰ ਗੁਪਤਾ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਸਟੱਬਲ ਬਰਨਿੰਗ ਦੇ ਸਬੰਧ ਵਿੱਚ ਮੀਟਿੰਗ ਕੀਤੀ ਗਈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ), ਸੁਰਿੰਦਰ ਸਿੰਘ, ਮੁੱਖ ਖੇਤੀਬਾੜੀ ਅਫਸਰ ਸੁਰਿੰਦਰਪਾਲ ਸਿੰਘ ਖੇਤੀਬਾੜੀ ਵਿਭਾਗ ਤੋਂ ਇੰਜੀਨੀਅਰ ਦੀਪਕ ਭਾਰਦਵਾਜ, ਜਿਲ ੇ ਦੇ ਕਲੱਸਟਰ ਇੰਚਾਰਜ ਅਤੇ ਕੋਆਪਰੇਟਿਵ ਸੋਸਾਇਟੀ ਦੇ ਇੰਸਪੈਕਟਰ ਸ਼ਾਮਿਲ ਹੋਏ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਦੇ ਨਿਰਦੇਸ਼ਾਂ ਅਨੁਸਾਰ ਸਾਰੇ ਬਲਾਕਾਂ ਦੇ ਇੰਚਾਰਜਾਂ ਵੱਲੋਂ ਪੂਰੇ ਜਿਲ ੇ ਦੀ ਪਰਾਲੀ ਦੀ ਸਾਂਭ ਸੰਭਾਲ ਕਰਨ ਵਾਲੀ ਮਸ਼ੀਨਰੀ ਦੀ ਮੈਪਿੰਗ ਕੀਤੀ ਗਈ। ਡਿਪਟੀ ਕਮਿਸ਼ਨਰ ਵੱਲੋਂ ਸਬੰਧਤ ਉਪ ਮੰਡਲ ਮੈਜਿਸਟਰੇਟ ਨੂੰ ਪਿੰਡ ਪੱਧਰ ਤੇ ਨਿਯੁਕਤ ਕੀਤੇ ਗਏ ਨੋਡਲ ਅਫਸਰ ਅਤੇ ਮਸ਼ੀਨਰੀ ਮੁਹੱਈਆ ਕਰਵਾਉਣ ਵਾਲੇ ਅਧਿਕਾਰੀਆਂ ਨਾਲ ਮੀਟਿੰਗ ਕਰਨ ਦੇ ਆਦੇਸ਼ ਦਿੱਤੇ ਤੇ ਕਿਹਾ ਕਿ ਹਰ ਪਿੰਡ ਵਿੱਚ ਲੋੜੀਂਦੀ ਖੇਤੀ ਮਸ਼ੀਨਰੀ ਪਹੁੰਚਾਉਣ ਨੂੰ ਯਕੀਨੀ ਬਣਾਇਆ ਜਾਵੇ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਫਸਲ ਦੀ ਰਹਿੰਦ-ਖੂੰਹਦ/ਨਾੜ ਨੂੰ ਅੱਗ ਨਾ ਲਾਉਣ। ਉਨ ਾਂ ਦੱਸਿਆ ਕਿ ਕਿਸਾਨਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਪੰਜਾਬ ਸਰਕਾਰ ਵੱਲੋਂ 'ਉਨਤ ਕਿਸਾਨ' ਐਪ ਤਿਆਰ ਕੀਤੀ ਗਈ ਹੈ। 'ਉਨਤ ਕਿਸਾਨ' ਐਪ 'ਤੇ ਜ਼ਿਲ ੇ ਦੀਆਂ ਸੀ. ਆਰ. ਐਮ. ਮਸ਼ੀਨਾਂ ਨੂੰ ਮੈਪ ਕੀਤਾ ਗਿਆ ਹੈ ਅਤੇ ਕਿਸਾਨ ਇਸ ਮੋਬਾਈਲ ਐਪਲੀਕੇਸ਼ਨ ਰਾਹੀਂ ਆਪਣੇ ਆਸ-ਪਾਸ ਉਪਲਬਧ ਮਸ਼ੀਨ ਆਸਾਨੀ ਨਾਲ ਬੁੱਕ ਕਰਵਾ ਸਕਦੇ ਹਨ। ਉਨ ਾਂ ਦੱਸਿਆ ਕਿ ਮਸ਼ੀਨਾਂ ਦੀ ਬੁਕਿੰਗ ਪ੍ਰਕਿਰਿਆ ਵਿੱਚ ਕਿਸਾਨਾਂ ਦੀ ਸਹਾਇਤਾ ਲਈ ਨੋਡਲ ਅਫ਼ਸਰ ਤੇ ਵਿਲੇਜ਼ ਲੈਵਲ ਅਫ਼ਸਰ ਤਾਇਨਾਤ ਕੀਤੇ ਗਏ ਹਨ।

# ਮਹਿਲਾ ਮੁਲਾਜ਼ਮਾਂ ਨੇ ਡੀ ਸੀ ਦੇ ਨਾਂਅ ਏ ਡੀ ਸੀ ਚਾਬਾ ਨੂੰ ਦਿੱਤਾ ਮੰਗ ਪੱਤਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-** ਪੰਚਾਇਤੀ ਚੋਣਾਂ ਵਿੱਚ ਵੱਡੀ ਗਿਣਤੀ ਵਿੱਚ ਪਤੀ ਪਤਨੀ ਦੋਹਾਂ ਨੂੰ ਚੋਣ ਡਿਊਟੀਆਂ ਉੱਤੇ ਤਾਇਨਾਤ ਕਰ ਦਿੱਤਾ ਗਿਆ ਹੈ ਜਿਸ ਕਾਰਨ ਉਨ੍ਹਾਂ ਨੂੰ ਆਪਣੇ ਬੱਚਿਆਂ ਦੀ ਫ਼ਿਕਰ ਪੈ ਗਈ ਹੈ ਕਿ ਦੋ ਦਿਨਾਂ ਦੀ ਦਿਨ ਰਾਤ ਦੀ ਚੋਣ ਡਿਊਟੀ ਦੌਰਾਨ ਉਨ੍ਹਾਂ ਦੇ ਬੱਚਿਆਂ ਦੀ ਦੇਖਭਾਲ ਕੌਣ ਕਰੇਗਾ ? ਅਤੇ ਉਹ ਬੱਚਿਆਂ ਨੂੰ ਕਿਸ ਕੋਲ਼ ਛੱਡ ਕੇ ਆਉਣ? ਇਸ ਸੰਬੰਧੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ (ਡੀ ਟੀ ਐੱਫ਼) ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਜਨਰਲ ਸਕੱਤਰ ਇੰਦਰ ਸੁਖਦੀਪ ਸਿੰਘ ਓਢਰਾ, ਵਿੱਤ ਸਕੱਤਰ ਮਨਜੀਤ ਸਿੰਘ ਦਸੂਹਾ, ਮੀਤ ਪ੍ਰਧਾਨ ਹਰਿੰਦਰ ਸੁਮਨ, ਰਜਿੰਦਰ ਹੇਜਮਾਂ, ਜਸਪ੍ਰੀਤ ਕੌਰ ਅਤੇ ਹਰਦੀਪ ਕੌਰ ਆਦਿ ਆਗੂਆਂ ਦੀ ਅਗਵਾਈ ਵਿੱਚ ਮੁਲਾਜ਼ਮਾਂ ਦਾ ਇੱਕ ਵੱਡਾ ਵਫ਼ਦ ਜਿਸ ਵਿੱਚ ਵੱਡੀ ਗਿਣਤੀ ਵਿੱਚ ਮਹਿਲਾ ਮੁਲਾਜ਼ਮਾਂ ਵੀ ਸ਼ਾਮਲ ਸਨ ਏ.ਡੀ.ਸੀ. ਰਾਹੁਲ ਚਾਬਾ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਦੱਸੀਆਂ ਅਤੇ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣਕਾਰ ਅਫ਼ਸਰ ਦੇ ਨਾਂ ਇੱਕ ਮੰਗ ਪੱਤਰ ਦਿੱਤਾ ਜਿਸ ਰਾਹੀਂ ਉਨ੍ਹਾਂ ਮੰਗ ਕੀਤੀ ਕਿ ਇਹ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ ਹੁੰਦੀਆਂ ਹਨ ਜਿਸ ਅੰਦਰ ਕਿ ਹਰੇਕ ਪਿੰਡ ਵਿੱਚ ਵੱਖ ਵੱਖ ਉਮੀਦਵਾਰ ਹੁੰਦੇ ਹਨ ਇਸ ਲਈ ਉਹ ਕਿਸੇ ਵੀ ਤਰ੍ਹਾਂ ਚੋਣ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ। ਇਸ ਲਈ ਸਮੂਹ ਇਸਤਰੀ ਅਤੇ ਮਰਦ ਮੁਲਾਜ਼ਮਾਂ ਦੀ ਡਿਊਟੀ ਦੂਜੇ ਵਿਧਾਨ ਸਭਾ ਹਲਕਿਆਂ ਜਾਂ ਦੂਜੇ ਬਲਾਕਾਂ ਵਿੱਚ ਲਗਾਉਣ ਦੀ ਬਜਾਇ ਉਨ੍ਹਾਂ ਦੀ ਰਿਹਾਇਸ਼ ਦੇ ਨੇੜੇ ਹੀ ਲਗਾਈ ਜਾਵੇ ਅਤੇ ਜੇਕਰ ਪਤੀ ਅਤੇ ਪਤਨੀ ਦੋਨੋਂ ਸਰਕਾਰੀ ਮੁਲਾਜ਼ਮ ਹਨ ਤਾਂ ਦੋਹਾਂ ਵਿੱਚੋਂ ਪਤਨੀ ਨੂੰ ਚੋਣ ਡਿਊਟੀ ਤੋਂ ਛੋਟ ਦਿੱਤੀ ਜਾਵੇ ਤਾਂ ਜੋ ਓਹ ਘਰ ਵਿਚ ਆਪਣੇ ਬੱਚੇ ਵੀ ਸੰਭਾਲ ਸਕੇ। ਬੀ.ਐੱਲ.ਓਜ਼. ਨੂੰ ਪਹਿਲਾਂ ਹੀ ਬੂਥਾਂ ਉੱਤੇ ਹਾਜ਼ਰ ਰਹਿਣ ਦੇ ਹੁਕਮ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵਲੋਂ ਕੀਤੇ ਗਏ ਹਨ, ਪਰ ਕੱਲ੍ਹ ਉਨ੍ਹਾਂ ਨੂੰ ਨਵੀਆਂ ਚੋਣ ਡਿਊਟੀਆਂ ਮਿਲ ਗਈਆਂ ਹਨ, ਜਿਸ ਕਾਰਨ ਜ਼ਿਲ੍ਹੇ ਦੇ ਸਮੂਹ ਬੀ.ਐੱਲ.ਓਜ਼. ਦੁਚਿੱਤੀ ਵਿੱਚ ਹਨ ਕਿ ਉਹ ਇੱਕ ਸਮੇਂ ਦੋ-ਦੋ ਡਿਊਟੀਆਂ ਕਿਵੇਂ ਕਰਨ? ਉਨ੍ਹਾਂ ਮੰਗ ਕੀਤੀ ਕਿ ਬੀ.ਐੱਲ.ਓਜ਼. ਗਰਭਵਤੀ, ਵਿਧਵਾ, ਤਲਾਕਸ਼ੁਦਾ ਔਰਤ ਮੁਲਾਜ਼ਮਾਂ ਨੂੰ ਚੋਣ ਡਿਊਟੀ ਵਿੱਚ ਨਾ ਲਗਾਇਆ ਜਾਵੇ। ਪੰਚਾਇਤੀ ਚੋਣਾਂ ਵਿੱਚ ਲੜਾਈ ਝਗੜੇ ਦੇ ਡਰ ਕਾਰਨ ਔਰਤ ਮੁਲਾਜ਼ਮਾਂ ਨੂੰ ਪ੍ਰੀਜ਼ਾਈਡਿੰਗ ਅਫ਼ਸਰ ਨਾ ਲਗਾਇਆ ਜਾਵੇ। ਰਿਹਰਸਲਾਂ ਵਿੱਚ ਮੁਲਾਜ਼ਮਾਂ ਦੇ ਛਾਵੇਂ ਬੈਠਨ, ਪੱਖੇ, ਪੀਣ ਦੇ ਪਾਣੀ, ਖਾਣੇ, ਵਾਹਨ ਪਾਰਕਿੰਗ ਅਤੇ ਰਿਹਰਸਲ ਸਥਾਨ ਨੇੜੇ ਟਰੈਫਿਕ ਸੁਚਾਰੂ ਤਰੀਕੇ ਨਾਲ਼ ਚਲਾਉਣ, ਚੋਣ ਸਮੱਗਰੀ ਦੇਣ ਅਤੇ ਜਮ੍ਹਾਂ ਕਰਵਾਉਣ ਦੇ ਵੱਧ ਤੋਂ ਵੱਧ ਕਾਊਂਟਰ ਬਣਾਉਣ ਅਤੇ ਸਮਾਨ ਜਮ੍ਹਾਂ ਕਰਵਾਉਣ ਸੰਬੰਧੀ ਹਦਾਇਤਾਂ ਸਮਾਨ ਦੇਣ ਸਮੇਂ ਹੀ ਲਿਖ਼ਤੀ ਰੂਪ ਵਿੱਚ ਦੇਣ ਦੀ ਮੰਗ ਵੀ ਆਗੂਆਂ ਨੇ ਮੰਗ ਕੀਤੀ। ਆਗੂਆਂ ਕਿਹਾ ਕਿ ਚੋਣ ਅਮਲੇ ਦੀ ਰਿਹਾਇਸ਼, ਮੰਜੇ, ਬਿਸਤਰੇ, ਪੱਖੇ, ਭੋਜਨ ਪਾਣੀ ਆਦਿ ਦੇ ਪ੍ਰਬੰਧਾਂ ਦੀ ਡਿਊਟੀ ਲਈ ਸਰਪੰਚਾਂ, ਨੰਬਰਦਾਰਾਂ, ਗ੍ਰਾਮ ਪੰਚਇਤਾਂ, ਨਗਰ ਕੌਂਸਲਾਂ ਜਿਹੀਆਂ ਸਥਾਨਕ ਸੰਸਥਾਵਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਲਿਖਤੀ ਤੌਰ ਉੱਤੇ ਪੱਤਰ ਜਾਰੀ ਕੀਤੇ ਜਾਣ ਅਤੇ ਜੇਕਰ ਚੋਣ ਅਮਲੇ ਦੇ ਖਾਣੇ ਦੀ ਡਿਊਟੀ ਮਿਡ-ਡੇ-ਮੀਲ ਵਰਕਰਾਂ ਦੀ ਲਗਦੀ ਹੈ ਤਾਂ ਰਾਸ਼ਨ ਆਦਿ ਦੀ ਖਰੀਦ ਲਈ ਮਹਿੰਗਾਈ ਨੂੰ ਦੇਖਦੇ ਹੋਏ ਸਕੂਲਾਂ ਨੂੰ ਵੱਧ ਤੋਂ ਵੱਧ ਫ਼ੰਡ ਜਾਰੀ ਕੀਤੇ ਜਾਣ ਅਤੇ ਹਰੇਕ ਮਿਡ-ਡੇ-ਮੀਲ ਵਰਕਰ ਨੂੰ ਘੱਟੋ-ਘੱਟ ?1000 ਪ੍ਰਤੀ ਵਰਕਰ ਮਿਹਨਤਾਨੇ ਵਜੋਂ ਦਿੱਤੇ ਜਾਣ। ਚੋਣਾਂ ਤੋਂ ਪਹਿਲੇ ਦਿਨ ਅਤੇ ਚੋਣਾਂ ਦੀ ਸਮਾਪਤੀ ਉੱਤੇ ਵੋਟਿੰਗ ਮਸ਼ੀਨਾਂ ਅਤੇ ਹੋਰ ਸਮਾਨ ਜਮ੍ਹਾਂ ਕਰਵਾ ਕੇ ਮੁਲਾਜ਼ਮਾਂ ਨੂੰ ਘਰ ਜਾਣ ਲਈ ਸਮਾਨ ਜਮ੍ਹਾਂ ਕਰਵਾਉਣ ਵਾਲੇ ਸਥਾਨ ਤੋਂ ਹੀ ਵਿਸ਼ੇਸ਼ ਰਾਤਰੀ ਬੱਸਾਂ ਚਲਾਉਣ ਦੀ ਮੰਗ ਵੀ ਕੀਤੀ ਗਈ। ਵਫ਼ਦ ਨੇ ਚੋਣ ਡਿਊਟੀ ਅਤੇ ਰਿਹਰਸਲਾਂ ਆਦਿ ਦੌਰਾਨ ਉੱਚ ਅਧਿਕਾਰੀਆਂ ਵਲੋਂ ਹਰੇਕ ਕਰਮਚਾਰੀ ਨਾਲ ਸਨਮਾਨਜਨਕ ਵਤੀਰਾ ਕਰਨ ਦੀ ਵੀ ਮੰਗ ਕੀਤੀ।ਵਫ਼ਦ ਵਿੱਚ ਸ਼ਾਮਲ ਆਗੂਆਂ ਨੇ ਕਿਹਾ ਕਿ ਚੋਣ ਡਿਊਟੀਆਂ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਮਾਣਯੋਗ ਡਿਪਟੀ ਕਮਿਸ਼ਨਰ ਅਤੇ ਅਧਿਕਾਰੀਆਂ ਨਾਲ਼ ਯੂਨੀਅਨ ਦੀ ਪੈਨਲ ਮੀਟਿੰਗ ਕਰਕੇ ਇਸ ਦੇ ਹੱਲ ਕੀਤੇ ਜਾਣ ਨਹੀਂ ਤਾਂ ਉਹ ਅਗਲੀ ਮੀਟਿੰਗ ਕਰਕੇ ਸੰਘਰਸ਼ ਦਾ ਐਲਾਨ ਕਰਨ ਲਈ ਮਜਬੂਰ ਹੋਣਗੇ। ਏ.ਡੀ.ਸੀ. ਚਾਬਾ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਓਹ ਜਲਦ ਹੀ ਉਨ੍ਹਾਂ ਦੀ ਇਸ ਮੁੱਦੇ ਉੱਤੇ ਡੀ.ਸੀ. ਸਾਹਿਬਾ ਅਤੇ ਸਮੂਹ ਜ਼ਿਲ੍ਹਾ ਅਫ਼ਸਰਸ਼ਾਹੀ ਨਾਲ਼ ਪੈਨਲ ਮੀਟਿੰਗ ਕਰਵਾਉਣਗੇ। ਇਸ ਵਫ਼ਦ ਵਿੱਚ ਮੈਡਮ ਮੀਨੂ, ਸਾਕਸ਼ੀ ਬਾਲਾ, ਨੀਰੂ, ਮੀਨੂ, ਮਨਦੀਪ ਕੌਰ, ਮਧੂ ਸ਼ਰਮਾ, ਅਲੀਸ਼ਾ, ਨਮਿਤਾ, ਰਵਿੰਦਰ ਕੌਰ, ਵਰਿੰਦਰ ਸੈਣੀ, ਨੰਦ ਰਾਮ, ਰਜਨੀਸ਼ ਕੁਮਾਰ ਅਤੇ ਦਲਜੀਤ ਸਿੰਘ ਆਦਿ ਆਗੂ ਵੀ ਸ਼ਾਮਲ ਸਨ।



# ਐੱਲ ਪੀ ਯੂ ਵੱਲੋਂ ਪ੍ਰੇਰਕ ਸੈਸ਼ਨ ਦਾ ਆਯੋਜਨ



**ਜਲੰਧਰ (ਸ਼ੈਲੀ ਐਲਬਰਟ)-** ਵਿਦਿਆਰਥੀਆਂ ਵਿੱਚ ਉੱਦਮੀ ਭਾਵਨਾ ਨੂੰ ਜਗਾਉਣ ਲਈ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਉੱਦਮੀ ਅਤੇ ਸਟਾਰਟਅਪ ਵਿਭਾਗ ਨੇ ਦ ਫਾਊਂਡਰਜ਼: ਬਿਗਨਰਜ਼ ਟੂ ਬ੍ਰੇਕਥਰੂ ਦਾ ਆਯੋਜਨ ਕੀਤਾ। ਇਸ ਈਵੈਂਟ ਵਿੱਚ ਸ਼ਾਰਕ ਟੈਂਕ ਇੰਡੀਆ ਵਿੱਚ ਭਾਗ ਲੈਣ ਵਾਲੇ ਨਾਮਵਰ ਸਟਾਰਟ-ਅੱਪ ਸੰਸਥਾਪਕ ਸ਼ਾਮਲ ਹੋਏ। ਇਨ੍ਹਾਂ ਉੱਦਮੀਆਂ ਨੇ ਆਪਣੇ ਕਾਰੋਬਾਰ ਸ਼ੁਰੂ ਕਰਨ ਦੀ ਆਪਣੀ ਯਾਤਰਾ ਸਾਂਝੀ ਕੀਤੀ ਅਤੇ ਐੱਲ ਪੀ ਯੂ ਵਿੱਚ ਉਭਰਦੇ ਉੱਦਮੀਆਂ ਲਈ ਪ੍ਰੇਰਨਾ ਪ੍ਰਦਾਨ ਕੀਤੀ ।

ਐੱਲ ਪੀ ਯੂ ਦੇ ਪ੍ਰੋ ਚਾਂਸਲਰ ਕਰਨਲ ਡਾ.ਰਸ਼ਮੀ ਮਿੱਤਲ ਨੇ ਨਵੀਆਂ ਕੰਪਨੀਆਂ ਅਤੇ ਸਟਾਰਟ-ਅੱਪ ਦੇ ਨਿਰਮਾਤਾਵਾਂ, ਅੰਕੁਸ਼ ਬਰਜਾਤਾ ਫਾਊਂਡਰ ਦੀਵਾ, ਵਿਵੇਕ ਕ੍ਰਿਸ਼ਨਾ ਫਾਊਂਡਰ ਸੁਖਮ, ਸਾਹਿਲ ਮਨਰਾਲ ਅਤੇ ਧਰੁਵ ਫਾਊਂਡਰ ਰਾਈਜ਼, ਹਿਮਾਂਸ਼ੂ ਅਦਲਖਾ ਫਾਊਂਡਰ ਵਿੰਸਟਨ ਅਤੇ ਅਨੁਜ ਫਾਊਂਡਰ ਬੁੱਕਾ ਬੁਕੀ ਦਾ ਸਵਾਗਤ ਕੀਤਾ। ਕਰਨਲ ਡਾ. ਰਸ਼ਮੀ ਮਿੱਤਲ ਨੇ ਕਿਹਾ, ਇਹ ਪਲੇਟਫਾਰਮ ਸਾਡੇ ਵਿਦਿਆਰਥੀਆਂ ਨੂੰ ਉਦਯੋਗ ਦੇ ਵੱਖ-ਵੱਖ ਨੇਤਾਵਾਂ ਨਾਲ ਅਰਥਪੂਰਨ ਗੱਲਬਾਤ ਕਰਨ ਲਈ ਇੱਕ ਵਧੀਆ ਪਲੇਟਫਾਰਮ ਪ੍ਰਦਾਨ ਕਰਦਾ ਹੈ, ਜਿਸ ਨਾਲ ਉਹ ਉੱਦਮਤਾ ਅਤੇ ਨਵੀਨਤਾ ਦੀ ਦੁਨੀਆ ਵਿੱਚ ਹੁਨਰ ਹਾਸਲ ਕਰਨ ਦੇ ਯੋਗ ਬਣਦੇ ਹਨ। ਐੱਲ ਪੀ ਯੂ ਮੌਕਿਆਂ ਦਾ ਇੱਕ ਸਮੁੰਦਰ ਹੈ; ਇਸ ਵਿੱਚ ਡੁਬਕੀ ਲਗਾਉਣ, ਖੋਜ ਕਰਨ ਅਤੇ ਸਫਲਤਾ ਤੱਕ ਪਹੁੰਚਣ ਲਈ ਤੁਹਾਡੀ ਪਹਿਲਕਦਮੀ ਦੀ ਲੋੜ ਹੈ । ਚਰਚਾ ਨੇ ਸ਼ੁਰੂਆਤੀ ਚੁਣੌਤੀਆਂ 'ਤੇ ਕਾਬੂ ਪਾਉਣਾ, ਸਟਾਰਟਅੱਪ ਨੂੰ ਵਧਾਉਣਾ, ਨਿਵੇਸ਼ ਸੁਰੱਖਿਅਤ ਕਰਨਾ ਅਤੇ ਸਫਲਤਾ ਪ੍ਰਾਪਤ ਕਰਨ ਵਿੱਚ ਲਗਨ ਦੀ ਭੂਮਿਕਾ ਵਰਗੇ ਵਿਸ਼ਿਆਂ 'ਤੇ ਚਰਚਾ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਵੱਲ ਅਹਿਮ ਕਦਮ ਚੁੱਕਣ ਅਤੇ ਸਿਰਫ਼ ਵਿਚਾਰਾਂ ਨੂੰ ਆਪਣੇ ਮਨ ਤੱਕ ਸੀਮਤ ਨਾ ਰੱਖਣ। ਸੰਸਥਾਪਕਾਂ ਨੇ ਕਿਹਾ ਕਿ ਸਹੀ ਸਾਥੀ ਨਾਲ ਕੰਮ ਕਰਨਾ ਮਹੱਤਵਪੂਰਨ ਹੈ ਜਿਸ ਦੇ ਸੁਪਨੇ ਤੁਹਾਡੀ ਉੱਦਮੀ ਯਾਤਰਾ ਤੇ ਤੁਹਾਡੇ ਨਾਲ ਮੇਲ ਖਾਂਦੇ ਹਨ, ਅਜਿਹੀਆਂ ਭਾਈਵਾਲੀ ਨਾ ਸਿਰਫ਼ ਸਮੱਸਿਆ ਨੂੰ ਹੱਲ ਕਰਨ ਵਿੱਚ ਮਦਦ ਕਰਦੀ ਹੈ, ਸਗੋਂ ਸਾਂਝੇ ਸੁਪਨਿਆਂ ਨੂੰ ਅੱਗੇ ਵਧਾਉਣ ਵਿੱਚ ਵੀ ਮਦਦ ਕਰਦੀ ਹੈ।

# ਇੱਕ ਰੋਜ਼ਾ ਟ੍ਰੇਨਿੰਗ ਕੈਂਪ




**ਬਲਾਚੌਰ (ਜਸਵਿੰਦਰ ਬੈਂਸ)-**ਪੀ ਐਮ ਆਈ ਡੀ ਸੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਸਟੇਨਬਿਲਟੀ ਲੀਡਰਸ਼ਿਪ ਪ੍ਰੋਗਰਾਮ ਤਹਿਤ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਹਰਵਿੰਦਰ ਪਾਲ ਸਿੰਘ ਮੁੱਖ ਅਧਿਆਪਕ, ਨੋਡਲ ਅਫ਼ਸਰ ਅਮਿਤ ਦੇ ਸਹਿਯੋਗ ਨਾਲ ਸਵੱਛ ਭਾਰਤ ਟੀਮ ਦੀ ਪ੍ਰੋਗਰਾਮ ਕੋਆਰਡੀਨੇਟਰ ਮਨਿੰਦਰ ਕੌਰ ਤੇ ਟੀਮ ਮੈਂਬਰਾਂ ਵੱਲੋਂ ਵਿਦਿਆਰਥੀਆਂ ਦਾ ਇੱਕ ਰੋਜ਼ਾ ਟ੍ਰੇਨਿੰਗ ਕੈਂਪ ਲਗਾਇਆ ਗਿਆ ਜਿਸ ਵਿਚ ਵਿਦਿਆਰਥੀਆਂ ਨੂੰ ਸੋਲਿਡ ਵੇਸਟ ਮੈਨੇਜਮੈਂਟ, ਗਿੱਲੇ ਤੇ ਸੁੱਕੇ ਕੂੜੇ ਦਾ ਸਹੀ ਪ੍ਰਬੰਧ ਕਰਨਾ, ਹੋਮ ਕੰਪੋਸਟਿੰਗ, ਪਲਾਸਟਿਕ ਤੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ ਬਾਰੇ ਜਾਗਰੂਕ ਕੀਤਾ ਗਿਆ। ਟੀਮ ਮੈਂਬਰਾਂ ਵੱਲੋਂ ਲਾਈਵ ਡੈਮੋ ਕਰਕੇ ਦੱਸਿਆ ਗਿਆ ਕਿ ਘਰਾਂ ਵਿੱਚ ਤੇ ਸਕੂਲ ਵਿੱਚ ਕਿਵੇਂ ਵੇਸਟ ਮੈਨੇਜਮੈਂਟ ਕਰਨਾ ਹੈ। ਵਿਦਿਆਰਥੀਆਂ ਤੋਂ ਫੀਡ ਬੈਕ ਵੀ ਲਈ ਗਈ। ਉਪਰੋਕਤ ਐਕਟੀਵਿਟੀ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਸ੍ਰੀ ਕੇਵਲ ਕ੍ਰਿਸ਼ਨ ਤੇ ਸੈਨੇਟਰੀ ਇੰਸਪੈਕਟਰ ਭਾਰਤ ਭੂਸ਼ਨ ਦੀ ਅਗਵਾਈ ਹੇਠ ਕਰਵਾਈ ਗਈ।

# ਸਰਕਾਰੀ ਪ੍ਰਾਇਮਰੀ ਸਕੂਲ ਬਲਾਕ ਟਾਂਡਾ -2 ਦੀਆਂ ਤਿੰਨ ਦਿਨਾ ਖੇਡਾਂ ਆਰੰਭ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)-**ਜ਼ਿਲ੍ਹਾ ਖੇਡ ਅਫਸਰ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਗਿਆਨੀ ਕਰਤਾਰ ਸਿੰਘ ਯਾਦਗਾਰੀ ਸਰਕਾਰੀ ਕਾਲਜ ਟਾਂਡਾ ਦੀ ਗਰਾਊਂਡ ਵਿੱਚ ਬਲਾਕ ਟਾਂਡਾ-2 ਦੀਆਂ ਸਰਕਾਰੀ ਪ੍ਰਾਇਮਰੀ ਸਕੂਲ ਖੇਡਾਂ ਆਰੰਭ ਹੋ ਗਈਆਂ।ਬਲਾਕ ਖੇਡ ਇੰਚਾਰਜ ਮੈਡਮ ਬਲਜਿੰਦਰ ਕੌਰ ਦੀ ਅਗਵਾਈ ਤੇ ਖੇਡ ਕਮੇਟੀ ਦੇ ਪ੍ਰਧਾਨ ਗੁਰਦਿਆਲ ਸਿੰਘ ਮੂਨਕਾਂ ਦੀ ਦੇਖ-ਰੇਖ ਹੇਠ ਸ਼ੁਰੂ ਹੋਈਆਂ ਇਹਨਾਂ 3 ਦਿਨਾਂ ਖੇਡਾਂ ਦੀ ਆਰੰਭਤਾ ਸਮੇਂ ਸੀਤਾ ਦੇਵੀ ਮੈਮੋਰੀਅਲ ਵੇਵਜ ਹਸਪਤਾਲ ਟਾਂਡਾ ਦੇ ਡਾਇਰੈਕਟਰ ਡਾ. ਲਵਪ੍ਰੀਤ ਸਿੰਘ ਪਾਬਲਾ, ਅਥਲੈਟਿਕ ਕੋਚ ਕੁਲਵੰਤ ਸਿੰਘ ਸੈਣੀ, ਬ੍ਰਿਟਿਸ਼ ਐਕਸਪਰਟ ਟਾਂਡਾ ਦੇ ਡਾਇਰੈਕਟਰ ਸੁਖਨਿੰਦਰ ਸਿੰਘ ਕਲੋਟੀ, ਫਤਹਿ ਅਕੈਡਮੀ ਟਾਂਡਾ ਦੇ ਡਾਇਰੈਕਟਰ ਤਜਿੰਦਰ ਸਿੰਘ ਢਿੱਲੋਂ , ਸਮਾਜ ਸੇਵੀ ਪ੍ਰਦੀਪ ਵਿਰਲੀ ਨੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋ ਕੇ ਜਿੱਥੇ ਇਹਨਾਂ ਖੇਡਾਂ ਦਾ ਸਾਂਝੇ ਤੌਰ ਤੇ ਉਦਘਾਟਨ ਕੀਤਾ ਉੱਥੇ ਹੀ ਖੇਡਾਂ ਵਿੱਚ ਭਾਗ ਲੈਣ ਵਾਲੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੂੰ ਆਸ਼ੀਰਵਾਦ ਵੀ ਦਿੱਤਾ।ਇਸ ਮੌਕੇ ਉਕਤ ਸ਼ਖਸ਼ੀਅਤਾਂ ਨੇ ਖੇਡ ਵਿਭਾਗ ਅਤੇ ਸਮੂਹ ਟੀਚਰਾਂ ਵੱਲੋਂ ਸਾਂਝੇ ਤੌਰ 'ਤੇ ਕਰਵਾਏ ਜਾ ਰਹੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਕਰਨ ਨਾਲ ਕਈ ਪ੍ਰਤਿਭਾਵਾਨ ਖਿਡਾਰੀ ਸਾਡੇ ਸਾਹਮਣੇ ਆ ਸਕਦੇ ਹਨ।ਇਸ ਮੌਕੇ ਉਕਤ ਪ੍ਰਮੁੱਖ ਸ਼ਖਸ਼ੀਅਤਾਂ ਨੇ ਬੱਚਿਆਂ ਨੂੰ ਪੂਰੀ ਖੇਡ ਭਾਵਨਾ ਨਾਲ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਨਾ ਦਿੱਤੀ।ਇਸ ਮੌਕੇ ਖੇਡ ਇੰਚਾਰਜ ਮੈਡਮ ਬਲਜਿੰਦਰ ਕੌਰ ਤੇ ਖੇਡ ਕਮੇਟੀ ਪ੍ਰਧਾਨ ਮਾਸਟਰ ਗੁਰਦਿਆਲ ਸਿੰਘ ਨੇ ਜਿੱਥੇ ਪਹੁੰਚੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ ਉੱਥੇ ਹੀ ਉਹਨਾਂ ਦੱਸਿਆ ਕਿ ਤਿੰਨ ਦਿਨਾਂ ਚੱਲਣ ਵਾਲੀਆਂ ਇਹਨਾਂ ਖੇਡਾਂ ਦੌਰਾਨ ਬਲਾਕ ਟਾਂਡਾ -2 ਅਧੀਨ ਆਉਂਦੇ ਕਰੀਬ 59 ਸਕੂਲਾਂ ਦੇ ਬੱਚੇ ਅਥਲੈਟਿਕ, ਖੋ ਖੋ, ਬੈਡਮਿੰਟਨ,ਕਬੱਡੀ ਨੈਸ਼ਨਲ ਸਟਾਈਲ, ਚੈੱਸ, ਲੌਂਗ ਜੰਪ, ਹਾਈ ਜੰਪ ਵਿੱਚ ਭਾਗ ਲੈ ਕੇ ਆਪਣੀ ਪ੍ਰਤਿਭਾ ਦਾ ਪ੍ਰਗਟਾਵਾ ਕਰਨਗੇ।ਉਹਨਾਂ ਹੋਰ ਦੱਸਿਆ ਕਿ ਇਹਨਾਂ ਖੇਡਾਂ ਵਿੱਚ ਜੇਤੂ ਰਹੇ ਬੱਚੇ ਜ਼ਿਲਾ ਪੱਧਰੀ ਟੂਨਾਮੈਂਟ ਲਈ ਕੁਆਲੀਫਾਈ ਕਰਨਗੇ।ਇਸ ਮੌਕੇ ਪਹਿਲੇ ਦਿਨ ਹੋਈਆਂ ਖੇਡਾਂ ਦੌਰਾਨ 100 ਮੀਟਰ ਦੌੜ ਲੜਕਿਆਂ ਦੇ ਵਰਗ ਵਿੱਚ ਧੁੱਗਾ ਕਲਾ ਸਕੂਲ ਦੇ ਜਸਪ੍ਰੀਤ ਸਿੰਘ ਨੇ ਪਹਿਲਾ, ਤੇਗਵੀਰ ਸਿੰਘ ਮਸੀਤਪਲਕੋਟ ਨੇ ਦੂਸਰਾ ਸਥਾਨ ਹਾਸਿਲ ਕੀਤਾ, ਲੜਕੀਆਂ ਦੇ ਵਰਗ ਵਿੱਚ ਰਜਨੀ ਮੂਨਕ ਕਲਾ ਨੇ ਪਹਿਲਾ, ਹਰਪ੍ਰੀਤ ਕੌਰ ਦਾਰਾਪੁਰ ਨੇ ਦੂਸਰਾ ਸਥਾਨ ਹਾਸਿਲ ਕੀਤਾ ਇਸੇ ਤਰ੍ਹਾਂ ਹੀ 200 ਮੀਟਰ ਦੌੜ ਲੜਕਿਆਂ ਦੇ ਵਰਗ ਵਿੱਚ ਅਜੇ ਕੁਮਾਰ ਧੁੱਗਾ ਕਲਾ ਨੇ ਪਹਿਲਾ, ਰਹਿਮਾਨ ਅਲੀ ਕੰਧਾਲਾ ਸ਼ੇਖ ਖਾਨ ਨੇ ਦੂਸਰਾ ਸਥਾਨ ਹਾਸਿਲ ਕੀਤਾ ਲੜਕੀਆਂ ਦੇ ਵਰਗ ਵਿੱਚ ਰਜਨੀ ਮੂਨਕ ਕਲਾ ਨੇ ਪਹਿਲਾ ਤੇ ਪਵਨਪ੍ਰੀਤ ਕੌਰ ਮਿਆਣੀ ਨੇ ਦੂਸਰਾ ਸਥਾਨ ਹਾਸਿਲ ਕੀਤਾ। 400 ਮੀਟਰ ਦੌੜ ਲੜਕਿਆਂ ਦੇ ਵਰਗ ਵਿੱਚ ਸੁਮਿਤ ਸਿੰਘ ਜੌਹਲ ਨੇ ਪਹਿਲਾ ਤੇ ਲੌਂਕਸ਼ ਧੁੱਗਾ ਕਲਾ ਨੇ ਦੂਸਰਾ ਸਥਾਨ ਹਾਸਿਲ ਕੀਤਾ ਲੜਕੀਆਂ ਦੇ ਵਰਗ ਵਿੱਚ ਰਾਣੀ ਮਿਆਣੀ ਨੇ ਪਹਿਲਾ ਤੇ ਇੰਜਨ ਫਰੀਦਕੋਟ ਜਾਜਾ ਨੇ ਦੂਸਰਾ ਸਥਾਨ ਹਾਸਿਲ ਕੀਤਾ। ਇਸ ਮੌਕੇ ਸੈਂਟਰ ਹੈਡ ਟੀਚਰ ਜਸਵੀਰ ਕੌਰ, ਮਨਜੀਤ ਕੌਰ, ਜਸਵਿੰਦਰ ਕੌਰ, ਸੁਖਵਿੰਦਰ ਕੌਰ, ਗੁਰਦੀਪ ਸਿੰਘ, ਅਮਰਜੀਤ ਸਿੰਘ, ਸੈਂਟਰ ਹੈਡ ਟੀਚਰ ਸੰਜੀਵ ਕੁਮਾਰ ,ਗੁਰਪ੍ਰੀਤ ਸਿੰਘ ਤੋਂ ਇਲਾਵਾ ਮਨਜਿੰਦਰ ਸਿੰਘ ਤੱਲਾ, ਪ੍ਰਿੰਸ,ਇਕਬਾਲ ਸਿੰਘ, ਬਲਜੀਤ ਸਿੰਘ ਤੱਲਾ, ਦਵਿੰਦਰ ਸਿੰਘ, ਪਰਵੀਨ ਚੌਧਰੀ, ਗੁਰਚਰਨ ਸਿੰਘ ਤੋਂ ਇਲਾਵਾ ਗੁਰਭਜਨ ਸਿੰਘ, ਦਲਵੀਰ ਸਿੰਘ, ਪਰਮਜੀਤ ਸਿੰਘ, ਸੁਖਵਿੰਦਰ ਸਿੰਘ, ਦਵਿੰਦਰਜੀਤ ਸਿੰਘ, ਮਨਿੰਦਰ ਪਾਲ ਕੌਰ, ਮੀਨਾ ਰਾਣੀ, ਸਰਬਜੀਤ ਕੌਰ, ਦੀਪਕ ਕੁਮਾਰ ਆਦਿ ਨਾਲ ਵੱਖ-ਵੱਖ ਸਕੂਲਾਂ ਦੇ ਸਟਾਫ ਮੈਂਬਰ ਵੀ ਮੌਜੂਦ ਸਨ।



# ਸੀ ਟੀ ਵਰਲਡ ਸਕੂਲ ਦੇ ਡਾਂਡੀਆ ਨਾਈਟ 'ਚ 500 ਤੋਂ ਵੱਧ ਭਾਗੀਦਾਰ ਹੋਏ ਸ਼ਾਮਲ



**ਜਲੰਧਰ (ਸ਼ੈਲੀ ਐਲਬਰਟ)-**ਸੀਟੀ ਵਰਲਡ ਸਕੂਲ ਨੇ 500 ਤੋਂ ਵੱਧ ਭਾਗੀਦਾਰਾਂ ਨੂੰ ਸੰਗੀਤ, ਡਾਂਸ ਅਤੇ ਸੁਆਦੀ ਭੋਜਨ ਦਾ ਅਨੰਦ ਲੈਣ ਲਈ ਆਕਰਸ਼ਿਤ ਕਰਦੇ ਹੋਏ ਇੱਕ ਜੀਵੰਤ ਡਾਂਡੀਆ ਨਾਈਟ ਨਾਲ ਨਵਰਾਤਰੀ ਦਾ ਜਸ਼ਨ ਮਨਾਇਆ। ਇਹ ਸਮਾਗਮ ਸੱਭਿਆਚਾਰਕ ਵਿਰਾਸਤ ਦਾ ਇੱਕ ਜੀਵੰਤ ਪ੍ਰਦਰਸ਼ਨ ਸੀ, ਜਿਸ ਵਿੱਚ ਤਿਉਹਾਰਾਂ ਦੀ ਇੱਕ ਅਭੁੱਲ ਸ਼ਾਮ ਲਈ ਵਿਦਿਆਰਥੀਆਂ, ਪਰਵਾਰਾਂ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠਾ ਕੀਤਾ ਗਿਆ। ਪ੍ਰਤੀਭਾਗੀਆਂ ਨੇ ਆਪਣੇ ਰੰਗ-ਬਿਰੰਗੇ ਪਹਿਰਾਵੇ ਦਾ ਪ੍ਰਦਰਸ਼ਨ ਕੀਤਾ ਅਤੇ ਨਵਰਾਤਰੀ ਦੀ ਭਾਵਨਾ ਵਿੱਚ ਇਕੱਠੇ ਨੱਚਣ ਦਾ ਅਨੰਦ ਲਿਆ । ਇਸ ਸਮਾਗਮ ਵਿੱਚ ਪਰਿੰਦੇ ਦੇ ਸੰਸਥਾਪਕ ਰਾਜਨ ਸਿਆਲ ਦੀ ਅਗਵਾਈ ਵਿੱਚ ਡਾਂਸ ਸੈਸ਼ਨ ਪੇਸ਼ ਕੀਤੇ ਗਏ, ਜਿਨ੍ਹਾਂ ਨੇ ਰਵਾਇਤੀ ਡਾਂਡੀਆ ਸੰਗੀਤ ਨਾਲ ਭੀੜ ਨੂੰ ਉਤਸ਼ਾਹਤ ਕੀਤਾ । ਇਸ ਮੌਕੇ ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ, ਕੋ-ਚੇਅਰਪਰਸਨ ਪਰਮਿੰਦਰ ਕੌਰ, ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਅਤੇ ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਹਾਜ਼ਰ ਸਨ । ਜਿਨ੍ਹਾਂ ਨੇ ਮੌਜ-ਮਸਤੀ ਵਿਚ ਸ਼ਾਮਲ ਹੋ ਕੇ ਤਿਉਹਾਰ ਦੀ ਭਾਵਨਾ ਨੂੰ ਮਨਾਇਆ । ਚਰਨਜੀਤ ਸਿੰਘ ਨੇ ਕਿਹਾ, ਇਹ ਡਾਂਡੀਆ ਨਾਈਟ ਸਾਡੇ ਭਾਈਚਾਰੇ ਨੂੰ ਇਕਜੁੱਟ ਕਰਨ ਦਾ ਇੱਕ ਸ਼ਾਨਦਾਰ ਤਰੀਕਾ ਹੈ। ਬਹੁਤ ਸਾਰੇ ਲੋਕਾਂ ਨੂੰ ਸਾਡੀਆਂ ਪਰੰਪਰਾਵਾਂ ਦਾ ਅਨੰਦ ਮਾਣਦੇ ਹੋਏ ਦੇਖਣਾ ਬਹੁਤ ਵਧੀਆ ਹੈ।

# ਬਲਕਾਰ ਸਿੰਘ ਸ਼ੇਖ਼ੂਪੁਰੀਆ ਸਰਬਸੰਮਤੀ ਨਾਲ ਜੋਧਪੁਰ ਦੇ ਸਰਪੰਚ ਚੁਣੇ



**ਮਮਦੋਟ, (ਜਸਬੀਰ ਸਿੰਘ ਕੰਬੋਜ)** ਜ਼ਿਲ੍ਹਾ ਫ਼ਿਰੋਜ਼ਪੁਰ ਦੇ ਮਮਦੋਟ ਬਲਾਕ ਅਧੀਨ ਆਉਂਦੇ ਪਿੰਡ ਜੋਧਪੁਰ ਦੀ ਪੰਚਾਇਤ ਦੀ ਸਰਬਸੰਮਤੀ ਨਾਲ ਚੋਣ ਵਿੱਚ ਬਲਕਾਰ ਸਿੰਘ ਜੋਸਨ (ਸ਼ੇਖ਼ੂਪੁਰੀਆ) ਨੂੰ ਸਰਬਸੰਮਤੀ ਨਾਲ ਸਰਪੰਚ ਚੁਣ ਲਿਆ ਗਿਆ। ਇਸ ਤੋਂ ਪਹਿਲਾਂ ਉਹ ਪਿੰਡ ਜੋਧਪੁਰ ਦੀ ਪੰਚਾਇਤ ਵਿੱਚ ਬਤੌਰ ਮੈਂਬਰ ਪੰਚਾਇਤ ਵੀਂ ਬਾਖੂਬੀ ਸੇਵਾਵਾਂ ਨਿਭਾਅ ਚੁੱਕੇ ਹਨ। ਸਰਬਸੰਮਤੀ ਨੂੰ ਨੇਪਰੇ ਚਾੜ੍ਹਨ ਵਿੱਚ ਕਿਸਾਨ ਆਗੂ ਬਲਕਾਰ ਸਿੰਘ, ਹਰਬੰਸ ਸਿੰਘ, ਚਮਕੌਰ ਸਿੰਘ ਗਿੱਲ, ਮਲਕੀਤ ਸਿੰਘ ਲਾਡੀ, ਬਲਵੀਰ ਸਿੰਘ ਨੰਬਰਦਾਰ, ਆੜ੍ਹਤੀਆ ਹਰਭਜਨ ਸਿੰਘ, ਦਰਸ਼ਨ ਸਿੰਘ (ਜੋਸਨ ਮੈਡੀਕਲ), ਸੈਕਟਰੀ ਗੁਰਮੀਤ ਸਿੰਘ, ਸੁਖਵਿੰਦਰ ਸਿੰਘ ਸੁੱਖਾ, ਮੇਜਰ ਸਿੰਘ ਨੰਦਾ, ਹਰਨਾਮ ਸਿੰਘ, ਗੁਰਨਾਮ ਸਿੰਘ, ਜਸਬੀਰ ਸਿੰਘ ਟੁਰਨਾ, ਕੁਲਵੰਤ ਸਿੰਘ ਕੰਡਾ, ਜਗਜੀਤ ਸਿੰਘ, ਬਲਕਾਰ ਸਿੰਘ ਡਾਕਟਰ, ਪ੍ਰਤਾਪ ਸਿੰਘ ਨੰਬਰਦਾਰ, ਵੱਸਣ ਸਿੰਘ, ਭਗਵਾਨ ਸਿੰਘ, ਪ੍ਰਤਾਪ ਸਿੰਘ ਬੱਬੀ, ਮੇਜਰ ਸਿੰਘ ਰੋਸਾ ਤੇ ਵਿਸ਼ੇਸ਼ ਕਰਕੇ ਮਲਕੀਤ ਸਿੰਘ ਮਹਿਰੋਕ ਤੇ ਜਸਬੀਰ ਸਿੰਘ ਮਹਿਰੋਕ ਨੇ ਵਿਸ਼ੇਸ਼ ਭੂਮਿਕਾ ਨਿਭਾਈ।

ਸਮੁੱਚੇ ਪਿੰਡ ਵਾਸੀਆਂ ਦੇ ਆਪਸੀ ਸਹਿਯੋਗ ਨਾਲ ਸਰਬਸੰਮਤੀ ਨਾਲ ਮਲਕੀਤ ਸਿੰਘ ਲਾਡੀ, ਹਰਮਨਪ੍ਰੀਤ ਸਿੰਘ (ਲਾਲਾ), ਬਿਕਰਮਜੀਤ ਸਿੰਘ ਗੋੜੀਆ, ਨਿਰਮਲ ਸਿੰਘ (ਅਠੂ), ਦਵਿੰਦਰ ਕੌਰ, ਦਰਸ਼ਨ ਕੌਰ ਤੇ ਸੁਨੀਤਾ ਰਾਣੀ ਨੂੰ ਵੱਖ-ਵੱਖ ਵਾਰਡਾਂ ਤੋਂ ਮੈਂਬਰ ਪੰਚਾਇਤ ਚੁਣਿਆ ਗਿਆ। ਇਸ ਮੌਕੇ ਨਵੇਂ ਚੁਣੇ ਗਏ ਸਰਪੰਚ ਬਲਕਾਰ ਸਿੰਘ ਨੇ ਸਮੁੱਚੇ ਪਿੰਡ ਵਾਸੀਆਂ ਦਾ ਧੰਨਵਾਦ ਕਰਦੇ ਹੋਏ ਵਿਸ਼ਵਾਸ ਦੁਆਇਆ ਕਿ ਪਿੰਡ ਦੇ ਸਰਬਪੱਖੀ ਵਿਕਾਸ ਵਾਸਤੇ ਸਾਰੇ ਕੰਮ ਬਿਨਾਂ ਕਿਸੇ ਭੇਦਭਾਵ ਦੇ ਕੀਤੇ ਜਾਣਗੇ।

# ਸਕੂਲ ਪ੍ਰਿੰਸੀਪਲ ਕੰਵਲਜੀਤ ਕੌਰ ਨੂੰ ਸਨਮਾਨਤ ਕੀਤਾ

**ਕਰਤਾਰਪੁਰ (ਹਰਮੇਸ਼ ਦੱਤ)** ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਦੀ ਪ੍ਰਿੰਸੀਪਲ ਕੰਵਲਜੀਤ ਕੌਰ ਨੂੰ ਸਨਮਾਨਤ ਕੀਤਾ ਗਲੋਬਲ ਸਕੂਲ ਲੀਡਰਜ਼ ਕੰਸੋਰਟੀਅਮ (ਜੀ ਐੱਸ ਐੱਲ ਸੀ ) ਨੇ ਹਯਾਤ ਰੀਜੈਂਸੀ ਚੰਡੀਗੜ੍ਹ ਵਿਖੇ ਸਹਿਯੋਗ ਆਤਮਕ ਉਤਕਿ ?ਮਟ ਪੁਰਸਕਾਰ 2024 ਦਾ ਅਯੋਜਨ ਕੀਤਾ ਗਿਆ ਇਸ ਪ੍ਰੋ ?ਗਰਾਮ ਵਿੱਚ ਡਿਬੇਟ,ਪੈਨਲ ਡਿਸਕਸ਼ਨ,ਵਰਕਸ਼ਾਪ ਵਰਗੀਆ ਗਤੀਵਿਧੀਆਂ ਕਰਵਾਈਆ ਗਈਆ ਇਨਾਮ ਵੰਡ ਸਮਾਗਮ ਵਿੱਚ ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਦੀ ਪ੍ਰਿੰਸੀਪਲ ਕੰਵਲਜੀਤ ਕੌਰ ਨੂੰ ਉਨ੍ਹਾਂ ਸਾਨਦਾਰ ਸੇਵਾਵਾਂ ਅਤੇ ਸਿਖਿਆ ਦੇ ਖੇਤਰ ਵਿੱਚ ਸਹਿਯੋਗ ਲਈ ਅਵਾਰਡ ਨਾਲ ਸਨਮਾਨਤ ਕੀਤਾ ਪ੍ਰਿੰਸੀਪਲ ਕੰਵਲਜੀਤ ਕੌਰ ਨੇ ਆਪਣੇ ਲਗਾਤਾਰ ਯਤਨਾਂ ਨਾਲ ਸਕੂਲ ਨੂੰ ਵਿੱਦਿਆ ਦੇ ਖੇਤਰ ਵਿੱਚ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ ਹੈ । ਇਸ ਖ਼ੁਸ਼ੀ ਦੇ ਮੌਕੇ ਤੇ ਚੈਅਰਪਰਸ਼ਨ ਸੁਰਿੰਦਰ ਕੌਰ,ਚਰਨ ਸਿੰਘ,ਪਿਆਰਾ ਸਿੰਘ,ਕਮੇਟੀ ਮੇਬਰ ਸਤਨਾਮ ਸਿੰਘ,ਸਕੂਲ ਸਟਾਫ ਅਤੇ ਵਿਦਿਆਰਥੀ ਨੇ ਵਧਾਈ ਦਿੱਤੀ



# ਕਿਸਾਨਾਂ ਦੀ ਫ਼ਸਲ ਦਾ ਇੱਕ-ਇੱਕ ਦਾਣਾ ਖ਼ਰੀਦਿਆ ਜਾਵੇਗਾ : ਰਾਜੇਸ਼ ਧੀਮਾਨ

**ਨਵਾਂਸ਼ਹਿਰ (ਮਨੋਜ ਲਾਡੀ)-**ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਵਿਚ ਝੋਨੇ ਦੀ ਖ਼ਰੀਦ ਸੰਬੰਧੀ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਕਿਸਾਨਾਂ, ਆੜ੍ਹਤੀਆਂ, ਸ਼ੈਲਰ ਮਾਲਕਾਂ ਅਤੇ ਲੇਬਰ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਅੱਜ ਦਾਣਾ ਮੰਡੀ ਨਵਾਂਸ਼ਹਿਰ ਵਿਖੇ ਝੋਨੇ ਦੀ ਖ਼ਰੀਦ ਸ਼ੁਰੂ ਕਰਵਾਉਣ ਉਪਰੰਤ ਕਿਸਾਨਾਂ, ਆੜ੍ਹਤੀਆਂ ਤੇ ਅਧਿਕਾਰੀਆਂ ਨਾਲ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਹਲਕਾ ਇੰਚਾਰਜ ਨਵਾਂਸ਼ਹਿਰ ਲਲਿਤ ਮੋਹਨ ਪਾਠਕ (ਬੱਲੂ), ਮਾਰਕੀਟ ਕਮੇਟੀ ਨਵਾਂਸ਼ਹਿਰ ਦੇ ਚੇਅਰਮੈਨ ਗਗਨ ਅਗਨੀਹੋਤਰੀ ਵੀ ਉਨ੍ਹਾਂ ਦੇ ਨਾਲ ਸਨ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸਾਨਾਂ ਦੀ ਫ਼ਸਲ ਦਾ ਇੱਕ-ਇੱਕ ਦਾਣਾ ਖ਼ਰੀਦਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਝੋਨੇ ਦੀ ਖ਼ਰੀਦ , ਅਦਾਇਗੀ ਜਾਂ ਲਿਫਟਿੰਗ ਸੰਬੰਧੀ ਕਿਸੇ ਤਰ੍ਹਾਂ ਦੀ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਨਾਲ ਹੀ ਕਿਸਾਨ ਭਰਾਵਾਂ ਨੂੰ ਝੋਨੇ ਦੀ ਖ਼ਰੀਦ ਦੀ ਅਦਾਇਗੀ ਵੀ ਸਮੇਂ ਸਿਰ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ 30 ਖਰੀਦ ਕੇਂਦਰਾਂ ਵਿਚ ਛਾਂ, ਰੋਸ਼ਨੀ, ਪਾਣੀ, ਬਾਰਦਾਨੇ ਤੇ ਸਫ਼ਾਈ ਆਦਿ ਦੇਖ ਢੁਕਵੇਂ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਕਟਾਈ ਨਿਰਧਾਰਿਤ ਸਮੇਂ ਅਨੁਸਾਰ ਹੀ ਕੰਬਾਇਨ ਉਪਰ ਸੁਪਰ ਐਸ.ਐਮ.ਐਸ ਲਗਾ ਕੇ ਹੀ ਕਰਨ ਅਤੇ ਨਿਰਧਾਰਤ ਮਾਪਦੰਡਾਂ ਅਨੁਸਾਰ ਸੁੱਕਾ ਝੋਨਾ ਹੀ ਮੰਡੀਆਂ ਵਿਚ ਲੈ ਕੇ ਆਉਣ, ਤਾਂ ਜੋ ਉਨ੍ਹਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਤੇ ਹੋਰ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਸਗੋਂ ਇਸ ਨੂੰ ਆਧੁਨਿਕ ਤਕਨੀਕਾਂ/ਮਸ਼ੀਨਰੀ ਰਾਹੀਂ ਖੇਤਾਂ ਵਿਚ ਹੀ ਮਿਲਾਉਣ ਅਤੇ ਵਾਤਾਵਰਣ ਦੀ ਸੰਭਾਲ ਵਿਚ ਆਪਣਾ ਯੋਗਦਾਨ ਪਾਉਣ। ਇਸ ਦੌਰਾਨ ਉਨਾਂ ਆੜ੍ਹਤੀਆ ਯੂਨੀਅਨ ਦੇ ਅਹੁਦੇਦਾਰਾਂ ਨਾਲ ਮੀਟਿੰਗ ਵੀ ਕੀਤੀ। ਇਸ ਮੌਕੇ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਮਨਜਿੰਦਰ ਸਿੰਘ, ਜ਼ਿਲ੍ਹਾ ਮੰਡੀ ਅਫ਼ਸਰ ਰੁਪਿੰਦਰ ਮਿਨਹਾਸ, ਆੜ੍ਹਤੀਆ ਯੂਨੀਅਨ ਨਵਾਂਸ਼ਹਿਰ ਦੇ ਪ੍ਰਧਾਨ ਮਨਜਿੰਦਰ ਸਿੰਘ ਵਾਲੀਆ ਸਕੱਤਰ ਹਰਵਿੰਦਰ ਸਿੰਘ ਗੁਲਾਟੀ ਤੇ ਸੁਰਿੰਦਰ ਕੁਮਾਰ ਤੋਂ ਇਲਾਵਾ ਖਰੀਦ ਏਜੰਸੀਆਂ ਦੇ ਅਧਿਕਾਰੀ, ਆੜ੍ਹਤੀਏ ਅਤੇ ਕਿਸਾਨ ਵੱਡੀ ਗਿਣਤੀ ਵਿਚ ਹਾਜ਼ਰ ਸਨ।



# ਵਿਸ਼ਵ ਸਿੱਖ ਵਿੱਦਿਅਕ ਕਾਨਫਰੰਸ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-**ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੀ ਵਿਸ਼ਵ ਸਿੱਖ ਵਿਦਿਅਕ ਕਾਨਫਰੰਸ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ ਚੱਲ ਰਹੀਆਂ ਹਨ ਤੇ ਸਾਰੇ ਪ੍ਰਬੰਧਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਇਹ ਗੱਲ ਇਲਾਕੇ ਦੇ ਸਭ ਤੋਂ ਪੁਰਾਣੇ ਐਸ ਜੀ ਐਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ ਨੇ ਕਹੀ। ਵਿਸ਼ੇਸ਼ ਮੁਲਾਕਾਤ ਦੌਰਾਨ ਉਨ੍ਹਾਂ ਦੱਸਿਆ ਕਿ 21 ਤੋਂ 23 ਨਵੰਬਰ ਤੱਕ 68ਵੀਂ ਵਿਸ਼ਵ ਸਿੱਖ ਵਿੱਦਿਅਕ ਕਾਨਫਰੰਸ ਹੋਵੇਗੀ ਜੋ ਚੀਫ ਖਾਲਸਾ ਦੀਵਾਨ ਦੀ ਅਗਵਾਈ ਵਿਚ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 21 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਹੋਵੇਗੀ, ਇਸੇ ਦਿਨ ਹੀ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਤੋਂ ਵਿਸ਼ਾਲ ਨਗਰ ਕੀਰਤਨ ਦੀ ਅਰੰਭਤਾ ਵੀ ਹੋਵੇਗੀ ਜਿਸ ਨੂੰ ਤਖਤ ਸਾਹਿਬਾਨ ਦੇ ਜਥੇਦਾਰ, ਪ੍ਰਧਾਨ ਸ਼੍ਰੋਮਣੀ ਕਮੇਟੀ, ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਅਤੇ ਸਮੁੱਚੀ ਮੈਨੇਜਮੈਂਟ ਰਵਾਨਾ ਕਰੇਗੀ। ਸ਼ਹਿਰ ਦੇ ਬਜ਼ਾਰਾਂ ਚੋਂ ਹੁੰਦਾ ਹੋਇਆ ਇਹ ਵਿਸ਼ਾਲ ਨਗਰ ਕੀਰਤਨ ਖਾਲਸਾ ਸਕੂਲ ਵਿਖੇ ਸਮਾਪਤ ਹੋਵੇਗਾ ਉਪਰੰਤ ਵੱਖ ਵੱਖ ਵਿਸ਼ਿਆਂ ਉਪਰ ਸੈਮੀਨਾਰ ਕਰਵਾਏ ਜਾਣਗੇ। ਪ੍ਰਿੰ. ਵਾਲੀਆ ਨੇ ਦੱਸਿਆ ਕਿ ਇਸ ਸਬੰਧੀ ਪਿੰਡ ਪਿੰਡ ਤੇ ਘਰ-ਘਰ ਜਾ ਕੇ ਲੋਕਾਂ ਨੂੰ ਦੱਸਿਆ ਜਾ ਰਿਹਾ ਹੈ। ਇਨ੍ਹਾਂ ਤਿਆਰੀਆਂ ਮੌਕੇ ਉਨ੍ਹਾਂ ਨਾਲ ਰਣਜੀਤ ਸਿੰਘ, ਹਰਮਨਪ੍ਰੀਤ ਸਿੰਘ , ਸ਼ਿਵਾਨੀ , ਅਨੂਬਾਲਾ, ਜਸਪ੍ਰੀਤ ਸਿੰਘ, ਕੰਚਨ ਸ਼ਰਮਾ, ਰਵਿੰਦਰ ਕੌਰ, ਮਨਦੀਪ ਕੌਰ, ਸੁਰਜੀਤ ਕੌਰ, ਅਨੁਰਾਧਾ , ਵਨੀਤਾ ਸ਼ਰਮਾ, ਨੀਰਜਾ ਸੈਣੀ, ਪ੍ਰਭਜੋਤ ਕੌਰ, ਦਰਸ਼ਨ ਕੌਰ, ਹਰਪ੍ਰੀਤ ਕੌਰ, ਹਰਸ਼ਦੀਪ ਕੌਰ , ਬਲਜੀਤ ਕੌਰ, ਜਸਵੰਤ ਸਿੰਘ, ਫੋਰਮੈਨ ਮਹਿੰਦਰ ਸਿੰਘ , ਹਰਜੀਤ ਸਿੰਘ, ਰੇਸ਼ਮ ਸਿੰਘ ਹਰਸ਼ਰਨ ਸਿੰਘ ਆਦਿ ਹਾਜ਼ਰ ਸਨ।

# ਸਰਪੰਚਾਂ ਲਈ 746 ਤੇ ਪੰਚਾਂ ਲਈ 2144 ਉਮੀਦਵਾਰ ਚੋਣ ਮੈਦਾਨ 'ਚ

**ਨਵਾਂਸ਼ਹਿਰ, (ਮਨੋਜ ਲਾਡੀ)-**ਪੰਚਾਇਤੀ ਚੋਣਾਂ ਸਬੰਧੀ ਜ਼ਿਲ੍ਹੇ ਵਿਚ 466 ਪੰਚਾਇਤਾਂ ਬਾਬਤ ਸਰਪੰਚਾਂ ਸਬੰਧੀ 651 ਤੇ ਪੰਚਾਂ ਸਬੰਧੀ 993 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 746 ਤੇ ਪੰਚਾਂ ਲਈ 2144 ਉਮੀਦਵਾਰ ਚੋਣ ਮੈਦਾਨ ਵਿਚ ਹਨ। ਸਰਪੰਚਾਂ ਲਈ 150 ਤੇ ਪੰਚਾਂ ਸਬੰਧੀ 1762 ਉਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ।ਇਹ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦੱਸਿਆ ਕਿ ਬਲਾਕ ਬੰਗਾ ਵਿਚ 88, ਨਵਾਂਸ਼ਹਿਰ ਵਿਚ 101, ਬਲਾਚੌਰ ਵਿਚ 131, ਔੜ ਵਿਚ 75 ਅਤੇ ਸੜੋਆ ਵਿਚ 71 ਗ੍ਰਾਮ ਪੰਚਾਇਤਾਂ ਹਨ।ਉਨ੍ਹਾਂ ਦੱਸਿਆ ਕਿ ਬਲਾਕ ਬੰਗਾ ਵਿਚ ਸਰਪੰਚਾਂ ਸਬੰਧੀ 88 ਤੇ ਪੰਚਾਂ ਸਬੰਧੀ 150 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 184 ਤੇ ਪੰਚਾਂ ਲਈ 642 ਉਮੀਦਵਾਰ ਚੋਣ ਮੈਦਾਨ ਵਿਚ ਹਨ। ਇਥੇ ਸਰਪੰਚਾਂ ਲਈ 14 ਤੇ ਪੰਚਾਂ ਸਬੰਧੀ 271 ਉਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ।ਨਵਾਂਸ਼ਹਿਰ ਵਿਚ ਸਰਪੰਚਾਂ ਸਬੰਧੀ 122 ਤੇ ਪੰਚਾਂ ਸਬੰਧੀ 296 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 164 ਤੇ ਪੰਚਾਂ ਲਈ 609 ਉਮੀਦਵਾਰ ਚੋਣ ਮੈਦਾਨ ਵਿਚ ਹਨ। ਇਥੇ ਸਰਪੰਚਾਂ ਲਈ 32 ਤੇ ਪੰਚਾਂ ਸਬੰਧੀ 337 ਉਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ।ਬਲਾਕ ਬਲਾਚੌਰ ਵਿਚ ਸਰਪੰਚਾਂ ਸਬੰਧੀ 228 ਤੇ ਪੰਚਾਂ ਸਬੰਧੀ 240 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 170 ਤੇ ਪੰਚਾਂ ਲਈ 334 ਉਮੀਦਵਾਰ ਚੋਣ ਮੈਦਾਨ ਵਿਚ ਹਨ। ਇਥੇ ਸਰਪੰਚਾਂ ਲਈ 58 ਤੇ ਪੰਚਾਂ ਸਬੰਧੀ 558 ਉਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ।ਬਲਾਕ ਔੜ ਵਿਚ ਸਰਪੰਚਾਂ ਸਬੰਧੀ 117 ਤੇ ਪੰਚਾਂ ਸਬੰਧੀ 154 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 136 ਤੇ ਪੰਚਾਂ ਲਈ 377 ਉਮੀਦਵਾਰ ਚੋਣ ਮੈਦਾਨ ਵਿਚ ਹਨ। ਇਥੇ ਸਰਪੰਚਾਂ ਲਈ 16 ਤੇ ਪੰਚਾਂ ਸਬੰਧੀ 274 ਉਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ।ਬਲਾਕ ਸੜੋਆ ਵਿਚ ਸਰਪੰਚਾਂ ਸਬੰਧੀ 96 ਤੇ ਪੰਚਾਂ ਸਬੰਧੀ 153 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 92 ਤੇ ਪੰਚਾਂ ਲਈ 182 ਉਮੀਦਵਾਰ ਚੋਣ ਮੈਦਾਨ ਵਿਚ ਹਨ। ਇਥੇ ਸਰਪੰਚਾਂ ਲਈ 30 ਤੇ ਪੰਚਾਂ ਸਬੰਧੀ 322 ਉਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ।

# ਸ਼ਾਹਕੋਟ ਦੀਆਂ ਮੰਡੀਆਂ 'ਚ ਝੋਨੇ ਦੀ ਖਰੀਦ ਸ਼ੁਰੂ



**ਸ਼ਾਹਕੋਟ (ਗਿਆਨ ਸੈਦਪੁਰੀ)-** ਸਥਾਨਕ ਅਨਾਜ ਮੰਡੀ ਵਿੱਚ ਮੰਗਲਵਾਰ ਨੂੰ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਹੋ ਗਈ। ਇਹ ਖਰੀਦ ਐਸ. ਡੀ. ਐਮ. ਸ਼ਾਹਕੋਟ ਮੈਡਮ ਸ਼ੁਭੀ ਆਂਗਰਾ ਨੇ ਕਰਵਾਈ। ਪਹਿਲੀ ਢੇਰੀ ਰਿਤਿਸ਼ ਟਰੇਡਿੰਗ ਕੰਪਨੀ ਦੀ ਆੜ੍ਹਤ 'ਤੇ ਵਿਕੀ। ਇਹ ਢੇਰੀ ਪਨਸਪ ਨੇ ਖਰੀਦੀ।ਇਸ ਮੌਕੇ ਮਾਰਕਿਟ ਕਮੇਟੀ ਸ਼ਾਹਕੋਟ ਦੇ ਸਕੱਤਰ ਤਜਿੰਦਰ ਕੁਮਾਰ, ਪਨਸਪ ਦੇ ਇੰਸਪੈਕਟਰ ਬਲਕਾਰ ਸਿੰਘ, ਮੰਡੀ ਕਮੇਟੀ ਦੇ ਪ੍ਰਧਾਨ ਪਵਨ ਕੁਮਾਰ ਅੱਗਰਵਾਲ, ਸਾਬਕਾ ਪ੍ਰਧਾਨ ਕਪਿਲ ਕੁਮਾਰ ਗੁਪਤਾ, ਮਾਰਕਿਟ ਕਮੇਟੀ ਦੇ ਸਾਬਕਾ ਉੱਪ ਚੇਅਰਮੈਨ ਯਸ਼ਪਾਲ ਗੁਪਤਾ, ਮੰਡੀ ਸੁਪਰਵਾਈਜ਼ਰ ਸ਼ਾਮ ਲਾਲ, ਮੰਡੀ ਸੁਪਰਵਾਈਜ਼ਰ ਅਮਨਦੀਪ ਸਿੰਘ ਟੁਰਨਾ, ਆਕਸ਼ਨ ਰਿਕਾਡਰ ਗੋਬਿੰਦ, ਆੜ੍ਹਤੀ ਗੁਰਨਾਮ ਸਿੰਘ ਚੱਠਾ, ਅਨਿਲ ਕੁਮਾਰ ਅੱਗਰਵਾਲ, ਸੰਜੇ ਅੱਗਰਵਾਲ, ਕ੍ਰਿਸ਼ਨ ਕੁਮਾਰ ਗਾਬਾ, ਸੰਜੀਵ ਅੱਗਰਵਾਲ, ਮਨਜੀਤ ਸਿੰਘ, ਜੀਵਨ ਉੱਪਲ, ਲੱਕੀ ਅਰੋੜਾ, ਦਵਾਕਰ ਗੁਪਤਾ, ਤਰਸੇਮ ਲਸੂੜੀ ਆਦਿ ਮੌਜੂਦ ਸਨ।

ਇਸੇ ਦੌਰਾਨ ਮਾਰਕਿਟ ਕਮੇਟੀ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪਰਜੀਆਂ ਕਲਾਂ, ਲਸੂੜੀ, ਕੋਹਾੜ ਕਲਾਂ, ਮਲਸੀਆਂ, ਸੋਹਲ ਜਗੀਰ, ਪੂਨੀਆ ਆਦਿ ਖਰੀਦ ਕੇਂਦਰਾਂ ਵਿੱਚ ਵੀ ਝੋਨੇ ਦੀ ਖਰੀਦ ਸ਼ੁਰੂ ਹੋ ਗਈ ਹੈ।

# ਸਰਬ-ਸੰਮਤੀ ਨਾਲ ਚੋਣ ਹੋਈ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)-**ਪਿੰਡ ਚੜ੍ਹਮਜਾਰਾ ਬਲਾਕ ਨਵਾਂਸ਼ਹਿਰ ਦੇ ਪਿੰਡ ਵਿੱਚ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡ ਵਾਸੀਆਂ ਅਤੇ ਗ੍ਰਾਮ ਪੰਚਾਇਤ ਦੀ ਚੋਣ ਸਰਬ ਸੰਮਤੀ ਨਾਲ ਹੋਈ । ਜਿਸ ਵਿੱਚ ਸਤੀਸ਼ ਕੁਮਾਰ ਸਰਪੰਚ, ਆਸ਼ਾ ਰਾਣੀ ਪੰਚ, ਜਰਨੈਲ ਚੰਦ ਪੰਚ, ਗੁਰਪ੍ਰੀਤ ਸਿੰਘ ਪੰਚ, ਮੰਗਲ ਸਿੰਘ ਪੰਚ, ਸੁਰਿੰਦਰ ਕੌਰ ਸਾਰੇ ਮੈਂਬਰ ਪੰਚਾਇਤ ਚੁਣੇ ਗਏ। ਪਿੰਡ ਦੇ ਪਤਵੰਤਿਆਂ ਵੱਲੋਂ ਸਿਰੋਪਾ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਸਰਬ ਸੰਮਤੀ ਨਾਲ ਸੰਯੁਕਤ ਪੰਚਾਇਤ ਅਤੇ ਪੰਚਾਇਤ ਮੈਂਬਰਾਂ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਹ ਪਿੰਡ ਦੇ ਵਿਕਾਸ ਦਾ ਕੰਮ ਬਿਨਾਂ ਕਿਸੇ ਭੇਦਭਾਵ ਤੋਂ ਕਰਨਗੇ। ਪਿੰਡ ਵਿੱਚ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪੰਚਾਇਤ ਦੀ ਚੋਣ ਸਰਬ ਸੰਮਤੀ ਨਾਲ ਹੋਈ ।

# ਦਿਆਲਪੁਰ 'ਚ ਝੰਡੇ ਦੀ ਰਸਮ

**ਕਰਤਾਤਪੁਰ (ਹਰਮੇਸ਼ ਦੱਤ)-** ਪਿੰਡ ਦਿਆਲਪੁਰ ਜ਼ਿਲ੍ਹਾ ਜਲੰਧਰ ਵਿਖੇ ਦਸਹਿਰਾ ਕਮੇਟੀ ਰਜਿਸਟਰਡ



ਦੁਆਰਾ ਦੁਸਹਿਰਾ ਪਰਵ 12 ਅਕਤੂਬਰ ਨੂੰ ਦਿਆਲਪੁਰ ਦੇ ਖੇਡ ਸਟੇਡੀਅਮ ਵਿੱਚ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਸੰਬੰਧ ਵਿੱਚ ਪ੍ਰਧਾਨ ਲਵ ਕਮਾਰ ਜੋਸ਼ੀ ਦੀ ਯੋਗ ਅਗਵਾਈ ਵਿੱਚ ਸਟੇਡੀਅਮ ਵਿੱਚ ਝੰਡੇ ਦੀ ਰਸਮ ਕੀਤੀ ਗਈ। ਇਸ ਮੌਕੇ ਪ੍ਰਧਾਨ ਲਵ ਕਮਾਰ, ਅਸ਼ੋਕ ਸੇਠ ਲੱਕੀ, ਅਸ਼ਵਨੀ ਸੇਠ, ਟੀਟੂ ਸੇਠ, ਟੋਨੀ ਸੇਠ, ਬਿੱਟੂ ਸੇਠ, ਸ਼ਿਵਮ, ਰੇਸ਼ਵ ਸੇਠ, ਅਮਿਤ ਸੇਠ, ਗੋਲੂ, ਸਜੀਵ ਕਮਾਰ ਵਿੱਕੀ, ਸ਼ਿਵ ਕਮਾਰ ਸੇਠ, ਵਿਪਨ ਜੋਸ਼ੀ, ਰਾਜੇਸ਼ ਸੇਠ, ਬਿੱਲਾ ਸੇਠ, ਬਿੱਟੂ ਜੋਸ਼ੀ, ਅਸ਼ੋਕ ਸੇਠ, ਕਿਰਨ ਕਮਾਰ, ਅਭਿਸ਼ੇਕ ਜੋਸ਼ੀ, ਮੰਦਿਰ ਪੰਡਿਤ ਅਨਮੋਲ ਸ਼ਾਹ ਅਤੇ ਪਿੰਡ ਵਾਸੀ ਹਾਜ਼ਰ ਸਨ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਅੱਜ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ ( ਗੁਰਜੀਤ ਬਿੱਲਾ )** -ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੋਜ਼ਗਾਰ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਐਸ.ਏ.ਐਸ ਨਗਰ ਵੱਲੋਂ 9 ਅਕਤੂਬਰ ਦਿਨ ਬੁੱਧਵਾਰ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਜ਼ਿਲ੍ਹਾ ਰੋਜ਼ਗਾਰ ਦਫ਼ਤਰ, ਕਮਰਾ ਨੰ: 461, ਤੀਜੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮੋਹਾਲੀ ਵਿਖੇ ਕੀਤਾ ਜਾ ਰਿਹਾ ਹੈ, ਜਿਸ ਦਾ ਸਮਾਂ ਸਵੇਰੇ 10:00 ਵਜੇ ਤੋਂ ਸਾਮ 2 ਵਜੇ ਤੱਕ ਹੋਵੇਗਾ। ਡੀ.ਬੀ.ਈ.ਈ. ਐਸ.ਏ.ਐਸ ਨਗਰ ਦੇ ਡਿਪਟੀ ਡਾਇਰੈਕਟਰ ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਲਗਾਤਾਰ ਕੀਤਾ ਜਾ ਰਿਹਾ ਹੈ, ਜਿਸ ਦੀ ਲੜੀ ਵਿੱਚ ਮਿਤੀ 09-10-2024 (ਬੁੱਧਵਾਰ) ਨੂੰ ਪਲੇਸਮੈਂਟ ਕੈਂਪ ਆਯੋਜਨ ਕੀਤਾ ਜਾਣਾ ਹੈ। ਉਹਨਾਂ ਅੱਗੇ ਦੱਸਿਆ ਕਿ ਇਸ ਕੈਂਪ ਵਿੱਚ ਸਕਿਊਰਟੀ ਗਾਰਡ ਦੀ ਭਰਤੀ ਕੀਤੀ ਜਾਵੇਗੀ। ਭਰਤੀ ਕੀਤੇ ਗਏ ਪ੍ਰਾਰਥੀਆਂ ਦੀ ਤਨਖਾਹ 17000 ਤੋਂ 19000 ਹੋਵੇਗੀ ਅਤੇ ਕੰਮ ਕਰਨ ਦਾ ਸਥਾਨ ਜ਼ਿਲ੍ਹਾ ਮੋਹਾਲੀ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਸਿਰਫ ਲੜਕੇ ਭਾਗ ਲੈ ਸਕਦੇ ਹਨ, ਜਿਨ੍ਹਾਂ ਦਾ ਕੱਦ 168 ਸੈਂਟੀਮੀਟਰ ਹੋਵੇ ਅਤੇ ਵਜ਼ਨ 54 ਤੋਂ 95 ਕਿਲੋ ਤੱਕ ਹੋਵੇ। ਪ੍ਰਾਰਥੀਆਂ ਦੀ ਉਮਰ 19 ਤੋਂ 40 ਸਾਲ ਹੋਵੇ ਅਤੇ ਘੱਟ ਤੋ ਘੱਟ ਯੋਗਤਾ ਦਸਵੀ, ਬਾਰਵੀ ਪਾਸ ਕੀਤੀ ਹੋਵੇ, ਭਾਗ ਲੈ ਸਕਦੇ ਹਨ। ਉਨ੍ਹਾਂ ਉਮੀਦਵਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮੌਕੇ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ। ਪ੍ਰਾਰਥੀ ਆਪਣਾ ਆਧਾਰ ਕਾਰਡ ਅਤੇ ਪੈਨਕਾਰਡ, ਬਾਇਓ ਡਾਟਾ ਨਾਲ ਲਿਆਉਣ। ਇਸ ਤੋ ਇਲਾਵਾ ਪ੍ਰਾਰਥੀ ਆਪਣੀ ਫਾਰਮਲ ਡਰੈਸ ਵਿੱਚ ਆਉਣ ਦੀ ਖੇਚਲ ਕਰਨ।

## ਜਨਮ ਦਿਨ ਮੁਬਾਰਕ



ਕਰਨਜੋਤ (ਮਲੋਟ)

## ਵਰ੍ਹੇਗੰਢ ਮੁਬਾਰਕ



ਫਗਵਾੜਾ (ਸੰਤੋਖਪੁਰਾ) ਦੇ ਮਹਿੰਦਰ ਪਾਲ ਤੇ ਮਹਿੰਦਰ ਕੌਰ ਨੂੰ ਵਿਆਹ ਦੀ 52ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।

# ਜ਼ਿਲ੍ਹੇ 'ਚ ਝੋਨੇ ਦੀ ਖ਼ਰੀਦ ਸ਼ੁਰੂ, ਕਿਸਾਨਾਂ ਲਈ ਸਹੂਲਤਾਂ ਨੂੰ ਬਣਾਇਆ ਯਕੀਨੀ : ਡਿਪਟੀ ਕਮਿਸ਼ਨਰ



**ਹੁਸ਼ਿਆਰਪੁਰ (ਓ ਪੀ ਰਾਣਾ )-**ਜ਼ਿਲ੍ਹੇ ਦੀਆਂ 13 ਤੋਂ ਵੱਧ ਮੰਡੀਆਂ ਵਿੱਚ ਅੱਜ ਤੋਂ ਝੋਨੇ ਦੀ ਖ਼ਰੀਦ ਪ੍ਰਕਿਰਿਆ ਨਾਲ ਸ਼ੁਰੂ ਹੋ ਗਈ ਹੈ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਅੱਜ ਹੁਸ਼ਿਆਰਪੁਰ ਦੀ ਦਾਣਾ ਮੰਡੀ ਵਿੱਚ ਝੋਨੇ ਦੀ ਖ਼ਰੀਦ ਦੀ ਪ੍ਰਕਿਰਿਆ ਦਾ ਸ਼ੁੱਭ ਆਰੰਭ ਕੀਤਾ ਅਤੇ ਸਾਰੀਆਂ ਸਹੂਲਤਾਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੱਜ ਜ਼ਿਲ੍ਹੇ ਦੀਆਂ ਕੁੱਲ 65 ਮੰਡੀਆਂ ਵਿੱਚੋਂ ਹੁਸ਼ਿਆਰਪੁਰ, ਨਸਰਾਲਾ, ਫੁਗਲਾਨਾ, ਮਾਹਿਲਪੁਰ, ਪੱਦੀ ਸੂਰਾਂ ਸਿੰਘ, ਭੰਗਾਲਾ, ਹਰਸਾ ਮਾਨਸਰ, ਕੌਲਪੁਰ, ਮੁਕੇਰੀਆਂ, ਪੰਡੋਰੀ, ਦਸੂਹਾ, ਨੌਸ਼ਹਿਰਾ, ਪੰਜਧੇਰ ਕਲਾਂ ਅਤੇ ਹੋਰ ਮਹੱਤਵਪੂਰਨ ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਸਹੂਲਤ ਲਈ ਮੰਡੀਆਂ ਵਿੱਚ ਪੀਣ ਵਾਲੇ ਪਾਣੀ, ਛਾਂ ਅਤੇ ਹੋਰ ਜ਼ਰੂਰੀ ਸਹੂਲਤਾਂ ਨੂੰ ਯਕੀਨੀ ਬਣਾਇਆ ਗਿਆ ਹੈ। ਮੰਡੀਆਂ ਵਿੱਚ ਖ਼ਰੀਦ ਪ੍ਰਬੰਧ ਦੇ ਇਲਾਵਾ ਡਿਪਟੀ ਕਮਿਸ਼ਨਰ ਨੇ ਇਹ ਵੀ ਯਕੀਨੀ ਬਣਾਇਆ ਹੈ ਕਿ ਸਾਰੀਆਂ ਸਹੂਲਤਾਂ ਸਮੇਂ ਸਿਰ ਅਤੇ ਸੁਚਾਰੂ ਢੰਗ ਨਾਲ ਚੱਲਦੀਆਂ ਰਹਿਣ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਨਿਰਧਾਰਿਤ ਨਮੀ ਵਾਲਾ ਝੋਨਾ ਹੀ ਮੰਡੀਆਂ ਵਿੱਚ ਲੈ ਕੇ ਆਉਣ ਅਤੇ ਕੰਬਾਇਨ ਨਾਲ ਵਾਢੀ ਛਦਾ ਕੰਮ ਨਿਸਚਿਤ ਸਮੇਂ ਦੇ ਅੰਦਰ ਹੀ ਪੂਰਾ ਕਰਨ। ਉਨ੍ਹਾਂ ਦੱਸਿਆ ਕਿ ਰਾਤ 7:00 ਵਜੇ ਤੋਂ ਸਵੇਰੇ 10:00 ਵਜੇ ਤੱਕ ਕੰਬਾਇਨ ਮਸ਼ੀਨਾਂ ਨਾਲ ਕਟਾਈ 'ਤੇ ਪੂਰਨ ਤੌਰ 'ਤੇ ਰੋਕ ਲਗਾਈ ਗਈ ਹੈ।

# ਲਾਇਲਪੁਰ ਖ਼ਾਲਸਾ ਕਾਲਜ ਦੇ ਵਿਦਿਆਰਥੀ ਨੇ ਰਾਜ ਪੱਧਰੀ ਰੈੱਡ ਰਨ ਮੈਰਾਥਨ ਜਿੱਤੀ

**ਜਲੰਧ (ਸ਼ੈਲੀ ਐਲਬਰਟ)-** ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਆਪਣੇ ਵਿਦਿਆਰਥੀਆਂ ਨੂੰ ਅਕਾਦਮਿਕ, ਸਹਿ-ਪਾਠਕ੍ਰਮ ਅਤੇ ਖੇਡਾਂ ਦੇ ਖੇਤਰ ਵਿੱਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਉੱਤਮਤਾ ਹਾਸਲ ਕਰਨ ਲਈ ਭਰਪੂਰ ਮੌਕੇ ਪ੍ਰਦਾਨ ਕਰਦਾ ਹੈ। ਹਾਲ ਹੀ ਵਿੱਚ, ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਅਤੇ ਯੁਵਕ ਸੇਵਾਵਾਂ ਡਾਇਰੈਕਟੋਰੇਟ, ਪੰਜਾਬ ਸਰਕਾਰ ਵੱਲੋਂ ਲੁਧਿਆਣਾ ਵਿਖੇ 5 ਕਿਲੋਮੀਟਰ ਦੀ ਰਾਜ ਪੱਧਰੀ ਰੈੱਡ ਰਨ ਮੈਰਾਥਨ ਦਾ ਆਯੋਜਨ ਕੀਤਾ ਗਿਆ। ਜਿਸ ਨੂੰ ਐਲ.ਕੇ.ਸੀ. ਰੈੱਡ ਰਿਬਨ ਕਲੱਬ ਦੇ ਮੈਂਬਰ ਵਿਦਿਆਰਥੀ ਸ਼ਮਸ਼ੇਰ ਸਿੰਘ (ਬੀ.ਏ. ਸਮੈਸਟਰ ਪੰਜਾਵਾਂ) ਨੇ ਜਿੱਤਿਆ । ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਜੇਤੂ ਵਿਦਿਆਰਥੀ ਨੂੰ ਸਨਮਾਨਿਤ ਕੀਤਾ ਅਤੇ ਆਪਣੇ ਵਧਾਈ ਸੰਦੇਸ਼ ਵਿਚ ਅਗਲੇ ਪੱਧਰ ਤੇ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਐੱਚ.ਆਈ.ਵੀ./ਏਡਜ਼ ਵਰਗੇ ਘਾਤਕ ਵਾਇਰਸਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਇਹ ਮੈਗਾ ਈਵੈਂਟ ਬਹੁਤ ਮਹੱਤਵਪੂਰਨ ਹਨ। ਕਾਲਜ ਦੇ ਰੈੱਡ ਰਿਬਨ ਕਲੱਬ ਦੇ ਕੋਆਰਡੀਨੇਟਰ ਪ੍ਰੋ. ਸਤਪਾਲ ਸਿੰਘ ਨੇ ਦੱਸਿਆ ਕਿ ਸ਼ਮਸ਼ੇਰ ਨੇ ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਦੋਵਾਂ ਪੱਧਰਾਂ 'ਤੇ ਨਕਦ ਇਨਾਮ ਜਿੱਤੇ ।ਅੱਗੇ, ਉਹ ਰਾਸ਼ਟਰੀ ਪੱਧਰ 'ਤੇ ਮੁਕਾਬਲੇ ਵਿਚ ਭਾਗ ਲਵੇਗਾ। ਰਾਜ ਪੱਧਰੀ ਮੁਕਾਬਲੇ ਵਿੱਚ ਪੰਜਾਬ ਦੇ 200 ਤੋਂ ਵੱਧ ਐਥਲੀਟਾਂ ਨੇ ਭਾਗ ਲਿਆ । ਇਸ ਤੋਂ ਇਲਾਵਾ ਕਾਲਜ ਦੀ ਵਿਦਿਆਰਥਣ ਆਂਚਲ ਨੇ ਲੜਕੀਆਂ ਦੇ ਵਰਗ ਵਿੱਚ ਰਾਜ ਪੱਧਰੀ ਮੈਰਾਥਨ ਵਿੱਚ 7ਵਾਂ ਸਥਾਨ ਹਾਸਲ ਕੀਤਾ। ਭਾਗੀਦਾਰਾਂ ਨੇ ਇਸ ਸ਼ਾਨਦਾਰ ਮੌਕੇ ਲਈ ਗਵਰਨਿੰਗ ਕੌਂਸਲ, ਪ੍ਰਿੰਸੀਪਲ ਅਤੇ ਰੈੱਡ ਰਿਬਨ ਕਲੱਬ ਦਾ ਧੰਨਵਾਦ ਕੀਤਾ।

